ਮਈ 2025

# ਗੁਰਮਤਿ ਵਿਰਸਾ

## GURMAT VIRSA गुरमति विरसा

Year-6, Issue-10, May 2025, Ludhiana gurmatvirsa@gmail.com Multilingual Price 25/-



## ਆਓ ਖ਼ਾਲਸਾ ਜੀਓ!

## ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਉਸਾਰੀਏ



## ਛੋਟਾ ਘੱਲੂਘਾਰਾ

## ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸਤਾ ਤੇ ਪੰਥਕ ਪ੍ਰਬੰਧ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਅੱਪਰਾ ਦੇ ਪਿੰਡ ਥਲਾ ਵਿਖੇ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾ ਰਹੀ ਹੈ।



ਕੇਂਦਰ ਮਾਲੂਵਾਲ ਦੇ ਪਿੰਡ ਛਿਛਰੇਵਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ





ਕੇਂਦਰ ਚੱਕ ਕਲਾਂ ਗੁਰਮਤਿ ਕਲਾਸ ਲਗਾਉਣ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ ਅਤੇ ਪਿੰਡ ਭੰਡਾਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।





ਕੇਂਦਰ ਲਤਾਲਾ ਵਲੋਂ ਰਾਏਕੋਟ ਵਿਖੇ ਵੈਸਾਖੀ ਮੌਕੇ ਦਸਤਾਰ ਮੁਕਾਬਲਾ ਕਰਵਾਇਆ ਗਿਆ ਅਤੇ ਪਿੰਡ ਰਾਜਗੜ੍ਹ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਨਾਰੰਗਵਾਲ ਵਲੋਂ ਅਹਿਮਦਗੜ੍ਹ ਦੇ ਖਾਲਸਾ ਸਕੂਲ ਵਿਖੇ ਭਾਈ ਅਮਰਪ੍ਰੀਤ ਸਿੰਘ ਵਲੋਂ ਲਗਾਈ ਗਈ ਗੁਰਮਤਿ ਕਲਾਸ



ਕੇਂਦਰ ਨਾਰੰਗਵਾਲ ਵਲੋਂ ਸਰਕਾਰੀ ਹਾਈ ਸਕੂਲ ਗੁੱਜਰਵਾਲ ਵਿਖੇ ਲਗਾਈ ਗਈ ਗੁਰਮਤਿ ਕਲਾਸ



ਕੇਂਦਰ ਨਾਰੰਗਵਾਲ ਵਲੋਂ ਗੁਰੂ ਹਰਿਗੋਬਿੰਦ ਸਾਹਿਬ ਸ.ਹ.ਸ ਸਕੂਲ, ਰਕਬਾ ਵਿਖੇ ਲਗਾਈ ਗਈ ਗੁਰਮਤਿ ਕਲਾਸ

# ਗੁਰਮਤਿ ਵਿਰਸਾ

ਮਈ 2025 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਵਿਸਾਖ-ਜੇਠ ਮਹੀਨੇ ਦੇ ਖਾਸ ਦਿਹਾੜੇ

- ਪ੍ਰਕਾਸ਼ ਸ੍ਰੀ ਗੁਰੂ ਅਰਜਨ ਸਾਹਿਬ ਜੀ : 19 ਵਿਸਾਖ (02 ਮਈ)
- ਛੋਟਾ ਘੱਲੂਘਾਰਾ : 3 ਜੇਠ (17 ਮਈ)
- ਪ੍ਰਕਾਸ਼ ਸ੍ਰੀ ਗੁਰੂ ਅਮਰਦਾਸ ਜੀ : 9 ਜੇਠ (23 ਮਈ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**

**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 6 |
| ਸ਼ਬਦ ਵਿਚਾਰ | 7 |
| ਸਤਿਗੁਰੂ ਅਰਜਨ ਸਾਹਿਬ ਜੀ ਦੇ ਪਰਉਪਕਾਰ | 8 |
| ਸਿੱਖੀ ਸਿਰੜ ਦਾ ਪ੍ਰਤੀਕ ਛੋਟਾ ਘੱਲੂਘਾਰਾ | 12 |
| ਆਓ ਖ਼ਾਲਸਾ ਜੀਓ! ਅਕਾਲ ਤਖਤ ਸਾਹਿਬ ਦਾ ਪ੍ਰਬੰਧ ਉਸਾਰੀਏ | 14 |
| ਸ੍ਰੀ ਅਕਾਲ ਤਖਤ ਸਾਹਿਬ ਦੀ ਪ੍ਰਭੂਸੱਤਾ ਤੇ ਪੰਥਕ ਪ੍ਰਬੰਧ | 16 |
| ਪੰਜ ਪਿਆਰੇ | 20 |
| ਗੁਰਸਿੱਖ ਨਵੀਂ ਪੀੜ੍ਹੀ ਲਈ ਵਿਆਹ ਬਾਰੇ ਕੁਝ ਸੁਝਾਅ | 21 |
| ਕਿਉਂ ਖਾਲੀ ਹੋ ਰਿਹਾ ਪੰਜਾਬ? | 22 |
| ਨੰਨੇ ਵਾਰਸ | 23 |
| ਮੁਸੀਬਤ ਸਮੇਂ ਖਾਲਸਈ ਕਰਤੱਵ | 25 |
| ਕੀ ਬਣੂੰ ਸਿੱਖ ਕੌਮ ਦਾ ਸੱਚੇ ਪਾਤਿਸ਼ਾਹ ਵਾਹਿਗੁਰੂ ਜਾਣੇ | 29 |
| ਕਿਰਤ ਕਰਨੀ | 30 |
| ਕਾਵਿ ਕਿਆਰੀ | 32 |
| **ਭਗਤ ਸ਼ੇਖ ਫਰੀਦ ਜੀ** | **33** |
| Martyrdom of Guru Arjan Sahib Ji | 35 |
| ਸਾਡੀ ਖੇਤੀ | 37 |
| ਸਿਹਤ ਸੰਭਾਲ | 38 |
| ਗੁਰਮਤਿ ਸੰਜੋਗ | 40 |
| ਮਾਰਚ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ

- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਸਿੱਖਾਂ ਦਾ ਦੁਖਦਾਈ ਪਹਿਲੂ



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਪੜ੍ਹਾਈ ਦੇ ਖੇਤਰ ਵਿਚ ਜਦੋਂ ਕੋਈ ਸੰਸਥਾ ਖੁਲ੍ਹਦੀ ਹੈ ਤਾਂ ਉਹ ਪਹਿਲਾਂ ਪਹਿਲ ਨਿੱਜੀ ਟਰੱਸਟ ਦੇ ਅਧੀਨ ਹੀ ਖੁਲ੍ਹਦੀ ਹੈ। ਕਈਆਂ ਨੇ ਆਪਣੇ ਹੀ ਕੁਨਬੇ ਦਾ ਟਰੱਸਟ ਬਣਾਇਆ ਹੁੰਦਾ ਹੈ। ਜਦੋਂ ਦੇਖਿਆ ਜਾਂਦਾ ਹੈ ਕਿ ਇਸ ਵਿਚ ਵਿਦਿਆਰਥੀਆਂ ਦਾ ਹੋਰ ਵਾਧਾ ਕਿਸ ਤਰ੍ਹਾਂ ਕੀਤਾ ਜਾਏ ਜਾਂ ਸਰਾਕਰ ਕੋਲੋਂ ਸਹਾਇਤਾ ਕਿਦਾਂ ਲਈ ਜਾਏ ਤਾਂ ਉਹ ਫਿਰ ਕਾਨੂੰਨੀ ਪ੍ਰਕਿਰਿਆ ਸ਼ੁਰੂ ਕਰਦੇ ਹਨ। ਸਭ ਤੋਂ ਪਹਿਲਾਂ ਉਹ ਸਰਕਾਰ ਦੀਆਂ ਨਜ਼ਰਾਂ ਵਿਚ ਆਉਣ ਲਈ ਸਰਕਾਰ ਕੋਲੋਂ ਮਾਨਤਾ ਲੈਂਦੇ ਹਨ। ਦੂਜਾ ਵਿਦਿਆਰਥੀ ਵੀ ਚਾਹੁੰਦੇ ਹਨ ਕਿ ਸਾਨੂੰ ਸਰਕਾਰ ਵਲੋਂ ਮਾਨਤਾ ਮਿਲੀ ਹੋਈ ਹੋਵੇ ਤਾਂ ਹੀ ਏਥੇ ਪੜ੍ਹਨ ਦਾ ਫਾਇਦਾ ਹੈ।

ਸਰਕਾਰ ਕੋਲੋਂ ਮਾਨਤਾ ਲੈਣੀ ਜ਼ਰੂਰੀ ਸਮਝੀ ਜਾਂਦੀ ਹੈ। ਸਰਕਾਰ ਦੀ ਮਾਨਤਾ ਮਿਲਣ ਨਾਲ ਲੋਕ ਸਮਝਦੇ ਹਨ ਕਿ ਸਾਡੇ ਨਾਲ ਹੁਣ ਧੋਖਾ ਨਹੀਂ ਹੋ ਰਿਹਾ ਹੈ। ਏਹੀ ਕਾਰਨ ਹੈ ਕਿ ਕਿਸੇ ਨੇ ਦਵਾਈਆਂ ਵੇਚਣ ਦੀ ਦੁਕਾਨ ਖੋਹਲਣੀ ਹੈ ਜਾਂ ਕੋਈ ਹੋਰ ਕੰਮ ਕਰਨਾ ਹੈ ਤਾਂ ਸਭ ਤੋਂ ਪਹਿਲਾਂ ਸਰਕਾਰੀ ਕਾਗ਼ਜ਼ਾਂ ਵਿਚ ਦਰਜ ਕਰਾਉਣਾ ਪੈਂਦਾ ਹੈ। ਜੇ ਕਿਸੇ ਆਦਮੀ ਨੇ ਬਾਹਰਲੇ ਮੁਲਕ ਲਈ ਟਿਕਟ ਲੈਣੀ ਹੈ ਤਾਂ ਉਹ ਵੀ ਇਹ ਪਹਿਲਾਂ ਦੇਖਦਾ ਹੈ ਕਿ ਹਵਾਈ ਜਹਾਜ਼ ਦੀਆਂ ਟਿਕਟਾਂ ਵੇਚਣ ਵਾਲਾ ਸਰਕਾਰ ਵਲੋਂ ਮਾਨਤਾ ਪ੍ਰਾਪਤ ਹੈ। ਏਦਾਂ ਕਹੀਏ ਕਿ ਹਰ ਫਰਮ ਤਾਂ ਹੀ ਕਾਮਯਾਬ ਹੋ ਸਕਦੀ ਹੈ ਜੇ ਉਹ ਸਰਕਾਰ ਵਲੋਂ ਮਾਨਤਾ ਪ੍ਰਾਪਤ ਕਰ ਸਕੀ ਹੋਵੇ।

ਸਰਕਾਰੀ ਮਾਨਤਾ ਲੈਣ ਲਈ ਬਹੁਤ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਕਈ ਵਾਰੀ ਸ਼ਰਤਾਂ ਪੂਰੀਆਂ ਨਹੀਂ ਹੁੰਦੀਆਂ। ਸ਼ਰਤਾਂ ਪੂਰੀਆਂ ਕਰਨ ਲਈ ਜਾਂ ਫਾਈਲਾਂ ਦਾ ਢਿੱਡ ਭਰਨ ਲਈ ਕਈ ਪ੍ਰਕਾਰ ਦੇ ਕਾਗਜ਼ ਹੇਠਾਂ ਉੱਤੇ ਕਰਨੇ ਪੈਂਦੇ ਹਨ। ਰਿਸ਼ਵਤ ਖੋਰ ਅਫ਼ਸਰ ਅਧੂਰੀਆਂ ਫਾਈਲਾਂ ਨੂੰ ਕੁਝ ਲੈ ਦੇ ਕੇ ਪੂਰੀਆਂ ਕਰਕੇ ਮਾਨਤਾ ਦੇ ਦੇਂਦੇ ਹਨ। ਚੰਗੇ ਅਫਸਰ ਤਾਂ ਸਾਰੇ ਕਾਗਜ਼ਾਂ ਦੀ ਪੂਰੀ ਘੋਖ ਕਰਦੇ ਹਨ ਤੇ ਉਹ ਕਦੇ ਵੀ ਆਪਣੇ ਅਸੂਲ ਨਾਲ ਸਮਝੌਤਾ ਨਹੀਂ ਕਰਦੇ। ਅਧੂਰੀਆਂ ਸ਼ਰਤਾਂ ਵਾਲੀਆਂ ਫਾਈਲਾਂ ਨੂੰ ਉਹ ਪਾਸ ਨਹੀਂ ਕਰਦੇ। ਸਰਕਾਰੀ ਮਾਨਤਾ ਤੋਂ ਬਿਨਾਂ ਕੰਪਨੀਆਂ, ਫਰਮਾਂ, ਵਿਦਿਆਕ ਅਦਾਰੇ ਅਤੇ ਹੋਰ ਇਸ ਤਰ੍ਹਾਂ ਦੀਆਂ ਜੁੱਟ ਏਦਾਂ ਲੱਗਦੇ ਹਨ ਜਿਵੇਂ ਡਰਾਈਵਰ ਤੋਂ ਬਿਨਾਂ ਗੱਡੀ ਹੋਵੇ।

ਏਸੇ ਤਰ੍ਹਾਂ ਹੀ ਪਿੱਛਲੇ ਕਈ ਦਹਾਕਿਆਂ ਤੋਂ ਸਾਧਾਂ ਦੇ ਡੇਰੇ ਵੀ ਆਪਣੀ ਮਾਨਤਾ ਲਈ ਉਡੀਕ ਵਿਚ ਖੜ੍ਹੇ ਸਨ। ਸਾਡੇ ਦੂਰ ਅੰਦੇਸ਼ ਰਾਜਨੀਤਿਕ ਤੇ ਧਾਰਮਿਕ ਆਗੂਆਂ ਨੇ ਇਹਨਾਂ ਨੂੰ ਪੱਲਾ ਨਹੀਂ ਫੜਾਇਆ ਸੀ। ਉਹਨਾਂ ਨੂੰ ਇਹ ਸਮਝ ਸੀ ਕਿ ਇਹ ਸਿਧਾਂਤਿਕ ਤੌਰ 'ਤੇ ਗਲਤ ਹਨ। ਏਸੇ ਲਈ ਸਿੱਖ ਸਿਧਾਂਤ ਨੂੰ ਸਮਝਣ ਵਾਲੇ ਆਗੂ ਇਹਨਾਂ ਦਿਆਂ ਡੇਰਿਆਂ 'ਤੇ ਨਹੀਂ ਗਏ ਸਨ। ਦੁਖਦਾਈ ਪਹਿਲੂ ਇਹ ਹੈ ਕਿ ਹੁਣ ਸਾਡੇ ਰਾਜਨੀਤਿਕ ਤੇ ਧਾਰਮਿਕ ਆਗੂਆਂ ਨੇ ਇਹਨਾਂ ਡੇਰਿਆਂ ਵਿਚ ਆਪਣੀਆਂ ਹਾਜ਼ਰੀਆਂ ਭਰ ਕੇ ਇਹਨਾਂ ਨੂੰ ਮਾਨਤਾ ਦੇਣੀ ਸ਼ੁਰੂ ਕਰ ਦਿੱਤੀ ਹੈ।

ਸਰਕਾਰ ਕੋਲੋਂ ਮਾਨਤਾ ਲੈਣ ਲਈ ਸਰਕਾਰ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਭਾਵ ਸਰਕਾਰ ਵਾਂਗ ਕੰਮ ਕਰਨਾ ਪੈਣਾ ਹੈ। ਘੱਟੋ ਜਿਸ ਦਿਨ ਮਾਨਤਾ ਦੇਣ ਦੀ ਪੜਤਾਲ ਹੋਣੀ ਹੈ ਉਸ ਦਿਨ ਤਾਂ ਉਹ ਬਿਲਕੁਲ ਇੰਜ ਹੀ ਕਰਨਗੇ ਜਿਵੇਂ ਸਰਕਾਰ ਚਾਹੁੰਦੀ ਹੈ। ਜਦੋਂ ਮਾਨਤਾ ਮਿਲ ਜਾਂਦੀ ਹੈ ਤਾਂ ਫਿਰ ਉਹ ਆਪਣਾ ਹੀ ਮਾਲ ਵੇਚਦੇ ਹਨ। ਏਸੇ ਤਰ੍ਹਾਂ ਇਹਨਾਂ ਡੇਰੇ ਵਾਲਿਆਂ ਨੇ ਵੀ ਮਾਨਤਾ ਲੈ ਲਈ ਹੈ। ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਅੰਮ੍ਰਿਤ ਵੀ ਛੱਕਦੇ ਹਨ ਕਿਰਪਾਨ ਵੀ ਪਾ ਲੈਂਦੇ ਹਨ। ਇੰਜ ਲੱਗਦਾ ਹੈ ਕਿ ਜਿਵੇਂ ਸਾਰੇ ਕਰਮ ਹੁਣ ਗੁਰਮਤਿ ਅਨੁਸਾਰ ਏਥੇ ਹੀ ਹੋ ਰਹੇ ਹਨ। ਧਾਰਮਿਕ ਆਗੂਆਂ ਦੀ ਹਾਜ਼ਰੀ ਉਪਰੰਤ ਕਰਮ ਕਾਂਡ ਵਿਚ ਕੋਈ ਸੁਧਾਰ ਨਹੀਂ ਆਇਆ ਪੰਥ ਪ੍ਰਵਾਨਿਤ ਰਹਿਤ ਮਰਯਾਦਾ ਦੀ ਇਕ ਵੀ ਮਦ ਆਪਣੇ ਡੇਰੇ ਵਿਚ ਲਾਗੂ ਨਹੀਂ ਕਰਦੇ। ਜਦੋਂ ਧਾਰਮਿਕ ਆਗੂ ਇਹਨਾਂ ਡੇਰਿਆਂ ਦੀ ਹਾਜ਼ਰੀ ਭਰਦੇ ਹਨ ਤਾਂ ਆਮ ਲੋਕ ਇਹੀ ਸਮਝਣ ਲੱਗ ਜਾਂਦੇ ਹਨ ਇਹ ਡੇਰੇ ਵੀ ਪੰਥਕ ਹੀ ਹਨ। ਉਚੇਚੇ ਤੌਰ 'ਤੇ ਧਾਰਮਿਕ ਆਗੂਆਂ ਦੀ ਹਾਜ਼ਰੀ ਇਹਨਾਂ ਦੇ ਗੈਰ-ਕੁਦਰਤੀ ਕੰਮਾਂ ਤੇ ਇਹਨਾਂ ਵਲੋਂ ਫੈਲਾਈ ਜਾ ਰਹੀ ਮਨਮਤ 'ਤੇ ਮੋਹਰ ਲਾਉਣਾ ਹੈ। ਇਕੋ ਮਿਸਾਲ ਹੀ ਕਾਫੀ ਹੈ ਜਦ ਪੰਥ ਪ੍ਰਵਾਨਿਤ ਰਹਿਤ ਮਰਿਯਾਦਾ ਵਿਚ ਲਿਖਿਆ ਹੈ ਕਿ ਮੜੀ ਵਾਲੀ ਥਾਂ ਨੂੰ ਪੱਕਿਆਂ ਕਰਕੇ ਮੜੀ ਬਣਾਉਣੀ ਮਨਮਤ ਹੈ। ਇਹਨਾਂ ਸਾਧਾਂ ਦੇ ਅਖੌਤੀ ਮਹਾਂਪੁਰਸ਼ਾਂ ਦੀਆਂ ਮੜੀਆਂ ਪੱਕੀਆਂ ਕਰਕੇ ਅੰਗੀਠਾ ਸਾਹਿਬ ਵਰਗੇ ਨਾਂ ਰੱਖ ਲਏ ਹਨ।

**ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਹੁਣ ਨਵੀਂ ਘੜੂਤ ਛੱਡਦਿਆਂ ਮਰਿਆਂ ਸਾਧਾਂ ਦੀਆਂ ਫੋਟੋਆਂ ਨੂੰ ਟਰਾਲੀਆਂ ਵਿਚ ਲੱਦ ਕੇ ਨਗਰ ਕੀਰਤਨ ਕੱਢ ਰਹੇ ਹਨ। ਭਾਵ ਕਿ ਇਕ ਵਾਰ ਮਾਨਤਾ ਮਿਲ ਗਈ ਕਰਨੀ ਤਾਂ ਹੁਣ ਆਪਣੀ ਮਰਜ਼ੀ ਹੀ ਹੈ। ਅਸੀਂ ਇਸ ਮੱਤ ਦੇ ਧਾਰਨੀ ਹਾਂ ਕਿ ਮਨੁੱਖਤਾ ਦੇ ਤਲ 'ਤੇ ਸਾਡਾ ਕੋਈ ਵੈਰ-ਵਿਰੋਧ ਨਹੀਂ ਹੈ ਸਾਡਾ ਵਿਰੋਧ ਹੈ ਕਿ ਇਹ ਗੁਰਬਾਣੀ ਦਾ ਓਟ ਆਸਰਾ ਲੈ ਕੇ ਮਨਮਤ ਦਾ ਪਰਚਾਰ ਕਰ ਰਹੇ ਹਨ। ਜਿਨ੍ਹਾਂ ਕਰਮ-ਕਾਂਡਾਂ ਵਿਚੋਂ ਸਾਨੂੰ ਗੁਰਬਾਣੀ ਬਾਹਰ ਕੱਢਦੀ ਇਹ ਡੇਰੇ ਸਾਨੂੰ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਮੁੜ ਉਹਨਾਂ ਕਰਮ ਕਾਂਡਾਂ ਵਿਚ ਘਸੋੜ ਰਹੀ ਹੈ।**

ਜਿਸ ਦਿਨ ਧਾਰਮਿਕ ਆਗੂਆਂ ਨੇ ਇਹਨਾਂ ਦਿਆਂ ਡੇਰਿਆਂ ਵਿਚ ਆਪਣੇ ਚਰਨ ਪਾਉਣੇ ਹੁੰਦੇ ਹਨ ਉਸ ਦਿਨ ਉਹ ਆਪਣੇ ਆਪ ਨੂੰ ਇੰਜ ਪੇਸ਼ ਕਰਦੇ ਹਨ ਜਿਵੇਂ ਸਾਰੇ ਪੰਥ ਦਾ ਦਰਦ ਇਹਨਾਂ ਨੇ ਹੀ ਚੁੱਕਿਆ ਹੁੰਦਾ ਹੇ। ਪੂਛਲਾਂ ਕਦੇ ਸਿੱਧੀਆਂ ਨਹੀਂ ਹੁੰਦੀਆਂ ਏਸੇ ਤਰ੍ਹਾਂ ਇਹ ਕਦੇ ਵੀ ਪੰਥਕ ਨਹੀਂ ਬਣੇ ਸਗੋਂ ਆਪਣਾ ਵੱਖਰਾ ਰਾਗ ਹੀ ਅਲਾਪਦੇ ਹਨ। ਸਿੱਖ ਸਿਧਾਂਤ ਦਾ ਦੁਖਦਾਈ ਪਹਿਲੂ ਹੈ ਕਿ ਸਾਡੇ ਧਾਰਮਿਕ ਆਗੂਆਂ ਦੀ ਹਾਜ਼ਰੀ ਨੇ ਇਹਨਾਂ ਡੇਰਿਆਂ ਦੀ ਸਥਾਪਤੀ ਲਈ ਪੱਕੀ ਮੋਹਰ ਲਾ ਦਿੱਤੀ ਹੈ।

ਭਾਈ ਸੋਹਣ ਸਿੰਘ ਜੀ ਖਾਲਸਾ ਦੀ ਲਿਖਤ ਨੂੰ ਭਾਈ ਬਲਦੇਵ ਸਿੰਘ ਜੀ ਹੁਰਾਂ ਨੇ ਆਪਣੀ ਪੋਸਟ ਤੇ ਪਾਇਆ ਹੈ ਜੋ ਧਿਆਨ ਮੰਗਦੀ ਹੈ—

**ਜਰੂਰੀ ਨੋਟ :** ਅਗਰ ਇਸ ਲਿਖਤ 'ਚ ਕੁਝ ਗਲਤ-ਬਿਆਨੀ ਹੋਵੇ ਤਾਂ ਨਾਨਕਸਰ ਨੂੰ ਮੰਨਣ ਵਾਲੇ ਭੈਣ-ਭਰਾ ਜਰੂਰ ਠੀਕ ਕਰ ਦੇਣ !! ਭਾਸ਼ਾ ਸਭਿਅਕ ਹੋਣੀ ਜਰੂਰੀ ਹੈ। ਪੋਸਟ ਨੂੰ ਪੜਕੇ ਆਪਣੇ ਵਿਚਾਰ ਦੇਣ ਜੀ ਸਿੱਖੀ ਦੀ ਤਬਾਹੀ ਵਾਸਤੇ ਜੋ ਸੈਂਕੜੇ (300) ਦੇ ਕਰੀਬ ਅਖੌਤੀ ਸੰਤ ਸਟਾਰ ਗਰੁੱਪ ਨੇ ਤਿਆਰ ਕੀਤੇ ਹਨ ਅਤੇ ਵਾਰੀ ਵਾਰੀ ਇਹਨਾਂ ਹਥਿਆਰਾਂ ਨੂੰ ਸਟਾਰ ਗਰੁੱਪ ਵਰਤ ਰਿਹਾ ਹੈ। ਇਹ ਨਾਨਕਸਰੀਆਂ ਦਾ ਝੁੰਡ ਸਭ ਤੋਂ ਖ਼ਤਰਨਾਕ ਹਥਿਆਰ

ਹੈ ਇਹ ਨਾਨਸਰੀਏ ਕੁਝ ਹੇਠ ਲਿਖੇ ਹਥਕੰਡੇ ਵਰਤ ਕੇ ਅੱਗੇ ਵਧ ਰਹੇ ਹਨ:

1. ਇਹ ਸਿੱਖਾਂ ਨੂੰ ਹਿੰਦੂਮਤ ਦਾ ਹੀ ਇਕ ਫ਼ਿਰਕਾ ਮੰਨਦੇ ਹਨ ਜਦ ਕਿ ਗੁਰੂ ਸਾਹਿਬ ਦਾ ਫ਼ੁਰਮਾਨ ਹੈ "ਨ ਹਮ ਹਿੰਦੂ ਨ ਮੁਸਲਮਾਨ॥"

2. ਇਹ ਦਿਖਾਵੇ ਮਾਤਰ ਗੁਰਬਾਣੀ ਪੜ੍ਹਦੇ ਹਨ। ਗੁਰਮਤਿ ਸਿੱਖਿਆ ਨੂੰ ਇਹਨਾਂ ਕਦੇ ਨੇੜੇ ਨਹੀਂ ਆਉਣ ਦਿੱਤਾ। ਗੁਰਬਾਣੀ, ਕਰਮਕਾਂਡਾਂ ਦਾ ਭਰਪੂਰ ਖੰਡਨ ਕਰਦੀ ਹੈ। ਇਹ ਬਾਹਮਣ ਵਾਂਗੂੰ ਪੱਕੇ ਕਰਮਕਾਂਡੀ ਹਨ। ਗੁਰਬਾਣੀ ਸੱਚ ਦੇ ਮਾਰਗ 'ਤੇ ਚੱਲਣ ਦਾ ਉਪਦੇਸ਼ ਕਰਦੀ ਹੈ ਪਰ ਇਹ ਗਿਣਤੀਆਂ ਕਰਨ ਤੇ ਲੱਗੇ ਹੋਏ ਹਨ, 10 ਪਾਠ, 20 ਪਾਠ, ਮਾਲਾ 108 ਮੂਲਮੰਤਰ ਦੀਆਂ, ਇਹ ਰਾਮ ਰਾਮ ਦੇ ਜਾਪ ਵੀ ਕਰਦੇ ਕਰਵਾਉਂਦੇ ਹਨ।

3. ਸਿੱਖਾਂ ਦਾ ਅਕਾਲ ਪੁਰਖ ਅਜੂਨੀ ਹੈ ਪਰ ਇਹ ਹਿੰਦੂਮਤ ਦੇ ਅਵਤਾਰਵਾਦ ਨੂੰ ਸਿੱਖੀ ਵਿਚ ਵਾੜ ਰਹੇ ਹਨ। ਗੁਰੂ ਨਾਨਕ ਸਾਹਿਬ ਨੂੰ ਇਹ ਵਿਸ਼ਨੂੰ ਦਾ ਅਵਤਾਰ ਮੰਨਦੇ ਹਨ, ਬਾਬਾ ਨੰਦ ਸਿੰਘ ਨੂੰ ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਮੰਨਦੇ ਹਨ।

4. ਇਹ "ਗੁਰੂ ਗ੍ਰੰਥ ਸਾਹਿਬ ਜੀ" ਦੀ ਪੂਜਾ ਇਕ ਮੂਰਤੀ ਵਾਂਗ ਹੀ ਕਰਦੇ ਹਨ। ਇਹ ਨਾਨਕਸਰੀਏ, ਗੁਰੂ ਦੇ ਹੁਕਮ ਸੁਨੇਹੇ ਉਪਰ ਕੋਈ ਵਿਸ਼ਵਾਸ ਨਹੀਂ ਕਰਦੇ।

5. ਇਹਨਾਂ ਨੇ ਗੁਰਬਾਣੀ ਵਿਚ ਮਿਲਾਵਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਕੰਮ ਇਹ ਬੜੇ ਯੋਜਨਾਬੱਧ ਤਰੀਕੇ ਨਾਲ ਕਰ ਰਹੇ ਹਨ। ਪਹਿਲੇ ਪੜਾਅ ਵਿਚ ਇਹਨਾਂ ਗੁਰਬਾਣੀ ਵਿਚ ਸਤਿਨਾਮ ਵਾਹਿਗੁਰੂ, ਛਪੇ ਗੁਟਕਿਆਂ ਵਿਚ ਸ਼ਾਮਲ ਕੀਤਾ ਅਤੇ ਦੂਸਰੇ ਪੜਾਅ ਤਹਿਤ ਇਹਨਾਂ ਗੁਰਬਾਣੀ ਦੇ ਗੁਟਕਿਆਂ ਦੇ ਸ਼ੁਰੂ ਵਿਚ ਮਨਘੜ੍ਹਤ ਕਹਾਣੀਆਂ ਦਿੱਤੀਆਂ ਹਨ ਅਤੇ ਗੁਰੂ ਸਾਹਿਬਾਂ ਦੀ ਤੋਹੀਨ ਵੀ ਕੀਤੀ ਹੈ। ਗੁਰੂ ਸਾਹਿਬਾਂ ਨੂੰ ਕੋਹੜ ਹੋਇਆ ਵੀ ਇਹਨਾਂ ਨੇ ਕਹਾਣੀਆਂ ਵਿਚ ਲਿਖਿਆ ਹੈ।

6. ਇਹ ਅਰਦਾਸ ਉਪਰੰਤ ਗੁਰੂ ਮਾਨਿਓ ਗ੍ਰੰਥ ਦੋਹਰਾ ਨਹੀਂ ਪੜ੍ਹਦੇ

7. ਇਹ ਹਿੰਦੂਆਂ ਵਾਂਗ ਭੇਖੀ ਹਨ ਚਿੱਟੇ ਭੇਖ ਪਾਉਂਦੇ ਹਨ।

8. ਆਪਣੇ ਗੁਰਦੁਆਰੇ ਨੂੰ ਠਾਠ (ਐਸ਼ ਕਰਨ ਦਾ ਥਾਂ) ਕਹਿੰਦੇ ਹਨ।

9. ਸਿੱਖੀ ਵਿਚ ਗ੍ਰਹਿਸਤ ਧਰਮ ਪ੍ਰਧਾਨ ਹੈ ਪਰ ਇਹ ਬਿਹੰਗਮ ਬਣੇ ਫਿਰਦੇ ਹਨ।

10. ਇਹ ਨਿਸ਼ਾਨ ਸਾਹਿਬ ਵੀ ਨਹੀਂ ਝੁਲਾਉਂਦੇ।

11. ਇਹ ਗੋਲਕ ਨਹੀਂ ਰੱਖਦੇ ਪਰ ਅੰਦਰ ਖਾਤੇ ਸਭ ਕੁਝ ਹੜੱਪ ਲੈਂਦੇ ਹਨ।

13. ਲੰਗਰ ਨਹੀਂ ਪਕਾਉਂਦੇ। ਲੰਗਰ ਪ੍ਰਥਾ ਦੇ ਵਿਰੋਧੀ ਹਨ।

**ਪਿੱਛਲੇ ਕਈ ਦਹਾਕਿਆਂ ਤੋਂ ਸਾਧਾਂ ਦੇ ਡੇਰੇ ਵੀ ਆਪਣੀ ਮਾਨਤਾ ਲਈ ਉਡੀਕ ਵਿਚ ਖੜ੍ਹੇ ਸਨ। ਸਾਡੇ ਦੂਰ ਅੰਦੇਸ਼ ਰਾਜਨੀਤਿਕ ਤੇ ਧਾਰਮਿਕ ਆਗੂਆਂ ਨੇ ਇਹਨਾਂ ਨੂੰ ਪੱਲਾ ਨਹੀਂ ਫੜਾਇਆ ਸੀ। ਉਹਨਾਂ ਨੂੰ ਇਹ ਸਮਝ ਸੀ ਕਿ ਇਹ ਸਿਧਾਂਤਿਕ ਤੌਰ 'ਤੇ ਗਲਤ ਹਨ। ਏਸੇ ਲਈ ਸਿੱਖ ਸਿਧਾਂਤ ਨੂੰ ਸਮਝਣ ਵਾਲੇ ਆਗੂ ਇਹਨਾਂ ਦਿਆਂ ਡੇਰਿਆਂ 'ਤੇ ਨਹੀਂ ਗਏ ਸਨ। ਦੁਖਦਾਈ ਪਹਿਲੂ ਇਹ ਹੈ ਕਿ ਹੁਣ ਸਾਡੇ ਰਾਜਨੀਤਿਕ ਤੇ ਧਾਰਮਿਕ ਆਗੂਆਂ ਨੇ ਇਹਨਾਂ ਡੇਰਿਆਂ ਵਿਚ ਆਪਣੀਆਂ ਹਾਜ਼ਰੀਆਂ ਭਰ ਕੇ ਇਹਨਾਂ ਨੂੰ ਮਾਨਤਾ ਦੇਣੀ ਸ਼ੁਰੂ ਕਰ ਦਿੱਤੀ ਹੈ।**

14. ਕੜਾਹ ਪ੍ਰਸ਼ਾਦਿ ਦੀ ਥਾਂ ਜ਼ਿਆਦਾ ਮਿਸ਼ਰੀ ਪ੍ਰਸ਼ਾਦਿ ਨੂੰ ਪਹਿਲ ਦਿੰਦੇ ਹਨ। ਇਹਨਾਂ ਦੇ ਸ਼ਰਧਾਲੂ ਮਿਸ਼ਰੀ ਚੜ੍ਹਾਉਂਦੇ ਹਨ ਉਹੀ ਮਿਸ਼ਰੀ ਫਿਰ ਦੁਕਾਨਾਂ ਤੇ ਵੇਚ ਦਿੰਦੇ ਹਨ।

15. ਗੁਰੂ ਗੋਬਿੰਦ ਸਿੰਘ ਬਾਰੇ ਕਹਿੰਦੇ ਹਨ ਕਿ ਉਹਨਾਂ ਪੰਜਾਂ ਪਿਆਰਿਆਂ ਤੋ ਅੰਮ੍ਰਿਤ ਨਹੀਂ ਸੀ ਛਕਿਆ, ਅੰਮ੍ਰਿਤ ਵਿਚੋਂ ਖੰਡਾ ਕੱਢ ਕੇ ਬੂੰਦਾਂ ਹੱਥ 'ਤੇ ਪਾਈਆਂ। ਸੱਜਾ ਹੱਥ ਗੁਰੂ ਅਤੇ ਖੱਬਾ ਹੱਥ ਚੇਲਾ ਬਣਾਇਆ। ਇਹ ਅੰਮ੍ਰਿਤ ਛਕਣ ਦਾ ਦਿਖਾਵਾ ਕਰਦੇ ਹਨ। ਜਨੇਊ ਵਰਗੀ ਕ੍ਰਿਪਾਨ ਪਾਉਂਦੇ ਹਨ।

16. ਇਹ ਵਾਰਾਂ-ਕਵਾਰਾਂ, ਸ਼ੁਭ-ਅਸ਼ੁਭ, ਲਗਨ-ਮਹੂਰਤਾਂ 'ਤੇ ਵਿਸ਼ਵਾਸ ਰੱਖਦੇ ਹਨ।

17. ਸਰਕਾਰ ਵੀ ਇਹਨਾਂ ਨੂੰ ਅੱਗੇ ਲਿਆਉਣ 'ਤੇ ਲੱਗੀ ਹੋਈ ਹੈ ਜਿਵੇਂ ਸਰਕਾਰੀ ਥਾਵਾਂ 'ਤੇ ਇਹਨਾਂ ਦੇ ਗੁਰਦੁਆਰੇ (ਠਾਠ) ਬਣ ਰਹੇ ਹਨ।

18. ਟੀ: ਵੀ: ਚੈਨਲਾਂ 'ਤੇ ਇਹਨਾਂ ਦਾ ਪ੍ਰਚਾਰ ਹੋ ਰਿਹਾ ਹੈ।

19. ਇਹਨਾਂ ਦੇ ਰਾਗੀ ਜੋ ਕੀਰਤਨ ਕਰਦੇ ਹਨ ਉਹ ਬਾਬਾ ਨੰਦ ਸਿੰਘ ਦੀ ਹੀ ਉਸਤਤ ਕਰਦੇ ਹਨ। ਹਰਬੰਸ ਸਿੰਘ ਜਗਾਧਰੀ, ਚਮਨ ਲਾਲ ਅਤੇ ਹੋਰ ਵੀ ਰਾਗੀ ਸਟਾਰ ਗਰੁੱਪ ਨੇ ਕਮਿਸ਼ਨ ਕਰ ਲਏ ਹਨ। ਬਾਬਾ ਨੰਦ ਸਿੰਘ ਨੂੰ ਪਾਪੂਲਰ ਕਰਨ ਬਦਲੇ ਕਈ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ। ਸ਼ੇਅਰ ਜਰੂਰ ਕਰੋ ਜੀ।

ਖਾਲਸਾ ਪੰਥ ਦੇ ਵਿਹੜੇ ਵਿਚ ਚਹੁ-ਤਰਫੀ ਨਿਗਾਹ ਮਾਰਿਆਂ ਖਾਲਸਈ ਸਿਧਾਂਤ ਤੋਂ ਮੂੰਹ ਫੇਰੀ ਸਿੱਖ ਕਹਿਲਾਉਣ ਵਾਲਿਆਂ ਦੀ ਬਹੁ ਗਿਣਤੀ ਜਾਤ ਪਾਤ ਡੇਰੇ ਸੰਪਰਦਾਵਾਂ ਇਲਾਕਾ ਪ੍ਰਸਤੀ, ਅਮੀਰ-ਗਰੀਬ, ਸਿਆਸੀ ਧੜਿਆਂ ਦੀ ਦਲਦਲ ਖੁਦਗਰਜ਼ੀ, ਪਰਵਾਰਕ, ਲੋਭ-ਲਾਲਚ ਅਤੇ ਕੂੜੇ ਮਾਨ-ਸਨਮਾਨ ਦੀ ਭੁੱਖ ਹੀ ਨਜ਼ਰ ਆਉਂਦੀ ਹੈ। ਗੁਰੂ ਸਿਧਾਂਤ ਬੇਕਦਰੇ ਹੋਏ ਪਏ ਹਨ। ਧਾਰਮਿਕ ਸਮਾਜਿਕ ਅਤੇ ਰਾਜਨੀਤਿਕ ਆਗੂ ਕਹਾਉਣ ਵਾਲੇ ਖੁਦ ਸਿਧਾਂਤਾਂ ਦਾ ਸ਼ਰੇਆਮ ਅਪਮਾਨ ਕਰਦੇ ਦਿਖਾਈ ਦੇ ਰਹੇ ਹਨ ਵਕਤੀ ਅਤੇ ਨਿੱਜ ਦੀ ਹੋਂਦ ਉਜਾਗਰ ਕਰਨ ਵਾਲੀਆਂ ਅਣਗਿਣਤ ਸੰਸਥਾਵਾਂ ਦਾ ਤਾਣਾ ਬਾਣਾ ਕੌਮੀ ਦੂਰ ਅੰਦੇਸ਼ੀ ਤੋਂ ਦਿਸ਼ਾ ਹੀਣ ਹੋਣ ਕਰਕੇ ਅੰਦਰੂਨੀ ਤੇ ਬਾਹਰੀ ਤੌਰ 'ਤੇ ਆਪਸ ਵਿਚ ਭਿੜਦਾ ਦੇਖਿਆ ਜਾ ਸਕਦਾ ਹੇ।

ਪਿਛਲੇ ਕੁਝ ਸਮੇਂ ਤੋਂ ਕੁਝ ਡੇਰਿਆਂ ਵਲੋਂ ਆਪਣੇ ਆਪ ਨੂੰ ਪੰਥਕ ਸਾਬਤ ਕਰਨ ਲਈ ਸਿੱਖਾਂ ਦੇ ਧਾਰਮਿਕ ਆਗੂਆਂ ਦੀਆਂ ਸੇਵਾਵਾਂ ਲਈਆਂ ਜਾ ਰਹੀਆਂ ਹਨ। ਸਾਡਾ ਮਤ ਹੈ ਕਿ ਜੇ ਸਾਡੇ ਧਾਰਮਿਕ ਤੇ ਰਾਜਨੀਤਿਕ ਲੀਡਰ ਚਾਹੁੰਣ ਤਾਂ ਇਹ ਦਰਿਆਵਾਂ ਦੇ ਮੂੰਹ ਮੋੜ ਸਕਦੇ ਹਨ। ਇਹ ਆਗੂ ਇਹਨਾਂ ਡੇਰਿਆਂ ਵਿਚੋਂ ਮਨਮਤ ਦੂਰ ਕਰ ਸਕਦੇ ਹਨ।

ਨਾਨਕਸਰ ਵਾਲਿਆਂ ਨੇ ਸਿੱਖਾਂ ਵਿਚ ਆਪਣੇ ਆਪ ਨੂੰ ਸਥਾਪਿਤ ਕਰਨ ਲਈ ਆਪਣਿਆਂ ਡੇਰਿਆਂ ਵਿਚ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ ਜਦ ਕਿ ਗੁਰੂ ਗਰੰਥ ਸਾਹਿਬ ਜੀ ਦੀ ਇਕ ਵੀ ਗੱਲ ਮੰਨਣ ਲਈ ਤਿਆਰ ਨਹੀਂ ਹਨ ਤੇ ਨਾ ਹੀ ਗੁਰੂ ਸਾਹਿਬ ਦਾ ਉਪਦੇਸ਼ ਸਮਝਣ ਲਈ ਤਿਆਰ ਹਨ। ਇਤਿਹਾਸ ਨੂੰ ਉਲਟਾ ਗੇੜਾ ਦੇ ਰਹੇ ਹਨ। ਕਰਨੀ ਇਹਨਾਂ ਨੇ ਆਪਣੀ ਮਰਜ਼ੀ ਹੈ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਇਹਨਾਂ ਨੇ ਮਾਨਤਾ ਲਈ ਹੋਈ ਹੈ ਕਿ ਅਸੀਂ ਸਿੱਖੀ ਨੂੰ ਮੰਨਦੇ ਹਾਂ। ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਮੂਰਤੀ ਪੂਜਾ ਦਾ ਖੰਡਣ ਕਰਦਾ ਹੈ ਤੇ ਮੂਰਤੀ ਨੂੰ ਭੋਗ ਆਦਿ ਲਗਾਉਣ ਨੂੰ ਰੱਦ ਕਰਦਾ ਹੈ। ਇਹ ਭਾਊ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਭੋਗ ਲਗਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਬਸਤਰ ਵੀ ਬੰਦ ਕਮਰੇ ਵਿਚ ਬਦਲਦੇ ਹਨ ਅਖੇ ਕੋਈ ਹੋਰ ਨਗੇਜ ਨਾ ਦੇਖ ਲਏ।

ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਹੁਣ ਨਵੀਂ ਘੜ੍ਹਤ ਛੱਡਦਿਆਂ ਮਰਿਆਂ ਸਾਧਾਂ ਦੀਆਂ ਫੋਟੋਆਂ ਨੂੰ ਟਰਾਲੀਆਂ ਵਿਚ ਲੱਦ ਕੇ ਨਗਰ ਕੀਰਤਨ ਕੱਢ ਰਹੇ ਹਨ। ਭਾਵ ਕਿ ਇਕ ਵਾਰ ਮਾਨਤਾ ਮਿਲ ਗਈ ਕਰਨੀ ਤਾਂ ਹੁਣ ਆਪਣੀ ਮਰਜ਼ੀ ਹੀ ਹੈ।

ਅਸੀਂ ਇਸ ਮੱਤ ਦੇ ਧਾਰਨੀ ਹਾਂ ਕਿ ਮਨੁੱਖਤਾ ਦੇ ਤਲ 'ਤੇ ਸਾਡਾ ਕੋਈ ਵੈਰ-ਵਿਰੋਧ ਨਹੀਂ ਹੈ ਸਾਡਾ ਵਿਰੋਧ ਹੈ ਕਿ ਇਹ ਗੁਰਬਾਣੀ ਦਾ ਓਟ ਆਸਰਾ ਲੈ ਕੇ ਮਨਮਤ ਦਾ ਪਰਚਾਰ ਕਰ ਰਹੇ ਹਨ। ਜਿਨ੍ਹਾਂ ਕਰਮ-ਕਾਂਡਾਂ ਵਿਚੋਂ ਸਾਨੂੰ ਗੁਰਬਾਣੀ ਬਾਹਰ ਕੱਢਦੀ ਇਹ ਡੇਰੇ ਸਾਨੂੰ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਕੇ ਮੁੜ ਉਹਨਾਂ ਕਰਮ ਕਾਂਡਾਂ ਵਿਚ ਘਸੋੜ ਰਹੀ ਹੈ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ
ਬਿਊਰੋ

**ਸਵਾਲ : ਕਈ ਗੁਰਦੁਆਰਿਆਂ ਦੇ ਬਾਹਰ ਲਿਖਿਆ ਹੁੰਦਾ ਹੈ ਕਿ ਜੁਰਾਬਾਂ ਉਤਾਰ ਕੇ ਆਵੋ ਅਤੇ ਪੈਰ ਧੋ ਕੇ ਆਵੋ, ਕੀ ਇਹ ਮਰਿਯਾਦਾ ਹੈ?**

**ਜਵਾਬ :** ਇਹ ਮਰਿਯਾਦਾ ਨਹੀਂ ਸਗੋਂ ਇਸ ਦਾ ਸਬੰਧ ਗੁਰਦੁਆਰੇ ਵਿਚ ਸਾਫ਼ ਸੁਥਰੇ ਵਾਤਾਵਰਣ ਨਾਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਜ ਭੂਤਕ ਨਹੀਂ ਹਨ ਜਿਸ ਕਰਕੇ ਗੁਰੂ ਸਾਹਿਬ ਉੱਪਰ ਗਰਮੀ, ਸਰਦੀ, ਬਦਬੂ, ਖੁਸ਼ਬੂ ਆਦਿ ਦਾ ਪ੍ਰਭਾਵ ਨਹੀਂ ਪੈਂਦਾ ਹੈ। ਸਿੱਖ ਧਰਮ ਇਕ ਸੰਗਤੀ ਧਰਮ ਹੈ, ਮਨੁੱਖ ਪੰਜ ਭੂਤਕ ਤੱਤਾਂ ਤੋਂ ਬਣਿਆ ਹੈ ਜਿਸ ਕਰਕੇ ਸੰਗਤ ਉਪਰ ਗਰਮੀ, ਸਰਦੀ, ਬਦਬੂ, ਖੁਸ਼ਬੂ ਆਦਿ ਦਾ ਪ੍ਰਭਾਵ ਪੈਂਦਾ ਹੈ। ਗੁਰਦੁਆਰੇ ਸੰਗਤ ਦੇ ਬੈਠਣ ਲਈ ਬਣਾਏ ਜਾਂਦੇ ਹਨ ਤਾਂ ਜੋ ਸੰਗਤ ਬੈਠ ਕੇ ਗੁਰੂ ਗਿਆਨ ਤੋਂ ਲਾਹਾ ਪ੍ਰਾਪਤ ਕਰ ਸਕੇ। ਜੇਕਰ ਸੰਗਤ ਗੁਰਦੁਆਰੇ ਦੇ ਅੰਦਰ ਗੰਦੇ ਪੈਰਾਂ ਨਾਲ ਜਾਂ ਗੰਦੀਆਂ ਜੁਰਾਬਾਂ ਪਹਿਨ ਕੇ ਜਾਵੇਗੀ ਤਾਂ ਗੰਦਗੀ ਕਾਰਣ ਸੰਗਤ ਵਿੱਚ ਬਦਬੂ ਦਾ ਫ਼ੈਲਣਾ ਲਾਜ਼ਮੀ ਬਣ ਜਾਂਦਾ ਹੈ ਜਿਸ ਕਰਕੇ ਸੰਗਤ ਲਈ ਗੁਰਦੁਆਰੇ ਵਿੱਚ ਬੈਠਣਾ ਮੁਸ਼ਕਿਲ ਹੋ ਜਾਂਦਾ ਹੈ। ਇਸ ਮੁਸ਼ਕਿਲ ਦੇ ਹੱਲ ਲਈ ਹੀ ਪ੍ਰਬੰਧਕਾਂ ਵਲੋਂ ਇਹ ਉਪਰੋਕਤ ਫੈਸਲਾ ਲਿਆ ਜਾਂਦਾ ਹੈ। ਹਾਂ ਜੇਕਰ ਪੈਰ ਜਾਂ ਜੁਰਾਬਾਂ ਗੰਦੀਆਂ ਨਹੀਂ ਹਨ ਤਾਂ ਬਿਨਾ ਪੈਰ ਧੋਏ ਜਾਂ ਸਾਫ-ਸੁਥਰੀਆਂ ਜੁਰਾਬਾਂ ਪਹਿਨ ਕੇ ਜੇਕਰ ਕੋਈ ਗੁਰਦੁਆਰੇ ਅੰਦਰ ਜਾਂਦਾ ਹੈ ਤਾਂ ਸੰਗਤ ਵਿੱਚੋਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪਿਆ ਗ੍ਰੰਥ " ਗੁਰਮੱਤ ਮਾਰਤੰਡ " ਭਾਗ ਪਹਿਲਾ ਦੇ ਪੰਨਾ 383 ਤੇ ਪਰਕਰਣ "ਗੁਰਦੁਆਰੇ ਪੈਰ ਧੋ ਕੇ ਜਾਣਾ " ਵਿੱਚ ਲਿਖਿਆ ਹੈ ਕਿ " ਗੁਰਦੁਆਰੇ ਸਾਫ਼ ਪੈਰਾਂ ਅਤੇ ਸਾਫ਼ ਜੁਰਾਬਾਂ ਨਾਲ ਜਾਣਾ ਚਾਹੀਏ, ਮੈਲੇ ਪੈਰ ਅਤੇ ਮੈਲੀਆਂ ਜੁਰਾਬਾਂ ਲੈ ਕੇ ਜਾਣੀਆਂ ਨਿੰਦਿਤ ਹਨ। (ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਗਿਆਂ ਭੀ ਸਾਫ਼ ਜੁਰਾਬਾਂ ਹੋਣੀਆਂ ਚਾਹੀਏ। ਮੈਲਾ ਵਸਤ੍ਰ ਲੈ ਕੇ ਨਹੀਂ ਬੈਠਣਾ ਚਾਹੀਏ। ਕਈ ਅਗਯਾਨੀ ਲੋਕ ਜੁਰਾਬਾਂ ਪਹਿਨ ਕੇ ਪਾਠ ਕਰਨਾ ਅਯੋਗ ਸਮਝਦੇ ਹਨ, ਜੋ ਕੇਵਲ ਅਵਿਦਯਾ ਦਾ ਕਰਮ ਹੈ।) ਕਈ ਥਾਂਈਂ ਪੈਰ ਧੋਣ ਲਈ ਕੁੰਡ ਬਣੇ ਹੋਏ ਹਨ, ਉਨ੍ਹਾਂ ਵਿੱਚ ਬਹੁਤ ਲੋਕ ਪੈਰ ਧੋ ਕੇ ਜਲ ਗੰਦਾ ਕਰ ਦਿੰਦੇ ਹਨ ਅਰ ਗਿੱਲੇ ਪੈਰੀਂ ਜਾਕੇ ਗੁਰਦੁਆਰੇ ਦੇ ਫਰਸ਼ ਅਰ ਵਿਛਾਈ ਦੇ ਵਸਤ੍ਰਾਂ ਨੂੰ ਦਾਗ਼ੀ ਕਰ ਦਿੰਦੇ ਹਨ।

ਜਿੱਥੇ ਪੈਰ ਧੋਣ ਦੀ ਰੀਤ ਹੋਵੇ, ਉਥੇ ਪੈਰ ਪੂੰਝਣ ਲਈ ਵਸਤਰ ਦਾ ਵੀ ਪ੍ਰਬੰਧ ਹੋਣਾ ਚਾਹੀਏ, ਜੇ ਐਸਾ ਨ ਹੋ ਸੱਕੇ ਤਾਂ ਸੁੱਕੇ ਪੈਰੀਂ ਜਾਣਾ ਹੀ ਉੱਤਮ ਹੈ, ਕਿਉਂਕਿ ਸਿੱਖ ਧਰਮ ਵਿੱਚ ਜੁੱਤੀ ਦੇ ਸਪਰਸ਼ ਤੋਂ ਪੈਰ ਭਿੱਟ ਨਹੀਂ ਹੁੰਦੇ। ਬਜ਼ਾਰ ਗਲੀ ਵਿੱਚ ਦੀ ਨੰਗੇ ਪੈਰੀਂ ਗੁਰਦੁਆਰੇ ਆਉਣ ਵਾਲਿਆਂ ਨੂੰ ਪੈਰ ਜਰੂਰ ਧੋਣੇ ਚਾਹੀਏ"। (ਗੁਰਮੱਤ ਮਾਰਤੰਡ ਭਾਗ ਪਹਿਲਾ)

**ਸਵਾਲ : ਕੀ ਆਮ ਜਗਿਆਸੂ ਗੁਰਦੁਆਰੇ ਪਹੁੰਚ ਕੇ ਗੁਰੂ ਜੀ ਦੀ ਤਾਬਿਆ ਤੇ ਬੈਠ ਕੇ ਨਿਤਨੇਮ ਕਰ ਸਕਦਾ ਹੈ ਭਾਵ ਕਿ ਗੁਰਬਾਣੀ ਆਦਿ ਪੜ੍ਹ ਸਕਦਾ ਹੈ?**

**ਜਵਾਬ :** ਜੀ ਹਾਂ ਗੁਰੂ ਜੀ ਦੀ ਤਾਬਿਆ ਤੇ ਬੈਠ ਕੇ ਕੋਈ ਵੀ ਸਿੱਖ ਜਾਂ ਗੈਰ ਸਿੱਖ ਨਿਤਨੇਮ ਕਰ ਸਕਦਾ ਹੈ, ਗੁਰਬਾਣੀ ਆਦਿ ਪੜ੍ਹ ਸਕਦਾ ਹੈ ਪਰ ਜੇ ਕੋਈ ਹੋਰ ਤਾਬਿਆ ਤੇ ਨਾ ਬੈਠਾ ਹੋਵੇ, ਪਰ ਇਸ ਦੇ ਨਾਲ ਕੁਝ ਹੋਰ ਗੱਲਾਂ ਦਾ ਵੀ ਧਿਆਨ ਰੱਖਣ ਦੀ ਵੀ ਲੋੜ ਹੈ।

(1) ਮਰਿਯਾਦਾ ਮੁਤਾਬਕ ਸੰਗਤ ਵਿੱਚ ਇੱਕ ਵਕਤ, ਇਕੋ ਗੱਲ ਹੋਣੀ ਚਾਹੀਦੀ ਹੈ- ਕੀਰਤਨ ਜਾਂ ਕਥਾ, ਵਿਖਿਆਨ ਜਾਂ ਪਾਠ ਆਦਿ। ਭਾਵ ਕਿ ਸੰਗਤ ਵਿੱਚ ਜੇ ਕੀਰਤਨ ਹੋ ਰਿਹਾ ਹੋਵੇ ਤਾਂ ਨਾਲ ਪਾਠ ਆਦਿ ਨਹੀਂ ਕੀਤਾ ਜਾਂ ਸਕਦਾ ਕਿਉਂ ਕਿ ਇਹ ਮਰਿਯਾਦਾ ਦੇ ਉਲਟ ਹੈ।

(2) ਸੰਗਤ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੇ ਕੇਵਲ ਸਿੱਖ ਹੀ ਬੈਠ ਸਕਦਾ ਹੈ ਅਤੇ ਸੰਗਤ ਵਿੱਚ ਕਥਾ, ਕੀਰਤਨ, ਪਾਠ, ਵਿਖਿਆਨ ਆਦਿ ਵੀ ਕੇਵਲ ਸਿੱਖ ਹੀ ਕਰ ਸਕਦਾ ਹੈ ਕਿਉਂਕਿ ਸੰਗਤ ਉੱਪਰ ਸਿੱਖ ਪ੍ਰਚਾਰਕ ਦਾ ਪ੍ਰਭਾਵ ਜਿਆਦਾ ਹੁੰਦਾ ਹੈ। ਆਪਣੇ ਲਈ ਤਾਬਿਆ ਤੇ ਬੈਠ ਕੇ ਪਾਠ, ਕਥਾ, ਵਿਖਿਆਨ ਆਦਿ ਕੋਈ ਗੈਰ ਸਿੱਖ (ਹਿੰਦੂ, ਮੁਸਲਮਾਨ, ਇਸਾਈ ਆਦਿ) ਵੀ ਕਰ ਸਕਦਾ ਹੈ।

**ਸਵਾਲ : ਮਰਿਯਾਦਾ ਮੁਤਾਬਿਕ ਸੰਗਤ ਵਿੱਚ ਬਾਣੀ ਦਾ ਪਾਠ, ਕਥਾ, ਕੀਰਤਨ, ਸ਼ਬਦ ਵਿਖਿਆਨ ਆਦਿ ਸਿੱਖ ਹੀ ਕਰੇ ਕਿਉਂ ?**

**ਜਵਾਬ :** ਕਿਉਂਕਿ ਸਿੱਖ ਸੰਗਤ ਉਪੱਰ ਸਿੱਖੀ ਸਰੂਪ ਦਾ ਪ੍ਰਭਾਵ ਜਿਆਦਾ ਪੈਂਦਾ ਹੈ।ਜੋ ਸਿੱਖ ਹੈ ਉਹ ਹਮੇਸ਼ਾ ਹੀ ਸਿੱਖੀ ਨੂੰ ਦ੍ਰਿੜ੍ਹ ਕਰਵਾਉਣ ਵਲ ਧਿਆਨ ਦੇਵੇਗਾ ਅਤੇ ਆਪ ਕਦੇ ਵੀ ਸਿੱਖੀ ਅਸੂਲਾਂ ਤੋਂ ਬਾਹਰ ਨਹੀਂ ਜਾਵੇਗਾ। ਸਿੱਖ ਰਹਿਤ ਮਰਿਯਾਦਾ ਦੇ ਪਰਕਰਣ " ਗੁਰਬਾਣੀ ਦੀ ਕਥਾ' ਵਿੱਚ ਲਿਖਿਆ ਹੈ ਕਿ " ਪੜ੍ਹੋ ਭਾਗ ੳ, ਅ ਅਤੇ ੲ।

**ਸਵਾਲ : ਕੀ ਭੋਗ ਦੀ ਅਰਦਾਸ ਤੋਂ ਬਾਅਦ ਕਥਾ, ਕੀਰਤਨ, ਜਾਂ ਵਿਖਿਆਨ ਆਦਿ ਕੀਤਾ ਜਾ ਸਕਦਾ ਹੈ ?**

**ਜਵਾਬ :** ਸਿੱਖ ਰਹਿਤ ਮਰਿਯਾਦਾ ਦੇ ਮੁਤਾਬਕ ਗੁਰਬਾਣੀ ਦਾ ਪਾਠ, ਕਥਾ, ਕੀਰਤਨ, ਵਿਖਿਆਨ ਆਦਿ ਤੋਂ ਬਾਅਦ ਅਨੰਦ ਸਾਹਿਬ ਦੀਆਂ ਛੇ ਪੌੜੀਆਂ ਹਨ ਜਾਂ ਪੂਰਾ ਅਨੰਦ ਸਾਹਿਬ ਪੜ੍ਹਣ ਤੋਂ ਬਾਅਦ ਅਰਦਾਸ, ਫਤਿਹ, ਸਤਿ ਸ੍ਰੀ ਅਕਾਲ ਦਾ ਜੈਕਾਰਾ, ਹੁਕਮਨਾਮਾ ਲੈਣਾ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣ ਦਾ ਵਿਧਾਨ ਹੈ। ਇਹ ਵਿਧਾਨ ਪੰਥ ਪ੍ਰਵਾਣਿਤ ਹੈ, ਜੋ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਹੈ, ਇਸ ਲਈ ਇਸ ਵਿਧਾਨ ਤੇ ਅਣਗਹਿਲੀ ਕਰਦਿਆਂ ਕਥਾ, ਕੀਰਤਨ, ਵਿਖਿਆਨ ਆਦਿ ਅਨੰਦ ਸਾਹਿਬ ਤੋਂ ਬਾਅਦ ਨਹੀਂ ਕਰਨਾ ਚਾਹੀਦਾ। ਹਾਂ ਜੇਕਰ ਕਰਨਾ ਹੈ ਤਾਂ ਉਹ ਪਹਿਲਾਂ ਹੀ ਕਰ ਲੈਂਣਾ ਚਾਹੀਦਾ ਹੈ। SGPC, DSGMC, HSGPC ਆਦਿ ਦੇ ਪ੍ਰਬੰਧ ਅਧੀਨ ਆਉਂਦੇ ਗੁਰਦੁਆਰਿਆਂ ਵਿੱਚ ਕਥਾ ਕੀਰਤਨ ਵਿਖਿਆਨ ਆਦਿ ਦੀ ਸੇਵਾ ਅਨੰਦ ਸਾਹਿਬ ਕਰਨ ਤੋਂ ਪਹਿਲਾਂ ਹੀ ਨਿਭਾਈ ਜਾਂਦੀ ਹੈ ਪਰ ਦੇਖਣ ਵਿੱਚ ਆਉਂਦਾ ਹੈ ਕਿ ਕਈ ਗੁਰਦੁਆਰਿਆਂ ਵਿੱਚ ਅਗਿਆਨਤਾ ਕਾਰਨ ਹੁਕਮਨਾਮੇ ਦੀ ਵਿਆਖਿਆ, ਕਥਾ,ਕੀਰਤਨ ਆਦਿ ਅਰਦਾਸ ਤੋਂ ਬਾਅਦ ਕਰਦੇ ਹਨ ਜੋ ਕਿ ਮਰਿਯਾਦਾ ਦੇ ਅਨਕੂਲ ਨਹੀਂ ਹੈ। ਗ੍ਰੰਥੀ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਗਤ ਵਿੱਚ ਬੈਠ ਕੇ ਵਿਚਾਰ ਲੈਣਾ ਚਾਹੀਦਾ ਹੈ ਤੇ ਸ਼ਬਦ ਦੀ ਵਿਚਾਰ, ਕਥਾ, ਕੀਰਤਨ ਆਦਿ ਅਨੰਦ ਸਾਹਿਬ ਪੜ੍ਹਣ ਤੋਂ ਪਹਿਲਾਂ ਹੀ ਕਰ ਲੈਣੇ ਚਾਹੀਦੇ ਹਨ।

**ਸਵਾਲ : 74. ਸਿੱਖ ਸਮਾਜ ਵਿੱਚ 'ਤਨਖਾਹ' ਲਾਉਣ ਦੀ ਵਿਧੀ ਕੀ ਹੈ?**

**ਜਵਾਬ :** ਸਿੱਖ ਰਹਿਤ ਮਰਿਯਾਦਾ ਵਿੱਚ ਦਰਜ ਹੈ ਕਿ "(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੇ ਗੁਰਦੁਆਰੇ ਵਿਚ ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁੱਖ ਖੜ੍ਹੋ ਕੇ ਆਪਣੀ ਭੁੱਲ ਮੰਨੇ।

(ਅ) ਗੁਰ ਸੰਗਤ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜ ਪਿਆਰੇ ਚੁਣੇ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ ਗੁਰ ਸੰਗਤ ਪਾਸ ਤਨਖਾਹ (ਡੰਡ) ਤਜਵੀਜ਼ ਕਰਨ।

(ੲ) ਸੰਗਤ ਨੂੰ ਬਖਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ। ਨਾ ਹੀ ਤਨਖਾਹ ਲਵਾਉਣ ਵਾਲੇ ਨੂੰ ਡੰਡ ਭਰਨ ਵਿੱਚ ਅੜੀ ਕਰਨੀ ਚਾਹੀਦੀ ਹੈ। ਤਨਖਾਹ ਕਿਸੇ ਕਿਸਮ ਦੀ ਸੇਵਾ, ਖਾਸ ਕਰਕੇ ਜੋ ਹਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਏ।

(ਸ) ਅੰਤ ਸੋਧ ਦੀ ਅਰਦਾਸ ਹੋਵੇ"

–0–




# ਪੂਰਬਲੇ ਜਨਮ

ਬੁੱਧੀ ਦਾ ਵਿਕਾਸ ਨਾ ਹੋਣ ਕਰਕੇ ਮਨੁੱਖ ਅਗਿਆਨਤਾ ਦੇ ਹਨ੍ਹੇਰੇ ਵਿੱਚ ਰਹਿੰਦਾ ਹੋਇਆ ਹਰੇਕ ਚੀਜ਼ ਕੋਲੋਂ ਡਰਦਾ ਹੈ। ਮਨੁੱਖ ਦੀ ਡਰਨ ਵਾਲੀ ਬਿਰਤੀ ਦਾ ਪੁਜਾਰੀ ਨੇ ਬਹੁਤ ਫਾਇਦਾ ਓਠਾਇਆ ਹੈ। ਪੁਜਾਰੀ ਇਹ ਗੱਲ ਸਮਝਾਉਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੋ ਗਿਆ ਕਿ ਜਿਹੜੇ ਹੁਣ ਰਾਜੇ ਜਾਂ ਅਮੀਰ ਹਨ ਇਹਨਾਂ ਆਪਣੇ ਪਿਛਲੇ ਜਨਮ ਵਿੱਚ ਬੰਦਗੀ ਕਰਦਿਆਂ ਦਾਨ ਪੁੰਨ ਵੀ ਬਹੁਤ ਕੀਤਾ ਹੋਇਆ ਸੀ ਜਿਸ ਕਰਕੇ ਇਹ ਰਾਜੇ ਬਣ ਗਏ ਹਨ। ਜਿਹੜੇ ਗਰੀਬੀ ਨਾਲ ਘੁਲ਼ ਰਹੇ ਹਨ ਜਾਂ ਕੋਈ ਬਿਮਾਰੀਆਂ ਨਾਲ ਤੜਫ ਰਹੇ ਹਨ ਇਹਨਾਂ ਨੇ ਪਿਛਲੇ ਜਨਮ ਵਿੱਚ ਦਾਨ ਪੁੰਨ ਨਹੀਂ ਕੀਤਾ, ਇਸ ਲਈ ਇਹ ਹੁਣ ਦੁਖ ਭੋਗ ਰਹੇ ਹਨ। ਦੂਸਰਾ ਜੇ ਰਾਜਿਆਂ ਨੇ ਹੁਣ ਦਾਨ ਪੁੰਨ ਨਾ ਕੀਤਾ ਤਾਂ ਅਗਾਂਹ ਇਹ ਵੀ ਗਰੀਬ ਬਣ ਜਾਣਗੇ। ਵਰਤਮਾਨ ਜੀਵਨ ਸਵਾਰਨ ਦੀ ਥਾਂ 'ਤੇ ਲੋਕ ਪੁਜਾਰੀਆਂ ਦੇ ਇਹਨਾਂ ਝੂਠਿਆਂ ਲਾਰਿਆਂ ਵਿੱਚ ਫਸ ਕੇ ਰਹਿ ਗਏ ਹਨ। ਸਿੱਖੀ ਵਿੱਚ ਵੀ ਜ਼ਿਆਦਾ ਪ੍ਰਚਾਰ ਏਸੇ ਬਿਨਾਅ ਦਾ ਹੀ ਕੀਤਾ ਗਿਆ ਹੈ। ਸਿੱਖੀ ਭੇਸ ਵਿੱਚ ਸਾਧਾਂ ਤਥਾ ਹੋਰ ਬਿੱਪਰੀ ਸੋਚ ਵਾਲੇ ਪ੍ਰਚਾਰਕਾਂ ਨੇ ਵੀ ਏਸੇ ਕਿਸਮ ਦਾ ਹੀ ਪ੍ਰਚਾਰ ਕੀਤਾ ਹੈ-

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ ॥**

**ਬਿਪਰੀਤ ਬੁਧੵੰ ਮਾਰਤ ਲੋਕਹ ਨਾਨਕ ਚਿਰੰਕਾਲ ਦੁਖ ਭੋਗਤੇ ॥24॥**



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਅੱਖਰੀਂ ਅਰਥ**- ਪੂਰਬਲੇ ਜਨਮਾਂ ਵਿੱਚ ਕੀਤੇ ਪੁੰਨ-ਕਰਮਾਂ ਦਾ ਸਦਕਾ ਰਾਜੇ (ਇਥੇ ਰਾਜ-ਮਿਲਖ ਦੀ) ਮਾਲਕੀ ਮਾਣਦੇ ਹਨ ਪਰ, ਹੇ ਨਾਨਕ! ਇਥੇ ਨਾਸਵੰਤ ਜਗਤ ਵਿੱਚ (ਉਹਨਾਂ ਸੁਖਾਂ ਦੇ ਕਾਰਨ) ਜਿਨ੍ਹਾਂ ਦੀ ਬੁੱਧੀ ਉਲਟੀ ਹੋ ਜਾਂਦੀ ਹੈ, ਉਹ ਚਿਰਕਾਲ ਤਕ ਦੁੱਖ ਭੋਗਦੇ ਹਨ।

**ਵਿਚਾਰ ਚਰਚਾ-**

1. ਜੇ ਇਹ ਮੰਨ ਲਿਆ ਜਾਏ ਕਿ ਸਾਡੇ ਜਨਮ ਤੋਂ ਪਹਿਲਾਂ ਵਾਲਾ ਸਾਡਾ ਕੋਈ ਹੋਰ ਜੀਵਨ ਸੀ ਤੇ ਉਸ ਜੀਵਨ ਵਿੱਚ ਕੀਤੇ ਕਰਮਾਂ ਦਾ ਫਲ ਹੁਣ ਭੋਗ ਰਹੇ ਹਾਂ ਤਾਂ ਵਰਤ ਮਾਨ ਜੀਵਨ ਵਿੱਚ ਜਿਸ ਬੱਚੀ ਨਾਲ ਬਲਾਤਕਾਰ ਹੋਇਆ ਹੈ ਤਾਂ ਕੀ ਉਸ ਨੂੰ ਕਿਸੇ ਪਿਛਲੇ ਜਨਮ ਵਿੱਚ ਕੀਤੇ ਕਰਮਾਂ ਦਾ ਫ਼ਲ ਮਿਲਿਆ ਹੈ?

2. ਜੇ ਪਿਛਲੇ ਜਨਮ ਦੇ ਕੀਤੇ ਕਰਮਾਂ ਦੀ ਸਜਾ ਸਾਨੂੰ ਹੁਣ ਮਿਲ ਰਹੀ ਹੈ ਤਾਂ ਫਿਰ ਸ਼ਹੀਦੀਆਂ ਨੂੰ ਕਿੱਥੇ ਰੱਖਾਂਗੇ? ਕੀ ਸ਼ਹੀਦੀਆਂ ਵਰਤਮਾਨ ਸਮੇਂ ਵਿੱਚ ਬੇ-ਇਨਸਾਫ਼ੀ, ਜ਼ੁਲਮ ਦੇ ਖ਼ਿਲਾਫ਼ ਸਨ ਜਾਂ ਕੋਈ ਪਿੱਛਲੇ ਜਨਮ ਵਿੱਚ ਕੀਤੇ ਹੋਏ ਕਰਮਾਂ ਦਾ ਫ਼ਲ ਮਿਲਿਆ ਹੈ?

3. ਜੇ ਪਿਛਲੇ ਜਨਮਾਂ ਦੇ ਕੀਤੇ ਕਰਮ ਹੀ ਅਸੀਂ ਭੋਗ ਰਹੇ ਹਾਂ ਤਾਂ ਫਿਰ ਕਿਸੇ ਨੂੰ ਵੀ ਕੋਰਟ-ਕਚਹਿਰੀਆਂ ਵਿੱਚ ਜਾਣ ਦੀ ਲੋੜ ਨਹੀਂ ਹੈ ਕਿਉਂਕਿ ਹਰੇਕ ਮਨੁੱਖ ਪਿਛਲੇ ਜਨਮ ਵਿੱਚ ਕੀਤੇ ਹੋਏ ਕਰਮਾਂ ਦਾ ਹੀ ਫ਼ਲ ਭੋਗ ਰਿਹਾ ਹੈ।

4. ਪਹਿਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਇਸ ਜਨਮ ਤੋਂ ਪਹਿਲਾਂ ਕੋਈ ਹੋਰ ਜਨਮ ਨਹੀਂ ਮੰਨਦੀ ਹੈ। ਇਹ ਜਨਮ ਹੀ ਪਹਿਲਾ ਅਤੇ ਅਖੀਰਲਾ ਹੈ। ਵਰਤਮਾਨ ਜੀਵਨ ਵਿੱਚ ਕੀਤਾ ਗਿਆ ਹਰ ਕਰਮ ਪੂਰਬਲ਼ਾ ਕਰਮ ਬਣਦਾ ਜਾਂਦਾ ਹੈ। ਪਿਛਲੀ ਪੜ੍ਹਾਈ ਕਰਨ ਨਾਲ ਹੀ ਵਿਦਿਆਰਥੀ ਅਗਲੀ ਜਮਾਤ ਵਿੱਚ ਜਾਂਦਾ ਹੈ।

5. ਗੁਰਬਾਣੀ ਸਾਨੂੰ ਵਰਤਮਾਨ ਜੀਵਨ ਵਿੱਚ ਸਚਿਆਰ ਬਣਨ ਲਈ ਆਖ ਰਹੀ ਹੈ।

6. ਬਹੁਤ ਸਾਰੇ ਗਪੌੜ ਅਕਸਰ ਸੁਣਦੇ ਰਹਿੰਦੇ ਹਾਂ ਕਿ ਜੀ ਫਲਾਣੇ ਨੇ ਆਪਣਾ ਪਿਛਲਾ ਜਨਮ ਦੱਸਿਆ ਸੀ ਜਿਹੜਾ ਬਿਲਕੁਲ ਗੈਰ ਕੁਦਰਤੀ ਵਰਤਾਰਾ ਤੇ ਅਨਹੋਣੀਆਂ ਗੱਲਾਂ ਹਨ।

7. ਰਾਜਾ ਕੌਣ ਬਣਦਾ ਹੈ? ਕੀ ਸਾਰੀ ਮਨੁੱਖਤਾ ਰਾਜਾ ਬਣ ਸਕਦੀ ਹੈ? ਇਸ ਦਾ ਉੱਤਰ ਜਿਸ ਮਨੁੱਖ ਨੇ ਵੀ ਵਰਤਮਾਨ ਵਿੱਚ ਸਮੇਂ ਦੀ ਸੰਭਾਲ਼ ਕੀਤੀ ਹੈ ਉਹ ਹੀ ਦਿਲ ਦਾ ਰਾਜਾ ਬਣਦਾ ਹੈ- ਭਾਵ ਮਿਥੀ ਹੋਈ ਮੰਜ਼ਿਲ 'ਤੇ ਪਹੁੰਚਦਾ ਹੈ। ਵਰਤਮਾਨ ਜੀਵਨ ਵਿੱਚ ਦੈਵੀ ਗੁਣਾਂ ਨੂੰ ਸੰਭਾਲਣ ਵਾਲਾ ਮਨ ਦਾ ਰਾਜਾ ਬਣਦਾ ਹੈ।

8. ਵਿਕਸਤ ਮੁਲਕਾਂ ਵਿੱਚ ਹਰੇਕ ਮਿਹਨਤ ਕਰਨ ਵਾਲਾ ਮਨੁੱਖ ਜ਼ਿੰਦਗੀ ਦੀ ਹਰੇਕ ਸਹੂਲਤ ਲੈ ਸਕਦਾ ਹੈ।

9. ਅਹਿਮ ਨੁਕਤਾ ਹੈ ਕਿ ਰੁਤਬਾ ਹਾਸਲ ਕਰਕੇ ਉਸ ਰੁਤਬੇ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣਾ ਹੈ ਜੇ ਮਾੜੀ ਜਿਹੀ ਵੀ ਕੋਈ ਢਿੱਲ ਆ ਗਈ ਤਾਂ ਅਰਸ਼ ਤੋਂ ਫਰਸ਼ 'ਤੇ ਆ ਸਕਦਾ ਹੈ।

10. ਇਥੇ ਇੱਕ ਹੋਰ ਨੁਕਤਾ ਵੀ ਕੰਮ ਕਰਦਾ ਹੈ ਕਿ ਕਈ ਵਾਰੀ ਮਨੁੱਖ ਗਲਤੀਆਂ ਕਰਦਾ ਪਕੜਿਆ ਨਹੀਂ ਜਾਂਦਾ ਪਰ ਅਜਿਹਾ ਮਨੁੱਖ ਆਪਣੇ ਅੰਤਰ ਆਤਮੇ 'ਤੇ ਜਿਹੜਾ ਦੁੱਖ ਭੋਗ ਰਿਹਾ ਹੈ ਉਹ ਆਪ ਹੀ ਜਾਣਦਾ ਹੈ।

11. ਗੱਲ ਸਾਰੀ ਸਮਝ ਵਿੱਚ ਆਉਂਦੀ ਹੈ ਕਿ ਜਦੋਂ ਬੁੱਧੀ ਭ੍ਰਿਸ਼ਟ ਹੋ ਜਾਏ ਤਾਂ ਮਨੁੱਖ ਵਰਤਮਾਨ ਜੀਵਨ ਵਿੱਚ ਲੰਬਾ ਸਮਾਂ ਦੁੱਖ ਭੋਗਦਾ ਹੈ—

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥**

**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥**

**ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥ (੪੧੭)** -0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**

**ਗੁਰਮਤਿ ਵਿਰਸਾ**

ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542
**Email:** gurmatvirsa@gmail.com

ਸਤਿਗੁਰੂ ਅਰਜਨ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ

# ਸਤਿਗੁਰੂ ਅਰਜਨ ਸਾਹਿਬ ਜੀ ਦੇ ਪਰਉਪਕਾਰ



ਕੈਪਟਨ ਅਵਤਾਰ ਸਿੰਘ
97819-90206

ਸਤਿਗੁਰੂ ਨਾਨਕ ਸਾਹਿਬ ਜੀ ਨੂੰ ਜੋ ਅਕਾਲ ਪੁਰਖ ਵੱਲੋਂ ਮਨੁੱਖਤਾ ਦੇ ਕਲਿਆਣ ਲਈ ਸੇਵਾ ਸੌਂਪ ਕੇ ਭੇਜਿਆ ਗਿਆ, ਉਹ ਕਾਰਜ ਬੜੀ ਲਾਸਾਨੀ, ਦੂਰਗਾਮੀ ਅਤੇ ਕ੍ਰਾਂਤੀਕਾਰੀ ਸੀ। ਆਪਣੀ 70 ਕੁ ਸਾਲ ਦੀ ਸਰੀਰੀ ਉਮਰ ਵਿਚ ਜੋ ਕੰਮ ਕੀਤੇ, ਉਹ ਸਦੀਆਂ ਵਿਚ ਵੀ ਹੋਣੇ ਸੰਭਵ ਨਹੀਂ ਸਨ। ਆਪਣੇ ਪਰਚਾਰੇ ਅਤੇ ਲਿਖੇ ਵਿਚਾਰਾਂ ਨੂੰ ਇਕੋ ਜੀਵਨ ਵਿਚ ਲਾਗੂ ਕੀਤਾ ਜਾਣਾ ਸੰਭਵ ਨਹੀਂ ਸੀ ਕਿਉਂਕਿ ਰੋਗ ਏਨਾ ਭਿਆਨਕ ਸੀ ਕਿ ਜੋ ਇਸ ਭਾਰਤੀ ਕੌਮ ਦੀ ਤਬਾਹਕੁੰਨ ਅਵੱਸਥਾ ਨੂੰ ਪੂਜਦਿਆਂ ਕਈ ਹਜ਼ਾਰ ਸਾਲ ਲੱਗੇ ਸਨ ਤਾਂ ਅਰੋਗ ਹੋਣ ਵਾਸਤੇ ਭੀ ਸਦੀਆਂ ਦੀ ਭਵਿੱਖ ਮੁਖੀ ਰੂਪ-ਰੇਖਾ ਉਲੀਕਣੀ ਪੈਣੀ ਸੀ। ਗੁਰੂ ਨਾਨਕ ਸਾਹਿਬ ਜੀ ਨੇ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਭਰਪੂਰ ਚਾਨਣਾ ਪਾਇਆ ਹੈ। ਉਨ੍ਹਾਂ ਆਪਣੇ ਸਰਬੱਤ ਦੇ ਭਲੇ ਵਾਲੇ ਸਿਧਾਂਤ, ਗੁਰਬਾਣੀ ਰਾਹੀਂ ਸੰਭਾਲ ਕੇ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੇ। ਹੋਰ ਅਜਿਹੇ ਬਹੁਤ ਸਾਰੇ ਕੰਮ ਭੀ ਹੋਣਗੇ, ਜਿਨ੍ਹਾਂ ਨੂੰ ਲਿਖਤ ਵਿਚ ਲਿਆਉਣਾ ਜ਼ਰੂਰੀ ਨਹੀਂ ਸਮਝਿਆ ਗਿਆ, ਉਹ ਜ਼ਬਾਨੀ ਸਮਝਾ ਦਿੱਤੇ ਗਏ। ਇਹ ਯਾਦ ਰਹੇ ਕਿ 'ਅਜ਼ਾਦੀ' ਸ਼ਬਦ ਤੋਂ ਸਮੇਂ ਦੀ ਹਰ ਸਰਕਾਰ ਤ੍ਰਹਿੰਦੀ ਹੈ। ਕੋਈ ਕੌਮ ਮਨੁੱਖਾਂ ਦਾ ਸਮੂਹ, ਪਿੰਡ-ਸ਼ਹਿਰ ਜੇਕਰ ਕਹਿ ਦੇਵੇ ਕਿ, 'ਅਸੀਂ ਹਰ ਹਾਲਤ ਵਿੱਚ ਆਜ਼ਾਦੀ ਪ੍ਰਾਪਤ ਕਰ ਕੇ ਰਹਾਂਗੇ।' ਸਮੇਂ ਦੀ ਹਕੂਮਤ (ਰਾਜ ਸ਼ਕਤੀ) ਉਸ ਉੱਠ ਰਹੀ ਆਵਾਜ਼ ਨੂੰ ਸਾਰੀ ਤਾਕਤ ਲਾ ਕੇ ਕੁਚਲ ਦੇਵੇਗੀ। ਵੱਡੇ ਤੋਂ ਵੱਡਾ ਜ਼ਬਰ ਢਾਹੁਣਾ ਪਵੇ ਤਾਂ ਭੀ ਸੰਕੋਚ ਨਹੀਂ ਕਰੇਗੀ। ਸਥਾਪਤ ਧਰਮਾਂ ਵਿਚ ਆਈ ਗਿਰਾਵਟ ਨੂੰ ਜੇ ਕੋਈ ਵੰਗਾਰੇ ਤਾਂ ਸਮੇਂ ਦੇ ਧਰਮ ਮੁਖੀਆਂ ਨੂੰ ਕਦੇ ਭੀ ਪ੍ਰਵਾਨ ਨਹੀਂ ਹੋਵੇਗਾ। ਪੁਜਾਰੀ ਲੋਕ ਭੋਲੇ ਲੋਕਾਂ ਦੀ ਲੁੱਟ ਕਰ ਕੇ ਹੀ 'ਸੁੱਖਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹੁੰਦੇ ਹਨ।' ਉਹ ਕਿਵੇਂ ਬਰਦਾਸ਼ਤ ਕਰ ਸਕਦੇ ਹਨ ਕਿ ਉਨ੍ਹਾਂ ਵੱਲੋਂ ਕੀਤੇ ਜਾ ਰਹੇ 'ਧਾਰਮਿਕ' ਕੰਮਾਂ ਨੂੰ ਕੋਈ ਗ਼ਲਤ ਆਖੇ। ਆਪਣੀ ਸਾਰੀ 'ਧਰਮ ਸ਼ਕਤੀ' ਵਰਤ ਕੇ ਇਹ ਬਾਹਰੋਂ ਨਿਰ੍ਹੇ ਗਊ ਨਜ਼ਰ ਆਉਂਦੇ ਲੋਕ, ਜ਼ਰਾ ਕੁ ਹੱਥ ਲਾਉਣ ਤੇ ਭੂਤਰੇ ਹੋਏ ਸਾਨ੍ਹ ਵਾਂਗ ਖੌਰੂ ਪਾਉਂਦੇ ਹਨ। ਸਿੰਗਾਂ 'ਤੇ ਚੁੱਕ ਲੈਂਦੇ ਹਨ, ਪੈਰਾਂ ਹੇਠ ਲਿਤਾੜ ਸੁੱਟਦੇ ਹਨ। ਵਿਚਾਰੀ ਭੋਲੀ-ਭਾਲੀ ਜਨਤਾ ਇਨ੍ਹਾਂ ਨੂੰ ਵੇਖਦਿਆਂ ਹੀ ਲੰਮਿਆਂ ਪੈ ਕੇ ਡੰਡਉਤ ਬੰਦਨਾ ਦੀ ਮੁੱਦਰਾ ਵਿਚ ਚਲੀ ਜਾਂਦੀ ਹੈ।' ਗੁਰੂ ਨਾਨਕ ਸਾਹਿਬ ਜੀ ਨੇ ਜਿਥੇ ਪਾਵਨ ਬਾਣੀ ਰਾਹੀਂ ਲਿਖਤੀ ਉਪਦੇਸ਼ ਦਿੱਤੇ, ਕ੍ਰਾਂਤੀਕਾਰੀ ਭਗਤਾਂ ਦੀ ਬਾਣੀ ਨੂੰ ਸੰਭਾਲ ਕੇ ਆਪਣੇ ਨਾਲ ਸ਼ਾਮਲ ਕੀਤਾ, ਉਥੇ ਬਹੁਤ ਸਾਰੇ ਜ਼ਬਾਨੀ ਉਪਦੇਸ਼ ਭੀ ਦਿੱਤੇ ਸਨ, ਉਹ ਇਸ ਲਈ ਕਿ ਕਿਤੇ 'ਪਰਜਾ ਪਾਲਕ ਬਾਦਸ਼ਾਹ' ਨਾਲ ਸਿੱਧੀ ਟੱਕਰ ਨਾ ਹੋ ਜਾਵੇ। ਕਿਤੇ ਕਿਸੇ ਧਰਮਾਤਮਾ ਪੁਰਸ਼ ਨੂੰ ਪ੍ਰੇਸ਼ਾਨੀ ਨਾ ਹੋ ਜਾਵੇ। ਸੰਕੋਚ ਕਰਨ ਦੇ ਬਾਵਜੂਦ ਗੁਰੂ ਨਾਨਕ ਸਾਹਿਬ ਜੀ ਨੇ ਬਹੁਤ ਕੁਝ ਸੱਚੋ ਸੱਚ ਕਹਿ ਦਿੱਤਾ ਸੀ।

ਗੁਰੂ ਅੰਗਦ ਸਾਹਿਬ ਜੀ ਨੇ ਉਸੇ ਕਾਰਜ ਨੂੰ ਸ਼ਿੱਦਤ ਨਾਲ ਅੱਗੇ ਵਧਾਇਆ। ਗੁਰੂ ਅਮਰਦਾਸ ਜੀ ਨੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦਿਆਂ ਇਸ ਲਹਿਰ ਨੂੰ ਹੋਰ ਪ੍ਰਚੰਡ ਕੀਤਾ। ਗੁਰੂ ਰਾਮਦਾਸ ਸਾਹਿਬ ਜੀ ਨੇ ਖਿਲਰੇ ਬਿਖਰੇ ਸਮਾਜ ਨੂੰ ਜੋੜਨ ਵਾਸਤੇ ਹੋਰ ਬਹੁਤ ਸਾਰੇ ਕਲਿਆਣਕਾਰੀ ਕੰਮ ਕੀਤੇ। ਉਥੇ ਨਾਲ ਹੀ ਸਿੱਖਾਂ ਲਈ ਰਾਜਧਾਨੀ ਚੱਕ ਰਾਮਦਾਸ (ਅੰਮ੍ਰਿਤਸਰ) ਭੀ ਕਾਇਮ ਕੀਤੇ। ਚੌਹਾਂ ਗੁਰੂਆਂ ਅਤੇ ਪਰਉਪਕਾਰੀ ਭਗਤਾਂ ਦਾ ਸਾਰਾ ਵਿਰਸਾ, ਸਤਿਗੁਰੂ ਅਰਜਨ ਸਾਹਿਬ ਜੀ ਨੂੰ ਪ੍ਰਾਪਤ ਹੋਇਆ। ਇਸ ਖਜ਼ਾਨੇ ਨੂੰ ਉਨ੍ਹਾਂ ਯੋਗ ਤਰੀਕੇ ਵਰਤਣਾ ਭੀ ਸੀ ਅਤੇ ਇਸ ਵਿਚ ਹੋਰ ਬਹੁਤ ਸਾਰਾ ਵਾਧਾ ਭੀ ਕਰਨਾ ਸੀ। ਸਮਾਂ ਬੀਤਣ ਨਾਲ ਜਿੰਨਾ ਗਿਆਨ ਵੱਧਦਾ ਜਾਵੇਗਾ, ਇਤਿਹਾਸ ਦੇ ਛੁਪੇ (ਜਾਂ ਜਾਣ ਬੁੱਝ ਕੇ ਛੁਪਾਏ) ਤੱਥ ਸਾਹਮਣੇ ਆਉਣਗੇ ਤਾਂ ਸਤਿਗੁਰੂ ਜੀ ਦੀ ਸਖਸ਼ੀਅਤ ਹੋਰ ਸਤਿਕਾਰ ਪ੍ਰਾਪਤ ਕਰੇਗੀ। ਜਿਉਂ-ਜਿਉਂ ਗੁਰਬਾਣੀ ਵਿਚਲੇ ਕ੍ਰਾਂਤੀਕਾਰੀ ਤੱਤਾਂ ਦੀ ਵਿਗਿਆਨਕ ਨਜ਼ਰੀਏ ਤੋਂ ਅੱਜ ਦੇ ਹਾਲਾਤ ਨੂੰ ਸਾਹਮਣੇ ਰੱਖ ਕੇ, ਅਰਥ ਵਿਆਖਿਆ ਕੀਤੀ ਜਾਵੇਗੀ, ਤਦੋਂ ਸਤਿਗੁਰੂ ਜੀ ਦੇ ਚਰਨਾਂ 'ਤੇ ਹੋਰ ਸਤਿਕਾਰ ਨਾਲ ਸਿਰ ਝੁਕੇਗਾ। ਜਿਵੇਂ-ਜਿਵੇਂ ਇਤਿਹਾਸਕਾਰ ਇਸ ਲਾਸਾਨੀ ਸ਼ਹੀਦੀ ਦੇ ਕਾਰਨ ਪਰਖਣਗੇ, ਉਹ ਸਤਿਗੁਰੂ ਜੀ ਦੀ ਜੈ-ਜੈ ਕਾਰ ਕਰਨੋਂ ਰਹਿ ਨਹੀਂ ਸਕਣਗੇ। ਕਿਸੇ ਵਕਤ ਲਿਖਾਰੀਆਂ, ਪ੍ਰਚਾਰਕਾਂ ਨੂੰ ਸ਼ਰਮਸਾਰ ਭੀ ਹੋਣਾ ਪੈ ਸਕਦਾ ਹੈ ਕਿ ਜੋ ਕੁਝ ਉਹ ਸਤਿਗੁਰੂ ਜੀ ਨੂੰ ਸਮਝਦੇ ਰਹੇ ਹਨ, ਉਹ ਤਾਂ ਉਹਨਾਂ ਦੀ ਜ਼ਿੰਦਗੀ ਦਾ ਇੱਕ ਛੋਟਾ ਜਿਹਾ ਅੰਗ ਸੀ। ਸਤਿਗੁਰੂ ਜੀ ਤਾਂ ਇਸ ਤੋਂ ਬਹੁਤ ਮਹਾਨ ਸਨ।

ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ ਗੋਇੰਦਵਾਲ ਸਾਹਿਬ 15 ਅਪ੍ਰੈਲ 1563 ਈ. ਨੂੰ ਗੁਰੂ ਰਾਮਦਾਸ ਜੀ ਦੇ ਗ੍ਰਹਿ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਬਚਪਨ ਗੁਰੂ ਅਮਰਦਾਸ ਜੀ ਦੀ ਛਤਰਛਾਇਆ ਹੇਠ ਬੀਤਿਆ। ਆਪ ਜੀ ਨੇ ਬਾਬਾ ਬੁੱਢਾ ਜੀ ਤੋਂ ਸ਼ਸਤਰ ਵਿਦਿਆ, ਗੁਰੂ ਅਮਰਦਾਸ ਜੀ ਤੋਂ ਗੁਰਮੁਖੀ, ਪੰਡਿਤ ਬੈਣੀ ਤੋਂ ਸੰਸਕ੍ਰਿਤ ਅਤੇ ਆਪਣੇ ਮਾਮਾ ਮੋਹਰੀ ਜੀ ਤੋਂ ਗਣਿਤ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਸ਼ਾਂਤ ਸੁਭਾਅ ਦੇ ਮਾਲਕ ਸਨ ਅਤੇ ਸੰਗਤਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦੇ ਸਨ।

ਆਪ ਜੀ ਦਾ ਵਿਆਹ 1579 ਈ. ਪਿੰਡ ਮੌ, ਜ਼ਿਲ੍ਹਾ ਜਲੰਧਰ ਦੇ ਕਿਸ਼ਨ ਚੰਦ ਦੀ ਬੇਟੀ ਮਾਤਾ ਗੰਗਾ ਜੀ ਨਾਲ ਹੋਇਆ। ਆਪ ਜੀ ਦੇ ਪੁੱਤਰ (ਗੁਰੂ) ਹਰਗੋਬਿੰਦ ਸਾਹਿਬ ਸਿੱਖਾਂ ਦੇ ਛੇਵੇਂ ਗੁਰੂ ਬਣੇ। 1581 ਈ. ਵਿਚ ਆਪ ਜੀ ਨੂੰ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਬਖ਼ਸ਼ ਕੇ ਸਿੱਖਾਂ ਦੇ 5ਵੇਂ ਗੁਰੂ ਬਣਾ ਦਿੱਤਾ। ਗੁਰੂ ਸਾਹਿਬ ਜੀ ਨੇ ਲੋਕਾਂ ਦੇ ਭਲੇ ਲਈ ਬਹੁਤ ਕੰਮ ਕੀਤੇ ਜਿਵੇਂ ਖੂਹ ਲਵਾਉਣੇ, ਤਰਨਤਾਰਨ ਸ਼ਹਿਰ ਵਸਾਉਣਾ, ਕੋਹੜੀਆਂ ਵਾਸਤੇ ਹਸਪਤਾਲ ਖੋਲ੍ਹਣਾ ਆਦਿ। ਗੁਰੂ ਸਾਹਿਬ ਆਪਣੇ ਹੱਥੀਂ ਰੋਗੀਆਂ ਦੀ ਸੇਵਾ ਕਰਦੇ ਰਹੇ। ਆਪ ਜੀ ਨੇ ਅੰਮ੍ਰਿਤਸਰ ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਉਸਾਰੀ ਕਰਵਾ ਕੇ ਸਿੱਖਾਂ ਦਾ ਕੇਂਦਰੀ ਅਸਥਾਨ ਬਣਾਇਆ, ਜਿਸਦੀ ਅੱਜ ਦੁਨੀਆਂ ਵਿਚ ਵੱਖਰੀ ਪਹਿਚਾਣ ਹੈ। ਆਪ ਜੀ ਨੇ 1604 ਈ. ਵਿਚ ਸਾਰੇ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀ ਬਾਣੀ ਇਕੱਠੀ ਕਰਕੇ ਆਦਿ ਗ੍ਰੰਥ ਦੀ ਸਥਾਪਨਾ ਕੀਤੀ।

ਗੁਰੂ ਅਰਜਨ ਸਾਹਿਬ ਜੀ ਕੇਵਲ 25 ਕੁ ਸਾਲ ਗੁਰਗੱਦੀ ਦੀ ਸੇਵਾ'ਤੇ ਰਹੇ। ਏਨੇ ਥੋੜੇ ਸਮੇਂ ਵਿੱਚ ਏਨੇ ਵਡੇਰੇ ਕਾਰਜ ਕਰਨੇ, ਕਿਸੇ ਕਰਾਮਾਤ ਤੋਂ ਘੱਟ ਨਹੀਂ ਸਨ। ਮਾਨੋ ਉਨ੍ਹਾਂ ਭਾਰਤੀ ਕੌਮ ਦੀ ਨਵ-ਸਿਰਜਣਾ ਕਰਨ ਦਾ ਮੁਕੰਮਲ ਬਾਨਣੂੰ ਬੰਨ੍ਹ ਦਿੱਤਾ। ਭਗਤਾਂ ਦੀ ਬਾਣੀ ਆਪਣੇ ਲੰਮੇ ਕ੍ਰਾਂਤੀਕਾਰੀ ਪ੍ਰਚਾਰ ਦੌਰਿਆਂ ਵਕਤ, ਸਤਿਗੁਰੂ ਨਾਨਕ ਸਾਹਿਬ ਜੀ ਨੇ ਖ਼ੁਦ ਇਕੱਤਰ ਕਰ ਲਈ ਸੀ। ਉਸ ਨੂੰ ਛਾਂਟੀ ਕਰਕੇ ਸੋਧ ਲਿਆ ਸੀ। ਆਪਣੇ ਹੱਥੀਂ, ਆਪਣੀ ਬਾਣੀ ਸਮੇਤ ਗੁਰੂ ਅੰਗਦ ਸਾਹਿਬ ਜੀ ਦੇ ਹਵਾਲੇ ਕਰ ਦਿੱਤੀ ਸੀ। ਗੁਰੂ ਅੰਗਦ ਸਾਹਿਬ ਤੋਂ ਗੁਰੂ ਅਮਰਦਾਸ ਤੇ ਇਸੇ ਤਰ੍ਹਾਂ ਪੰਜਵੇਂ ਸਤਿਗੁਰੂ ਕੋਲ ਸਾਰੀ ਬਾਣੀ ਪਹੁੰਚ ਗਈ। ਉਨ੍ਹਾਂ ਖ਼ੁਦ ਬਹੁਤ ਸਾਰੀ ਬਾਣੀ ਲਿਖੀ, ਸਾਰੇ ਪੱਖਾਂ ਬਾਰੇ। ਸਾਰੀ ਬਾਣੀ ਨੂੰ ਸੰਪਾਦਨਾ ਤਰਤੀਬ ਲਈ ਵਿਦਵਾਨ ਪੁਰਖ, ਗੁਰਬਾਣੀ ਗਿਆਨ ਨੂੰ ਚੰਗੀ ਤਰ੍ਹਾਂ ਜਾਣਨ ਵਾਲੇ,

ਭਾਈ ਗੁਰਦਾਸ ਜੀ ਦੇ ਸਪੁਰਦ ਕਰ ਦਿੱਤਾ। ਜਦੋਂ ਸਾਰੀ ਬਾਣੀ ਤਰਤੀਬ ਦੇ ਕੇ ਲਿਖ ਲਈ ਤਾਂ ਇੱਕ ਥਾਂ ਕਰਕੇ ਜਿਲਦ ਬਣਵਾ ਲਈ ਗਈ। ਇਸ ਦਾ ਨਾਮ ਹੋ ਗਿਆ 'ਪੋਥੀ ਸਾਹਿਬ'। ਸ਼ਾਇਦ ਇਹ ਪੰਗਤੀ ਇਸ ਪਰਥਾਏ ਹੀ ਹੋਵੇ:-

**ਪੋਥੀ ਪਰਮੇਸਰ ਕਾ ਥਾਨੁ ॥**
**ਸਾਧਸੰਗਿ ਗਾਵਹਿ ਗੁਣ ਗੋਬਿੰਦ**
**ਪੂਰਨ ਬ੍ਰਹਮ ਗਿਆਨੁ ॥ ਰਹਾਉ ॥**

**(1226)**

ਪੂਰੀ ਤਰ੍ਹਾਂ ਤਿਆਰੀ ਤੋਂ ਬਾਅਦ 'ਸ਼ਬਦ ਗੁਰੂ' ਦੀ ਮਹਾਨਤਾ ਦਰਸਾਉਣ ਲਈ ਸਤਿਗੁਰੂ ਜੀ ਨੇ ਦੂਰੋਂ ਨੇੜਿਓਂ ਸੰਗਤ ਨੂੰ ਹੁੰਮ-ਹੁੰਮਾ ਕੇ ਪਹਿਲੀ ਸਤੰਬਰ, 1604 ਨੂੰ ਵਕਤ ਸਿਰ ਪੁੱਜਣ ਲਈ ਆਖਿਆ। ਵੱਡੀ ਗਿਣਤੀ ਵਿਚ ਗੁਰਸਿੱਖ ਉਤਸ਼ਾਹ ਨਾਲ ਆਏ। ਇਹ ਸਾਰੇ ਕਾਫ਼ਲਾ ਬਣਾ ਕੇ ਸਤਿਗੁਰੂ ਜੀ ਦੀ ਨਿਗਰਾਨੀ ਵਿਚ, ਰਾਮਸਰ ਤੋਂ ਚੱਲ ਕੇ ਦਰਬਾਰ ਸਾਹਿਬ ਵਿਖੇ ਪਹੁੰਚ ਗਏ। ਨਵੇਂ ਬਣੇ ਸੁੰਦਰ ਦਰਬਾਰ ਵਿਚ 'ਪੋਥੀ ਸਾਹਿਬ' ਦਾ ਪਹਿਲਾ ਪ੍ਰਕਾਸ਼ ਕੀਤਾ ਗਿਆ। ਗੁਰਬਾਣੀ ਗੁਰੂ ਦਾ ਪਹਿਲਾ ਪ੍ਰਕਾਸ਼ ਉਸ ਥਾਵੇਂ ਕੀਤਾ ਗਿਆ, ਜਿੱਥੇ ਕਿਸੇ ਗੁਰ ਵਿਅਕਤੀ ਨੇ ਸਰੀਰਕ ਜਨਮ ਨਹੀਂ ਸੀ ਲਿਆ। ਹੋ ਸਕਦਾ ਹੈ ਅਣਜਾਣ ਸਿੱਖ ਸਰੀਰੀ ਜਾਮੇ ਵਾਲੇ ਸਥਾਨ ਨੂੰ ਜ਼ਿਆਦਾ 'ਪਵਿੱਤਰ' ਸਮਝ ਲੈਣ। ਜੀ ਨਹੀਂ! ਸਰੀਰ ਦਾ ਸਤਿਕਾਰ ਭੀ ਸ਼ਬਦ ਗਿਆਨ ਕਾਰਨ ਸੀ। ਹੁਣ ਉਹ ਸ਼ਬਦ ਗਿਆਨ ਪੋਥੀ ਵਿਚ ਮੌਜੂਦ ਹੈ, ਇਸ ਦਾ ਸਤਿਕਾਰ ਹੈ। ਸਤਿਗੁਰੂ ਅਰਜਨ ਸਾਹਿਬ ਜੀ ਸਰੀਰ ਕਰ ਕੇ ਕਿਸੇ ਇੱਕ ਥਾਂ ਸੰਗਤ ਨੂੰ ਉਪਦੇਸ਼ ਦਿਆ ਕਰਦੇ ਸਨ। ਗੁਰਬਾਣੀ ਦੇ ਉਤਾਰੇ ਹੋ ਕੇ ਸੰਗਤ ਦੀ ਮੰਗ 'ਤੇ ਹਰ ਥਾਂ ਪੁਚਾਏ ਜਾਣ ਲੱਗ ਪਏ। ਗੁਰਬਾਣੀ ਹਰ ਥਾਵੇਂ ਸੰਗਤ ਨੂੰ ਇਕੋ ਜਿਹਾ ਨਿੱਗਰ ਉਪਦੇਸ਼ ਦੇ ਰਹੀ ਸੀ। ਗੁਰੂ ਘਰ ਦੇ ਵਿਰੋਧੀ ਤਾਂ ਪਹਿਲਾਂ ਹੀ ਬੜੇ ਔਖੇ ਸਨ। ਪੋਥੀ ਦਾ ਪ੍ਰਕਾਸ਼ ਤੇ ਸੰਪੂਰਨਤਾ ਤਾਂ ਉਨ੍ਹਾਂ ਲਈ ਇੱਕ ਵੱਡੀ ਚੋਟ ਸੀ ਕਿਉਂਕਿ ਜਦੋਂ ਕਿਸੇ ਧਰਮ ਦੇ ਲੋਕਾਂ ਕੋਲ ਲਿਖਤ ਰੂਪ ਵਿਚ ਚੰਗੇ ਅਸੂਲ ਉਪਦੇਸ਼ ਹੋਣ ਤਾਂ ਮਾਨੋ ਉਹ ਧਰਮ ਪੱਕੇ ਪੈਰੀਂ ਹੋ ਗਿਆ। ਉਸਦੇ ਪੈਰੋਕਾਰ ਆਪਣੇ ਧਰਮ ਗ੍ਰੰਥ ਵਿਚੋਂ ਆਪਣੇ ਜੀਵਨ ਲਈ ਰਸਤਾ ਨਿਰਧਾਰਤ ਕਰਨਗੇ। ਜੇ ਕਦੀ ਪ੍ਰਚਾਰ ਦੀ ਕਮੀ ਕਾਰਨ ਸੇਵਕ ਕੁਰਾਹੇ ਪੈ ਭੀ ਜਾਣ ਤਾਂ ਠੀਕ ਅਤੇ ਗ਼ਲਤ ਦਾ ਫ਼ੈਸਲਾ ਕਰਨ ਲਈ ਧਰਮ ਗ੍ਰੰਥ ਦੀ ਅਗਵਾਈ ਸਦਾ ਮੌਜੂਦ ਹੁੰਦੀ ਹੈ, ਗ਼ਲਤੀ ਨੂੰ ਸੋਧਿਆ ਜਾ ਸਕਦਾ ਹੈ। ਇਸ ਗੱਲੋਂ ਪ੍ਰੇਸ਼ਾਨ ਬ੍ਰਾਹਮਣਾਂ ਅਤੇ ਮੌਲਾਣਿਆਂ ਨੇ, ਗੁਰੂ ਘਰ ਦੇ ਵਿਰੁੱਧ ਹਮਲੇ ਤੇਜ਼ ਕਰ ਦਿੱਤੇ।

ਗੁਰੂ ਸਾਹਿਬ ਵਲੋਂ ਲੁਕਾਈ ਦੀ ਸੇਵਾ ਅਤੇ ਪਰਉਪਕਾਰ ਦੇ ਕੰਮਾਂ ਨੂੰ ਵੇਖ ਕੇ ਗੁਰੂ ਘਰ ਦੇ ਵਿਰੋਧੀਆਂ ਦੀ ਲਾਬੀ ਇਕੱਠੀ ਹੋਣ ਲੱਗੀ ਅਤੇ ਉਨ੍ਹਾਂ ਨੇ ਵੱਖਰੇ ਵੱਖਰੇ ਤਰੀਕਿਆਂ ਨਾਲ ਗੁਰੂ ਜੀ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ। ਇਨ੍ਹਾਂ ਵਿਰੋਧੀਆਂ ਵਿਚ ਮੁਗ਼ਲਾਂ ਦੇ ਨਾਲ ਨਾਲ ਹਿੰਦੂਤਵੀ ਅਤੇ ਗੁਰੂ ਸਾਹਿਬ ਦੇ ਵੱਡੇ ਭਰਾ ਬਾਬਾ ਪ੍ਰਿਥਵੀ ਚੰਦ ਵੀ ਮੋਹਰੀ ਰਹੇ। ਬਹੁਤ ਸਾਰੇ ਕਾਰਨ ਗੁਰੂ ਜੀ ਦੀ ਸ਼ਹੀਦੀ ਦੇ ਸਬੱਬ ਬਣ ਗਏ ਪਰ ਆਮ ਲੋਕ ਚੰਦੂ ਬ੍ਰਾਹਮਣ ਨੂੰ ਹੀ ਦੋਸ਼ੀ ਸਮਝਦੇ ਰਹੇ। ਬਾਕੀ ਕਾਰਨਾਂ ਵੱਲ ਵੀ ਝਾਤੀ ਮਾਰਨ ਦੀ ਲੋੜ ਹੈ।

**ਸ਼ਹੀਦੀ ਦੇ ਕਾਰਨ:-**

**1. ਚੰਦੂ ਸ਼ਾਹ:-** ਪੰਚਮ ਪਾਤਸ਼ਾਹ ਦੀ ਸ਼ਹੀਦੀ ਦਾ ਕਾਰਨ ਕੀ ਸੱਚਮੁੱਚ ਇਕ ਮਾਮੂਲੀ ਜਿਹਾ ਇਨਸਾਨ ਚੰਦੂ ਹੀ ਸੀ ? ਇਹ ਸ਼ਹੀਦੀ ਘਰੇਲੂ ਰੰਜਿਸ਼ ਕਾਰਨ ਹੋਈ ਮੰਨੀ ਜਾ ਸਕਦੀ ਹੈ ? ਕੀ ਚੰਦੂ ਸੱਚਮੁੱਚ ਏਨਾ ਤਾਕਤਵਰ ਅਫ਼ਸਰ ਸੀ ਕਿ ਉਸ ਦੇ ਆਖੇ ਸਤਿਗੁਰੂ ਜੀ ਨੂੰ ਤਸੀਹੇ ਦਿੱਤੇ ਜਾ ਸਕਣ ਤੇ ਮੌਤ ਦੇ ਘਾਟ ਉਤਾਰਿਆ ਜਾ ਸਕੇ? ਬੱਚਿਆਂ ਦੇ ਰਿਸ਼ਤੇ ਆਮ ਹੀ ਬਣਦੇ- ਟੁੱਟਦੇ ਰਹਿੰਦੇ ਹਨ। ਜਿਥੇ ਰਿਸ਼ਤਾ ਟੁੱਟ ਜਾਵੇ ਤਾਂ ਇਸ ਤਰ੍ਹਾਂ ਮਸਲਾ ਮਰਨ-ਮਾਰਨ ਤੱਕ ਪੁੱਜ ਜਾਂਦਾ ਹੈ? ਆਉ, ਠੰਡੇ ਦਿਮਾਗ ਨਾਲ ਸੋਚੀਏ! ਵੱਡੇ ਦਬਦਬੇ ਵਾਲੀ ਤਾਕਤਵਰ ਮੁਗ਼ਲ ਹਕੂਮਤ ਵਿੱਚ, ਸਰਕਾਰ ਦਾ ਇੱਕ ਮਾਮੂਲੀ ਜਿਹਾ ਕਰਮਚਾਰੀ ਚੰਦੂ ਲਾਲ, ਕੀ ਉਸ ਕੋਲ ਏਨੇ ਅਧਿਕਾਰ ਹੋ ਸਕਦੇ ਸਨ ਕਿ ਸਤਿਗੁਰੂ ਜੀ ਨੂੰ ਅਕਹਿ ਤਸੀਹੇ ਦੇਵੇ? ਅਸਲ ਗੱਲ ਤਾਂ ਇਹ ਸੀ ਕਿ ਚੰਦੂ ਲਾਲ ਸਰਕਾਰ ਦਾ ਹੱਥ ਠੋਕਾ ਤੇ ਮਾਮੂਲੀ ਨੌਕਰ ਸੀ। ਸਰਕਾਰ ਵੱਲੋਂ ਜੋ ਹੁਕਮ ਦਿੱਤਾ ਗਿਆ, ਚੰਦੂ ਤਾਂ ਉਸੇ ਨੂੰ ਪੂਰਾ ਕਰ ਰਿਹਾ ਸੀ। ਉਸ ਦੀ ਨਿੱਜੀ ਰੰਜਿਸ਼ (ਰਿਸ਼ਤਾ ਟੁੱਟਣ ਦੀ) ਨੂੰ ਸਰਕਾਰ ਵੱਲੋਂ ਹਵਾ ਦਿੱਤੀ ਗਈ। ਉਹ ਇਸ ਕਰਕੇ ਕਿ ਬਦਨਾਮੀ ਦੀ ਕਾਲਖ਼ ਚੰਦੂ ਦੇ ਮੱਥੇ ਤੇ ਲਾ ਦਿੱਤੀ ਜਾਵੇ, ਆਮ ਲੋਕੀਂ ਮੁਗਲਸ਼ਾਹੀ ਨੂੰ ਬੇਕਸੂਰ ਮੰਨਦੇ ਰਹਿਣ। ਹਾਂ ਇਹ ਵੀ ਠੀਕ ਹੈ ਕਿ ਚੰਡਾਲ ਚੌਕੜੀ ਦਾ ਟੂਲ (ਹੱਥ ਠੋਕਾ) ਬਣ ਕੇ ਚੰਦੂ ਨੇ ਲਗਦੀ ਵਾਹ ਵੱਡਾ ਜ਼ੁਲਮ ਕਮਾਇਆ ਸੀ। ਜਹਾਂਗੀਰ ਦੇ ਅਫ਼ਸਰਾਂ ਨੇ, ਹਿੰਦੂ-ਸਿੱਖਾਂ ਵਿੱਚ ਨਫ਼ਰਤ ਭਰਨ ਵਾਸਤੇ ਇਹ ਚਾਲ ਚੱਲੀ ਸੀ, ਜਿਸ ਵਿਚ ਉਹ ਬਹੁਤ ਹੱਦ ਤੱਕ ਸਫ਼ਲ ਰਿਹਾ। ਭਾਈ ਸੰਤੋਖ ਸਿੰਘ ਦੇ ਸੂਰਜ ਪ੍ਰਕਾਸ਼ ਦੀ ਕਥਾ ਗੁਰਦੁਵਾਰਿਆਂ ਵਿਚ ਹੋਣ ਲੱਗ ਪਈ। ਉਸਦੇ ਹਵਾਲੇ ਨਾਲ ਬਸ ਇਕ ਚੰਦੂ ਲਾਲ ਸਵਾਹੀ, ਆਪੇ ਜੱਜ, ਆਪੇ ਪੁਲਿਸ ਵਾਲਾ ਤੇ ਖ਼ੁਦ ਹੀ ਜਲਾਦ ਬਣ ਕੇ ਉਭਰ ਪਿਆ, ਜਦੋਂ ਕਿ ਇਹ ਸਾਰਾ ਘਟਨਾ ਚੱਕਰ ਸੱਚਾਈ ਦਾ ਛੋਟਾ ਜਿਹਾ ਹਿੱਸਾ ਹੈ, ਪੂਰੀ ਸੱਚਾਈ ਨਹੀਂ ਹੈ।

**2. ਖੁਸਰੋ ਦੀ ਬਗ਼ਾਵਤ:-** ਸਤਿਗੁਰੂ ਜੀ ਦੀ ਸ਼ਹੀਦੀ ਦਾ ਦੂਜਾ ਕਾਰਨ ਸੀ ਜਹਾਂਗੀਰ ਦੇ ਪੁੱਤਰ, ਖੁਸਰੋ ਦੀ ਬਗ਼ਾਵਤ। ਇੱਕ ਸਮੇਂ ਜਹਾਂਗੀਰ ਦੀਆਂ ਮਨ-ਆਈਆਂ ਤੋਂ ਤੰਗ ਆ ਕੇ ਅਕਬਰ ਨੇ ਰਾਜ ਪ੍ਰਮੁੱਖ ਦੀ ਵਾਗ ਡੋਰ ਆਪਣੇ ਪੋਤਰੇ ਖੁਸਰੋ ਨੂੰ ਦੇਣ ਦਾ ਮਨ ਬਣਾ ਲਿਆ ਸੀ। ਇਸ ਤੋਂ ਮਗਰੋਂ ਜਹਾਂਗੀਰ ਨੇ ਮੌਲਵੀਆਂ ਅਤੇ ਹੋਰ ਕੱਟੜ ਮੁਸਲਮਾਨਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਉਨ੍ਹਾਂ ਨੂੰ ਵਿਸ਼ਵਾਸ ਦੁਆਇਆ ਕਿ ਪਿਤਾ ਜੀ ਵਾਲੀ ਨਰਮ ਨੀਤੀ ਹਿੰਦੂਆਂ ਪ੍ਰਤੀ ਨਹੀਂ ਵਰਤੀ ਜਾਵੇਗੀ। ਕਮਜ਼ੋਰ ਜਿਹਨੀਅਤ ਦੇ ਮਾਲਕ ਜਹਾਂਗੀਰ ਨੂੰ ਬੜੀ ਮੁਸ਼ਕਿਲ ਨਾਲ ਰਾਜ ਪ੍ਰਾਪਤ ਹੋਇਆ ਸੀ। ਇਸੇ ਲਈ ਉਸ ਨੇ ਸ਼ੱਕ ਪੈਣ 'ਤੇ ਆਪਣੇ ਵਿਰੋਧੀਆਂ ਨੂੰ ਕਠੋਰ ਸਜ਼ਾਵਾਂ ਦਿੱਤੀਆਂ। ਜਹਾਂਗੀਰ ਨੂੰ ਰਾਜ ਗੱਦੀ 'ਤੇ ਬੈਠਿਆਂ ਕਰੀਬ ਇੱਕ ਮਹੀਨਾ ਹੋ ਗਿਆ ਸੀ, ਤਦੋਂ, ਖੁਸਰੋ ਬਾਰੇ ਜਹਾਂਗੀਰ ਅੱਗੇ ਸ਼ਿਕਾਇਤ ਪੇਸ਼ ਹੋਈ। ਅਖੇ, 'ਜਦੋਂ ਰਾਜ ਕੁਮਾਰ ਖੁਸਰੋ ਲਾਹੌਰ 'ਤੇ ਕਬਜ਼ਾ ਕਰਨ ਲਈ ਆਇਆ ਤਾਂ ਗੋਇੰਦਵਾਲ ਵਿਖੇ ਗੁਰੂ ਅਰਜਨ ਸਾਹਿਬ ਨੂੰ ਮਿਲਿਆ। ਲਿਖੇ ਮੁਤਾਬਿਕ ਸਤਿਗੁਰੂ ਜੀ ਨੇ ਸਾਰਿਆਂ ਨੂੰ ਲੰਗਰ ਛਕਾਇਆ। ਉਨ੍ਹਾਂ ਦੀ ਚੜ੍ਹਦੀ ਕਲਾ ਲਈ ਅਸ਼ੀਰਵਾਦ ਦਿੱਤਾ, ਮੱਥੇ 'ਤੇ ਟਿੱਕਾ ਲਾਇਆ।

ਖੁਸਰੋ ਦੀ ਸਹਾਇਤਾ ਕਰਨ ਦਾ ਇਲਜ਼ਾਮ, ਗੁਰੂ ਅਰਜਨ ਸਾਹਿਬ 'ਤੇ ਲਾਇਆ ਗਿਆ। ਸਾਰੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਇੱਕ ਮਹੀਨਾ ਬੀਤ ਚੁੱਕਾ ਸੀ। ਖੁਸਰੋ ਨੂੰ ਸਾਥੀਆਂ ਸਮੇਤ ਸਜ਼ਾ ਦਿੱਤੀ ਜਾ ਚੁੱਕੀ ਸੀ। ਮੌਲਾਣਿਆਂ ਨੇ ਇਸ ਵਕਤ ਦੀ ਨਜ਼ਾਕਤ ਨੂੰ ਭਾਂਪਦਿਆਂ, ਗੁਰੂ ਅਰਜਨ ਸਾਹਿਬ ਵਿਰੁੱਧ ਭੀ ਸ਼ਿਕਾਇਤ ਕਰ ਦਿੱਤੀ। ਅਖੇ, 'ਇਨ੍ਹਾਂ ਨੇ ਖੁਸਰੋ ਦੀ ਕਈ ਤਰੀਕਿਆਂ ਨਾਲ ਮਦਦ ਕੀਤੀ ਸੀ।' ਜਹਾਂਗੀਰ ਨੇ ਆਪਣੀ ਰਾਜਨੀਤਿਕ ਹੁਕਮਾਂ ਵਾਲੀ ਡਾਇਰੀ ਵਿੱਚ ਸਪੱਸ਼ਟ ਲਿਖਿਆ ਸੀ ਕਿ, '(ਗੁਰੂ) ਅਰਜਨ ਨਾਮ ਦਾ ਇੱਕ ਕਾਫ਼ਰ, ਬਿਆਸ ਦੇ ਕੰਢੇ ਟਿਕਿਆ ਹੋਇਆ ਸੀ। ਉਹ ਆਪਣੇ ਆਪ ਨੂੰ ਵਲੀ ਔਲੀਆ ਅਖਵਾਂਦਾ । ਬਹੁਤ ਸਾਰੇ ਹਿੰਦੂ ਤੇ ਨਾ ਸਮਝ ਮੁਸਲਮਾਨ, ਉਸ ਦੇ ਪੈਰੋਕਾਰ ਬਣ ਰਹੇ ਸਨ। ਇਹਨਾਂ ਦੀ ਇਹ ਝੂਠ ਦੀ ਦੁਕਾਨ ਚਾਰ-ਪੰਜ ਪੀੜ੍ਹੀਆਂ ਤੋਂ ਚੱਲਦੀ ਆ ਰਹੀ ਸੀ। ਮੈਂ ਦੇਰ ਤੋਂ ਸੋਚ ਰਿਹਾ ਸਾਂ ਕਿ ਕਿਸੇ ਭੀ ਤਰੀਕੇ ਇਹ ਝੂਠ ਦੀ ਦੁਕਾਨ ਬੰਦ ਕਰਵਾਈ ਜਾਵੇ ਜਾਂ ਫਿਰ ਉਸ ਨੂੰ ਆਪਣੇ ਧਰਮ ਵਿਚ ਲਿਆਂਦਾ ਜਾਵੇ। ਜਦੋਂ ਮੈਨੂੰ ਸ਼ਿਕਾਇਤ ਮਿਲੀ ਕਿ ਇਸ ਨੇ ਖੁਸਰੋ ਲਈ ਦੁਆ (ਅਰਦਾਸ) ਕੀਤੀ ਹੈ ਤਾਂ ਮੈਂ ਇਸ ਨੂੰ 'ਯਾਸਾ ਵਾ ਸਿਆਸਤ' ਦੇ ਕਾਨੂੰਨ ਅਨੁਸਾਰ ਕਤਲ ਕਰ ਦੇਣ ਦਾ ਹੁਕਮ ਦਿੱਤਾ। ਇਸ ਦੇ ਮਾਲ ਅਸਬਾਬ ਅਤੇ ਬਾਲ ਬੱਚਿਆਂ ਨੂੰ ਮੁਰਤਜਾ ਖ਼ਾਨ (ਅਸਲ ਨਾਮ ਸ਼ੇਖ਼ ਫ਼ਰੀਦ ਬੁਖ਼ਾਰੀ ਲਾਹੌਰ ਦਾ ਗਵਰਨਰ) ਦੇ ਹਵਾਲੇ ਕਰਨ ਦਾ ਹੁਕਮ ਦਿੱਤਾ।'

ਪਹਿਲੀ ਗੱਲ ਤਾਂ ਇਹ ਸਿੱਧ ਹੋ ਚੁੱਕੀ ਹੈ ਕਿ ਜਦੋਂ ਖੁਸਰੋ ਗੋਇੰਦਵਾਲ ਦੇ ਪੱਤਣ ਤੋਂ ਲੰਘਿਆ ਸੀ, ਤਦੋਂ ਗੁਰੂ ਅਰਜਨ ਸਾਹਿਬ ਤਰਨ ਤਾਰਨ ਵਿਖੇ ਸਸ਼ੋਭਤ ਸਨ। ਅਰਦਾਸ ਕਰਨ ਜਾਂ ਟਿੱਕਾ ਲਾਉਣ ਦੀ ਗੱਲ ਦਾ ਸਵਾਲ ਹੀ ਮੁੱਕ ਜਾਂਦਾ ਹੈ। ਲੰਗਰ ਗੁਰੂ ਘਰ ਵਿੱਚ ਕੋਈ ਭੀ ਛਕ ਜਾਵੇ, ਕਿਸੇ ਨੂੰ ਰੋਕ ਨਹੀਂ ਹੈ। ਇਹ ਪੜਤਾਲ ਕਰਨੀ ਸੰਭਵ ਹੀ ਨਹੀਂ ਹੈ ਕਿ

ਕੌਣ ਚੋਰ ਤੇ ਕੌਣ ਭਲਾ ਇਨਸਾਨ ਹੈ? ਫਿਰ ਕਈ ਸਾਲ ਪਹਿਲਾਂ ਤੀਜੇ ਪਾਤਸ਼ਾਹ ਵਕਤ ਅਕਬਰ ਭੀ ਗੁਰੂ ਦਰਬਾਰ ਵਿੱਚ ਆਇਆ ਸੀ। ਉਸ ਨੇ ਆਪਣੇ ਸਾਰੇ ਸੇਵਕਾਂ ਸਮੇਤ ਲੰਗਰ ਛਕਿਆ ਸੀ। ਜੇ ਖੁਸਰੋ ਦੇ ਸਾਥੀਆਂ ਨੇ ਲੰਗਰ ਛਕ ਲਿਆ ਤਾਂ ਕੋਈ ਪਰਲੋ ਨਹੀਂ ਆ ਗਈ ਸੀ। ਇਹ ਬਹਾਨੇ ਤਾਂ ਪੈਦਾ ਕੀਤੇ ਗਏ ਸਨ। ਇਸ ਦੀ ਅਸਲੀਅਤ ਦੀਆਂ ਜੜ੍ਹਾਂ ਤਾਂ ਸਰਹੰਦ ਨਿਵਾਸੀ, ਕੱਟੜ ਧਰਮ ਮੁਖੀ ਨਕਸ਼ਬੰਦੀ ਇਸਲਾਮਿਕ, ਅਖਾੜੇ ਦਾ ਆਗੂ ਸ਼ੇਖ਼ ਅਹਿਮਦ ਸਰਹੰਦੀ ਮੁਜ਼ਦਦ ਅਲਫ਼ਸਾਨੀ ਦੀ ਲਿਖਤ ਵਿਚੋਂ ਮਿਲਦੀਆਂ ਹਨ। ਆਪਣੀ ਚਿੱਠੀ ਨੰਬਰ 47 ਤੇ 193 ਵਿਚ ਉਹ ਆਪਣੇ ਅੰਦਰ ਦੀ ਨਫ਼ਰਤ ਅਤੇ ਤੁਅੱਸਬ ਨੂੰ ਖੁੱਲ੍ਹ ਕੇ ਪਰਗਟ ਕਰਦਾ ਹੈ। ਇਨ੍ਹਾਂ ਚਿੱਠੀਆਂ ਵਿਚ ਸ਼ੇਖ ਅਹਿਮਦ ਸਾਫ਼ ਲਿਖਦਾ ਹੈ ਕਿ ਇਸ ਬੰਦੇ (ਗੁਰੂ ਅਰਜਨ) ਨੂੰ ਕਿਸੇ ਬਹਾਨੇ, ਕਿਸੇ ਤਰੀਕੇ ਖ਼ਤਮ ਕੀਤਾ ਜਾਵੇ, ਇਸੇ ਵਿੱਚ ਇਸਲਾਮ ਧਰਮ ਦਾ ਭਲਾ ਹੈ। ਜਹਾਂਗੀਰ ਨੇ ਉਹੀ ਕੀਤਾ ਜੋ ਇਸ ਨੇ ਕਰਵਾਇਆ। ਜਹਾਂਗੀਰ ਨੂੰ ਇਸ ਕੁਕਰਮ ਤੋਂ ਕਿਸੇ ਤਰੀਕੇ ਬਰੀ ਨਹੀਂ ਕੀਤਾ ਜਾ ਸਕਦਾ। ਭਾਵੇਂ ਭੜਕਾਹਟ ਜਾਂ ਸ਼ਿਕਾਇਤ ਕਿਸੇ ਨੇ ਕੀਤੀ, ਪਰ ਫ਼ੈਸਲਾ ਕਰਨਾ, ਪੜਤਾਲ ਕਰਾਉਣੀ ਬਾਦਸ਼ਾਹ ਦੀ ਜ਼ਿੰਮੇਵਾਰੀ ਸੀ, ਜੋ ਉਸ ਨੇ ਪੂਰੀ ਨਹੀਂ ਕੀਤੀ। ਸ਼ਾਂਤੀ ਦੇ ਪੁੰਜ ਮਹਾਨ ਪਰਉਪਕਾਰੀ ਸਤਿਗੁਰੂ ਨੂੰ ਅਤਿਅੰਤ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

**3. ਸ਼ਹੀਦੀ ਦੇ ਕੁਝ ਹੋਰ ਕਾਰਨ:-** ਸੰਨ 1585 ਵਿਚ ਮਹੇਸ਼ ਦਾਸ ਭਾਟ ਬ੍ਰਾਹਮਣ, ਜੋ ਅਕਬਰ ਬਾਦਸ਼ਾਹ ਦਾ ਚਹੇਤਾ ਬਣ ਗਿਆ ਸੀ, ਨੂੰ ਅਕਬਰ ਨੇ ਪੰਜ ਹਜ਼ਾਰੀ ਦਾ ਖ਼ਿਤਾਬ ਅਤੇ ਰਾਜਾ ਦੀ ਉਪਾਧੀ ਭੀ ਦੇ ਰੱਖੀ ਸੀ। ਕਸ਼ਮੀਰ ਦੀ ਮੁਹਿੰਮ ਦਬਾਉਣ ਵਾਸਤੇ ਫ਼ੌਜ ਲੈ ਕੇ ਚੱਲਿਆ। ਰਸਤੇ ਵਿਚ ਅੰਮ੍ਰਿਤਸਰ ਦੇ ਬਾਹਰਵਾਰ ਫ਼ੌਜ ਨੇ ਪੜਾਅ ਕੀਤਾ। ਮਹੇਸ਼ ਦਾਸ (ਪ੍ਰਚਲਿਤ ਨਾਮ ਬੀਰਬਲ) ਨੇ ਸਤਿਗੁਰੂ ਜੀ ਨੂੰ ਹੁਕਮ ਭੇਜਿਆ ਕਿ ਫ਼ੌਜ ਦੀ ਹਰ ਤਰ੍ਹਾਂ ਸੇਵਾ ਕੀਤੀ ਜਾਵੇ ਅਤੇ ਰਸਤੇ ਵਿਚ ਖ਼ਰਚੇ ਲਈ ਘੱਟੋ-ਘੱਟ 5000 ਰੁਪਏ ਦਿੱਤੇ ਜਾਣ। ਸਤਿਗੁਰੂ ਜੀ ਨੇ ਮੋੜਵਾਂ ਉਤਰ ਭੇਜਿਆ ਕਿ ਜਿਸ ਕਿਸੇ ਨੇ ਸਤਿਕਾਰ ਸਹਿਤ ਲੰਗਰ ਵਿਚੋਂ ਰੁੱਖਾ-ਮਿੱਸਾ ਪ੍ਰਸ਼ਾਦਾ ਛਕਨਾ ਹੈ, ਖ਼ੁਸ਼ੀਨਾਲ ਛਕੇ। ਵਗਾਰ ਰੂਪ ਵਿਚ ਜਾਂ ਵੱਡੀ ਰਕਮ ਟੈਕਸ ਰੂਪ ਵਿਚ ਅਸੀਂ ਨਹੀਂ ਦੇਵਾਂਗੇ। ਉਸ ਵਕਤ ਤਾਂ ਬੀਰਬਲ ਦੰਦੀਆਂ ਕਰੀਚਦਾ ਚਲਾ ਗਿਆ ਅਤੇ ਆਖ ਗਿਆ ਕਿ, "ਮੈਂ ਜੰਗ ਜਿੱਤ ਕੇ ਵਾਪਸ ਮੁੜਦਿਆਂ ਤੁਹਾਨੂੰ ਵੇਖਾਂਗਾ...।" ਕਰਨੀ ਰੱਬ ਦੀ ਸੰਨ 1586 ਵਿਚ ਬੀਰਬਲ, ਜੰਗ ਵਿੱਚ ਹੀ ਮਾਰਿਆ ਗਿਆ। ਗੁਰੂ ਘਰ ਨੂੰ ਮਜ਼ਾ ਚਖਾਉਣ ਦੀ ਤਮੰਨਾ ਉਹ ਪੂਰੀ ਨਾ ਕਰ ਸਕਿਆ।

ਇਸੇ ਤਰ੍ਹਾਂ ਕੁਝ ਕਵੀ ਲੋਕ ਆਪਣੀਆਂ ਕਵਿਤਾਵਾਂ ਲੈ ਕੇ, ਗੁਰੂ ਜੀ ਕੋਲ ਪੁੱਜੇ। ਇਹ ਸਨ ਕਾਹਨਾ, ਪੀਲੂ, ਛੱਜੂ ਤੇ ਸ਼ਾਹ ਹੁਸੈਨ। ਸਤਿਗੁਰੂ ਜੀ ਨੇ ਇਹਨਾਂ ਦੀਆਂ ਰਚਨਾਵਾਂ ਵਿਚੋਂ ਕੁਝ ਪੰਨੇ ਵਾਪਸ ਮੋੜ ਦਿੱਤੇ ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨਾਲ ਇਕਸੁਰ ਨਹੀਂ ਸਨ। ਇਨ੍ਹਾਂ ਲੋਕਾਂ ਨੂੰ ਭੀ ਗੁੱਸਾ ਆਉਣਾ ਹੀ ਸੀ। ਇਨ੍ਹਾਂ ਨੇ ਵਧਾ-ਚੜ੍ਹਾ ਕੇ ਲਾਹੌਰੀ ਹਾਕਮਾਂ ਅੱਗੇ ਗੁਰੂ ਘਰ ਦੀਆਂ ਸ਼ਿਕਾਇਤਾਂ ਕੀਤੀਆਂ, ਪਰ ਹਾਲੀ ਰਾਜ ਗੱਦੀ 'ਤੇ ਅਕਬਰ ਬੈਠਾ ਸੀ, ਜੋ ਕਾਫ਼ੀ ਉਦਾਰਵਾਦੀ ਸੀ। ਦੂਜੇ ਪਾਸੇ ਸਤਿਗੁਰੂ ਬ੍ਰਾਹਮਣੀ ਕਰਮ-ਕਾਂਡਾਂ ਦੇ ਬਖੀਏ ਉਧੇੜ ਰਹੇ ਸਨ। ਕੁੱਲ ਮਨੁੱਖਤਾ ਨੂੰ, ਏਕੇ ਦੇ ਸੂਤਰ ਵਿੱਚ ਪਰੋ ਰਹੇ ਸਨ।

ਸਿੱਖ ਹਰ ਤਰ੍ਹਾਂ ਦੇ ਵਪਾਰ ਦੇ ਨਾਲ-ਨਾਲ, ਘੋੜਿਆਂ ਦਾ ਵਪਾਰ ਭੀ ਕਰਨ ਲੱਗੇ। ਕਾਬਲ-ਕੰਧਾਰ ਤੋਂ ਸਿੱਖ ਘੋੜੇ ਖ਼ਰੀਦ ਕੇ ਭਾਰਤ ਦੇ ਵੱਖ-ਵੱਖ ਸ਼ਹਿਰਾਂ ਵਿਚ ਲਿਜਾ ਕੇ ਵੇਚਦੇ। ਇਸੇ ਕਾਰਨ ਸਿੱਖ ਚੰਗੇ ਘੋੜ ਸਵਾਰ ਬਣਦੇ ਗਏ। ਪੈਸੇ ਪੱਖੋਂ ਮਜ਼ਬੂਤ ਹੁੰਦੇ ਚਲੇ ਗਏ। ਤਰ੍ਹਾਂ-ਤਰ੍ਹਾਂ ਦੇ ਲੋਕਾਂ ਨੂੰ ਮਿਲਣ ਕਰ ਕਰ ਤਜ਼ਰਬੇਕਾਰ ਬਣਦੇ ਗਏ। ਰਾਹ ਦੀਆਂ ਮੁਸ਼ਕਲਾਂ ਝੱਲਦਿਆਂ ਸਰੀਰਕ ਪੱਖੋਂ ਮਜ਼ਬੂਤ ਅਤੇ ਦਿਲੋ-ਦਿਮਾਗ਼ ਪੱਖੋਂ ਤਕੜੇ ਹੁੰਦੇ ਗਏ। ਆਉਣ ਵਾਲੇ ਜੰਗਾਂ-ਯੁੱਧਾਂ ਵਿਚ ਇਹਨਾਂ ਹੀ ਸ਼ਾਹ ਸਵਾਰਾਂ ਨੇ ਤੇਗਾਂ ਵਾਹੁਣੀਆਂ ਸਨ।ਦੱਬੇ-ਕੁਚਲੇ ਅਤੇ ਆਰਥਿਕ ਪੱਖੋਂ ਕਮਜ਼ੋਰ ਲੋਕ, ਗ਼ੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜੇ ਲੋਕ, ਧਾਰਮਿਕ ਤੌਰ 'ਤੇ ਬੁੱਧਹੀਣ ਬਣਾ ਕੇ ਲੁੱਟੇ ਜਾ ਰਹੇ ਲੋਕਾਂ ਨੂੰ ਗੁਰੂ ਨਾਨਕ ਵਿਚਾਰਧਾਰਾ ਨੂੰ ਪਹਿਲ ਦੇ ਕੇ ਅਪਣਾਇਆ। ਸਤਿਗੁਰੂ ਅਰਜਨ ਸਾਹਿਬ ਨੇ ਥਾਉਂ-ਥਾਈਂ ਲੋੜਵੰਦਾਂ ਵਾਸਤੇ ਲੰਗਰ ਚਲਾਏ ਧਰਮਸ਼ਾਲਾ ਬਣਵਾਈਆਂ, ਉਥੇ ਇਲਾਜ ਲਈ ਸਫ਼ਾਖ਼ਾਨੇ (ਹਸਪਤਾਲ) ਭੀ ਖੋਲ੍ਹੇ। ਤਰਨ ਤਾਰਨ ਵਿਖੇ ਕੁਸ਼ਟ ਰੋਗੀਆਂ ਲਈ ਖੋਲ੍ਹਿਆ ਹਸਪਤਾਲ, ਇਸ ਦੀ ਉਘੜਵੀਂ ਮਿਸਾਲ ਸੀ। ਸੰਨ 1596 ਵਿਚ ਜਦੋਂ ਲਾਹੌਰ ਵਿਚ ਚੇਚਕ ਦੀ ਭਿਆਨਕ ਬਿਮਾਰੀ ਫੈਲ ਗਈ ਤਾਂ ਮੁਕਾਮੀ ਹਾਕਮਾਂ (ਸਰਕਾਰੀ ਮਹਿਕਮੇ) ਨੇ ਬਿਮਾਰਾਂ ਦੇ ਇਲਾਜ ਦਾ ਕੋਈ ਪ੍ਰਬੰਧ ਨਾ ਕੀਤਾ। ਬਿਮਾਰੀ ਅੱਗੇ ਤੋਂ ਅੱਗੇ ਫੈਲਦੀ ਗਈ। ਹਰ ਗਲ਼ੀ-ਮੁਹੱਲੇ ਵਿਚੋਂ, ਰੋਜ਼ਾਨਾ ਕਈ-ਕਈ ਅਰਥੀਆਂ ਉੱਠਣ ਲੱਗੀਆਂ। ਅਜਿਹੇ ਬਿਖੜੇ ਹਾਲਾਤ ਵਿਚ ਸਤਿਗੁਰੂ ਅਰਜਨ ਸਾਹਿਬ ਆਪਣੇ ਸੇਵਕਾਂ ਦੇ ਵੱਡੇ ਕਾਫ਼ਲੇ ਸਮੇਤ, ਲਾਹੌਰ ਪੁੱਜ ਗਏ।

ਜਿੰਨਾ ਅੰਨ-ਦਾਣਾ ਦਸਵੰਧ ਰੂਪ ਵਿਚ ਆ ਰਿਹਾ ਸੀ, ਹੋਰ ਸਾਰੇ ਖ਼ਰਚੇ ਰੋਕ ਕੇ, ਬਿਮਾਰਾਂ ਦੀ ਸੰਭਾਲ ਵਾਸਤੇ, ਵਰਤਣਾ ਸ਼ੁਰੂ ਕਰ ਦਿੱਤਾ।ਮੁਰਦਿਆਂ ਨੂੰ ਠਿਕਾਣੇ ਲਾਉਣਾ, ਬਿਮਾਰਾਂ ਨੂੰ ਦਵਾਈਆਂ ਦੇਣੀਆਂ, ਤੰਦਰੁਸਤਾਂ ਨੂੰ ਲੋੜਵੰਦਾਂ ਦੀ ਸੇਵਾ ਵਾਸਤੇ ਪ੍ਰੇਰਨਾ, ਇਹ ਸਾਰੇ ਕੰਮ ਸਤਿਗੁਰੂ ਜੀ ਨੇ ਆਪਣੀ ਨਿਗਰਾਨੀ ਵਿਚ, ਆਰੰਭ ਕਰਵਾ ਦਿੱਤੇ। ਲੰਗਰ ਅਤੇ ਸਾਫ਼ ਪਾਣੀ ਚੌਵੀ ਘੰਟੇ ਮੁਹੱਈਆ ਕਰਵਾਇਆ ਜਾਣ ਲੱਗਾ। ਲਾਹੌਰ ਦੇ ਗਵਰਨਰ ਅਤੇ ਸਮਰਾਟ ਅਕਬਰ ਨੂੰ ਭੀ ਗੁਰੂ ਘਰ ਦੀ ਪ੍ਰਸ਼ੰਸਾ ਕਰਨੀ ਪਈ ਕਿ, 'ਜੋ ਸੇਵਾ ਸਰਕਾਰ ਵੱਲੋਂ ਕਰਨੀ ਬਣਦੀ ਸੀ, ਉਹ ਗੁਰੂ ਅਰਜਨ ਸਾਹਿਬ ਜੀ ਨੇ ਕੀਤੀ।'

ਲਾਹੌਰ ਵਿਚ ਸਤਿਗੁਰੂ ਜੀ ਨੇ ਰੋਗੀਆਂ ਦੀ ਲਗਪਗ 8 ਮਹੀਨੇ ਤੱਕ ਲਗਾਤਾਰ ਸੇਵਾ-ਸੰਭਾਲ ਕੀਤੀ।

ਸਤਿਗੁਰੂ ਜੀ ਜਿਥੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਆਰਥਿਕ ਮਦਦ ਕਰਦੇ ਸਨ, ਮਨੁੱਖਤਾ ਵਿਚ ਬਰਾਬਰਤਾ ਲਿਆਉਣਾ ਚਾਹੁੰਦੇ ਸਨ, ਉਥੇ ਨਾਲ ਹੀ ਸਾਰਿਆਂ ਨੂੰ ਗਿਆਨਵਾਨ ਤੇ ਦਲੇਰ ਬਣਾਉਣ ਲਈ ਵੀ ਪੂਰੀ ਵਾਹ ਲਾ ਰਹੇ ਸਨ। ਇਸੇ ਕੜੀ ਤਹਿਤ ਉਨ੍ਹਾਂ ਨੇ ਸਿੱਖਾਂ ਲਈ ਪੰਜਾਬ ਦੀ ਧੁੰਨੀ ਵਿਚ, ਪੰਜਾਬ ਦੀ ਸਦੀਆਂ ਤੋਂ ਸਥਾਪਤ ਰਾਜਧਾਨੀ ਲਾਹੌਰ ਤੋਂ ਕੇਵਲ 28 ਮੀਲ ਦੇ ਫ਼ਾਸਲੇ 'ਤੇ, ਸਿੱਖਾਂ ਦੀ ਰਾਜਸੀ ਅਤੇ ਧਾਰਮਿਕ ਰਾਜਧਾਨੀ ਭਰ ਜੋਬਨ 'ਤੇ ਪਹੁੰਚਾ ਦਿੱਤੀ। ਅੰਮ੍ਰਿਤਸਰ ਸ਼ਹਿਰ ਤਾਂ ਹਰ ਪੱਖੋਂ ਸੰਪੂਰਨ ਕੀਤਾ ਹੀ, ਸਗੋਂ ਸਿੱਖਾਂ ਲਈ ਸਦੀਵੀ ਮਿਲ ਬੈਠਣ ਲਈ, ਹਰ ਤਰ੍ਹਾਂ ਦੀ ਅਗਵਾਈ ਲੈਣ ਅਤੇ ਭਵਿੱਖ ਮੁਖੀ ਫ਼ੈਸਲੇ ਲੈਣ ਲਈ ਸ਼ਾਨਦਾਰ ਕੇਂਦਰ ਸਥਾਪਿਤ ਕਰ ਦਿੱਤਾ ਤਾਂ ਕਿ ਦੱਬੇ ਕੁਚਲੇ ਲੋਕਾਂ ਨੂੰ ਆਪਣੇ ਫ਼ੈਸਲੇ ਖ਼ੁਦ ਕਰਨ ਦੀ ਜਾਚ ਅਤੇ ਯੋਗਤਾ ਆ ਜਾਵੇ। ਦਰਬਾਰ ਸਾਹਿਬ ਦੀ ਚੌਂਹ ਮੁਖੀ ਇਮਾਰਤ ਬਣ ਚੁੱਕਣ ਤੋਂ ਬਾਅਦ, ਛੇਹਰਟਾ ਨਗਰ 'ਤੇ ਖੂਹ, ਤਰਨ ਤਾਰਨ ਸਰੋਵਰ, ਦਰਬਾਰ ਤੇ ਨਗਰ, ਕਰਤਾਰਪੁਰ (ਜਲੰਧਰ) ਅਤੇ ਹਰਿ ਗੋਬਿੰਦਪੁਰ ਦੇ ਖ਼ਾਸ ਥਾਵਾਂ ਦੀ ਉਸਾਰੀ ਕਰਵਾਈ। ਗੁਰੂ ਅਮਰਦਾਸ ਜੀ ਨੇ ਜੋ ਮੰਜੀਆਂ ਸਥਾਪਿਤ ਕੀਤੀਆਂ ਸਨ, ਉਹ ਦੇਸ਼-ਵਿਦੇਸ਼ ਵਿੱਚੋਂ ਦਿਲੋ ਜਾਨ ਨਾਲ ਸਿੱਖੀ ਨੂੰ ਪ੍ਰਫੁੱਲਤ ਕਰ ਰਹੇ ਸਨ। ਉਨ੍ਹਾਂ ਵਿਚ ਹੋਰ ਸੁਧਾਰ ਕਰ ਕੇ ਪੰਜਵੇਂ ਸਤਿਗੁਰਾਂ ਨੇ ਉਸ ਨੂੰ ਹੋਰ ਪੱਕੇ ਪੈਰੀਂ ਕੀਤਾ। ਸਮਕਾਲੀ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ "ਸਰਕਾਰੀ ਮਾਲੀਆ ਵਕਤ ਸਿਰ ਜਮ੍ਹਾਂ ਨਹੀਂ ਹੁੰਦਾ।ਕਈ ਵਾਰ ਸਰਕਾਰ ਨੂੰ ਜ਼ਬਰਦਸਤੀ ਉਗਰਾਹੀ ਕਰਨੀ ਪੈਂਦੀ ਹੈ। ਬਹੁਤ ਸਾਰੇ ਸਰਕਾਰੀ ਕੰਮ ਇਸੇ ਕਾਰਨ ਰੁਕ ਜਾਂਦੇ ਹਨ। ਦੂਜੇ ਪਾਸੇ ਗੁਰੂ ਘਰ ਦੀ ਆਮਦਨ ਪੂਰੀ ਤਰ੍ਹਾਂ ਵਿਸ਼ਵਾਸਯੋਗ ਤਰੀਕੇ ਨਾਲ ਜਮ੍ਹਾਂ ਹੋ ਜਾਂਦੀ ਹੈ। ਇਸੇ ਲਈ ਸਤਿਗੁਰੂ ਜੀ, ਆਪਣੇ ਸਾਰੇ ਕਾਰਨਾਂ ਦੀ ਰੂਪ ਰੇਖਾ, ਠੀਕ ਤਰੀਕੇ ਉਲੀਕ ਲੈਂਦੇ ਹਨ। ਸਮੇਂ ਸਿਰ ਉਲੀਕੇ ਕੰਮ ਪੂਰੇ ਹੋ ਜਾਂਦੇ ਹਨ।"

ਗੁਰੂ ਘਰ ਦੀ ਨਿੱਤ ਵਧਦੀ ਲੋਕ ਪ੍ਰਿਅਤਾ ਤੋਂ ਘਬਰਾ ਦੇ ਵਿਰੋਧੀਆਂ ਨੇ ਬੜੀਆਂ ਸਾਜ਼ਿਸ਼ਾਂ ਰਚੀਆਂ। ਘਰ ਵਿਚੋਂ ਇਕ ਕਮਜ਼ੋਰ ਕੜੀ ਪ੍ਰਿਥੀ ਚੰਦ ਨੂੰ ਹੱਥ ਠੋਕਾ ਬਣਾ ਕੇ, ਗੁਰੂ ਅਰਜਨ ਸਾਹਿਬ ਜੀ ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਗਿਆ। ਕਾਮਯਾਬੀ ਨਾ ਮਿਲਦੀ ਵੇਖ ਕੇ ਪ੍ਰਿਥੀ ਚੰਦ ਭਾਰੀ ਰਕਮ ਦੇਣੀ ਕਰ ਕੇ ਇੱਕ ਛੋਟੇ ਅਫ਼ਸਰ ਸੁਲਹੀ ਖ਼ਾਨ ਨੂੰ ਗੁਰੂ ਘਰ 'ਤੇ ਹਮਲਾ ਕਰਾਉਣ ਦੀ ਨੀਅਤ ਨਾਲ ਚੜ੍ਹਾ ਲਿਆਇਆ, ਪਰ ਯੋਜਨਾ ਸਿਰੇ ਨਾ ਚੜ੍ਹੀ, ਸੁਲਹੀ ਖ਼ਾਨ ਦਾ ਘੋੜਾ ਤ੍ਰਬਕ ਕੇ ਪ੍ਰਿਥੀ ਚੰਦ

ਦੇ ਬਲ ਰਹੇ ਇੱਟਾਂ ਵਾਲੇ ਭੱਠੇ ਵਿਚ ਜਾ ਵੜਿਆ ਤੇ ਸਵਾਰ ਸਮੇਤ ਸੜ ਕੇ ਖਾਕ ਹੋ ਗਿਆ। ਇਹ ਵਾਰ ਖਾਲੀ ਚਲਾ ਗਿਆ। ਪ੍ਰਿਥੀ ਚੰਦ ਦਾ ਬੇਟਾ ਮੇਹਰਵਾਨ, ਨਾਨਕ ਨਾਮ ਹੇਠ ਕਵਿਤਾਵਾਂ ਲਿਖ ਕੇ ਆਪਣੇ ਆਪ ਨੂੰ ਗੁਰੂ ਜਤਾਉਣ ਲੱਗ ਪਿਆ। ਬਾਲਕ ਹਰਿਗੋਬਿੰਦ ਜੀ 'ਤੇ ਪ੍ਰਿਥੀ ਨੇ ਕਈ ਜਾਨਲੇਵਾ ਹਮਲੇ ਕਰਵਾਏ, ਪਰ ਕਾਮਯਾਬੀ ਨਾ ਮਿਲੀ। ਗੁਰੂ ਗ੍ਰੰਥ ਸਾਹਿਬ ਦੀ ਰਚਨਾ ਅਤੇ ਬਾਕੀ ਬਾਣੀ ਬਾਰੇ ਅਣਗਿਣਤ ਭਰਮ-ਭੁਲੇਖੇ ਵਾਲੀਆਂ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ ਜਿਵੇਂ ਕਿ ਗੁਰੂ ਨਾਨਕ ਸਾਹਿਬ ਜੀ ਦੀ ਸਾਰੀ ਬਾਣੀ ਪੰਜਵੇਂ ਪਾਤਸ਼ਾਹ ਕੋਲ ਪਹੁੰਚੀ। ਜਿੰਨੀ ਕੁ ਪਹੁੰਚੀ ਹੈ, ਇਸ ਵਿਚ ਕਈ ਸਾਰੀਆਂ ਮਿਲਾਵਟਾਂ ਹੋ ਗਈਆਂ ਹਨ......... ਆਦਿ । ਇੱਕ ਪਾਸੇ ਜਨੂੰਨੀ ਬ੍ਰਾਹਮਣ ਤੇ ਦੂਜੇ ਪਾਸੇ ਕੱਟੜ ਮੌਲਾਣੇ ਤੇ ਤੀਜੇ, ਕਮਜ਼ੋਰ ਜਹਿਨੀਅਤ ਵਾਲਾ ਜਹਾਂਗੀਰ ਬਾਦਸ਼ਾਹ।

**4. ਪੋਥੀ ਸਾਹਿਬ ਦੀ ਸੰਪਾਦਨਾ:-**

ਬ੍ਰਾਹਮਣਾਂ ਲਈ ਵੱਡੀ ਧਿਰ ਮਹੇਸ਼ ਦਾਸ (ਬੀਰਬਲ) ਮਰ ਚੁੱਕਾ ਸੀ। ਅਕਬਰ ਉਨ੍ਹਾਂ ਦੀ ਗੱਲ ਸੁਣ ਕੇ ਕਈ ਵਾਰ ਰੱਦ ਕਰ ਚੁੱਕਾ ਸੀ। ਫਿਰ ਭੀ ਇਹ ਪਖੰਡੀ ਲੋਕ ਨਿੱਤ ਨਵੀਆਂ ਚਾਲਾਂ ਚੱਲਦੇ ਰਹਿੰਦੇ ਸਨ।ਜਿਵੇਂ ਇਹ ਗੱਲਾਂ ਉਭਾਰੀਆਂ ਗਈਆਂ, "ਦੇਖੋ ਜੀ, ਸਿੱਖ ਸਾਰੀਆਂ ਪੁਰਾਤਨ ਧਾਰਮਿਕ ਰਸਮਾਂ ਤੋੜ ਰਹੇ ਹਨ। ਭਗਵਾਨ ਦੀਆਂ ਮੂਰਤੀਆਂ ਨੂੰ ਮੱਥਾ ਨਹੀਂ ਟੇਕਦੇ। ਤੀਰਥ ਯਾਤਰਾ ਨੂੰ ਫ਼ਜ਼ੂਲ ਦੱਸਦੇ ਹਨ। ਬ੍ਰਾਹਮਣਾਂ ਨੂੰ ਆਪਣਾ ਗੁਰੂ ਸਵੀਕਾਰ ਨਹੀਂ ਕਰਦੇ। ਸ਼ਰਾਧ, ਵਰਤ, ਦੇਵੀ-ਦੇਵਤੇ ਆਦਿ ਨੂੰ ਨਹੀਂ ਮੰਨਦੇ। ਵੇਦਾਂ, ਪੁਰਾਣਾਂ, ਰਮਾਇਣ, ਮਹਾਂਭਾਰਤ ਨੂੰ ਟਿੱਚਰਾਂ ਕਰਦੇ ਹਨ। ਜ਼ਾਤ-ਪਾਤੀ ਪ੍ਰਬੰਧ ਨੂੰ ਤੋੜ ਦਿੱਤਾ ਹੈ, ਸਾਰੇ ਇਕੱਠੇ ਪ੍ਰਸ਼ਾਦਾ ਛਕਦੇ ਹਨ.........। ਇਨ੍ਹਾਂ ਰੀਤਾਂ ਰਸਮਾਂ ਨੂੰ ਤਿਆਗਣ ਦਾ ਮਤਲਬ ਹੈ ਹਿੰਦੂ ਧਰਮ (ਵੈਦਿਕ ਧਰਮ ਜਾਂ ਸਨਾਤਨ ਧਰਮ) ਤੋਂ ਬਾਗ਼ੀ ਹੋਣਾ। ਇਨ੍ਹਾਂ ਬਾਗ਼ੀਆਂ ਨੂੰ ਅਸੀਂ ਬਰਦਾਸ਼ਤ ਨਹੀਂ ਕਰ ਸਕਦੇ।"

ਇਸੇ ਤਰ੍ਹਾਂ ਕੱਟੜ ਮੌਲਵੀ ਨਵਾਬਾਂ-ਬਾਦਸ਼ਾਹਾਂ ਨੂੰ ਚੁੱਕਣਾ ਦੇ ਰਹੇ ਸਨ, "ਦੇਖੋ ਹਜ਼ੂਰ! ਇਨ੍ਹਾਂ ਕਾਫ਼ਰਾਂ ਨੇ ਹੁਣ ਇੱਕ ਕਿਤਾਬ ਭੀ ਤਿਆਰ ਕਰ ਲਈ ਹੈ। ਇਹ ਸਾਡੀਆਂ ਸਾਰੀਆਂ ਸ਼ਰ੍ਹਾ ਦੀਆਂ ਪਾਬੰਦੀਆਂ ਤੋੜ ਰਹੇ ਹਨ। ਇਹ ਲੋਕ ਵੱਡੀ ਤਾਕਤ ਬਣਦੇ ਜਾ ਰਹੇ ਹਨ। ਕਿਸੇ ਵੇਲੇ ਭੀ ਇਹ ਬਾਗ਼ੀ ਟੋਲਾ ਇਸਲਾਮ ਧਰਮ ਵਾਸਤੇ ਅਤੇ ਮੁਗ਼ਲ ਰਾਜ ਵਾਸਤੇ ਖ਼ਤਰਾ ਬਣ ਸਕਦੇ ਹਨ। ਹੁਣੇ ਤੋਂ ਇਨ੍ਹਾਂ ਨੂੰ ਨੱਥ ਪਾਈ ਜਾਵੇ ਵਰਨਾ ਬਹੁਤ ਦੇਰ ਹੋ ਚੁੱਕੀ ਹੋਵੇਗੀ।"

ਇਸ ਪਰਥਾਏ ਸ਼ੇਖ਼ ਅਹਿਮਦ ਸਰਹੰਦੀ ਮੁਜੱਦਦ ਅਲਫ਼ਸਾਨੀ ਦੀ ਲਿਖਤ 'ਮਕਤੂਬਾਤ ਇਮਾਮ-ਏ-ਰੱਬਾਨੀ' ਸਬੂਤ ਵਾਸਤੇ ਪੜ੍ਹੀ ਜਾ ਸਕਦੀ ਹੈ। ਪਹਿਲਾਂ ਉਹ ਜਹਾਂਗੀਰ ਨੂੰ ਇਸ ਪਰਥਾਏ ਖ਼ਤ ਲਿਖਦਾ ਹੈ ਕਿ 'ਕਿਸੇ ਭੀ ਬਹਾਨੇ ਸਿੱਖਾਂ ਦੇ ਗੁਰੂ ਨੂੰ ਮਾਰ ਦਿੱਤਾ ਜਾਵੇ। ਮੁੜ ਇਨ੍ਹਾਂ ਕਾਫ਼ਰ ਸਿੱਖਾਂ ਨੂੰ ਜਥੇਬੰਦ ਨਾ ਹੋਣ ਦਿੱਤਾ ਜਾਵੇ। ਜਦੋਂ ਉਸ ਦੀ ਇੱਛਾ ਪੂਰੀ ਹੋ ਗਈ ਤਾਂ ਉਸ ਨੇ ਅਥਾਹ ਖ਼ੁਸ਼ੀ ਮਨਾਈ। ਵਧਾਈ ਵਾਲੀਆਂ ਚਿੱਠੀਆਂ ਆਪਣੇ ਦੋਸਤਾਂ-ਮਿੱਤਰਾਂ ਅਤੇ ਜਹਾਂਗੀਰ ਨੂੰ ਭੀ ਲਿਖੀਆਂ (ਵੇਰਵੇ ਲਈ ਵੇਖੋ ਸਾਚੀ ਸਾਖੀ-ਸ੍ਰ.ਕਪੂਰ ਸਿੰਘ, ਸਿੱਖ ਇਤਿਹਾਸ-ਡਾ.ਗੰਡਾ ਸਿੰਘ)

ਵਿਰੋਧੀਆਂ ਵੱਲੋਂ ਗੁਰਬਾਣੀ ਬਾਰੇ ਬੇ-ਸਿਰ ਪੈਰ ਦੀਆਂ ਕਹਾਣੀਆਂ ਪ੍ਰਚਲਿਤ ਕੀਤੀਆਂ ਗਈਆਂ। ਗੁਰੂ ਘਰ ਦੇ ਵਿਰੋਧੀਆਂ ਦੇ ਹਮਲੇ ਤੇਜ਼ ਹੁੰਦੇ ਗਏ ਤੇ ਪੰਜਵੇਂ ਪਾਤਸ਼ਾਹ ਜੀ ਸਮੇਂ ਪੋਥੀ ਸਾਹਿਬ ਦੀ ਸੰਪੂਰਨਤਾ ਤੋਂ ਮਗਰੋਂ ਇਹ ਜਨੂੰਨ ਸਿਖਰਾਂ 'ਤੇ ਪੁੱਜ ਗਿਆ। ਵਿਰੋਧੀਆਂ ਨੇ ਸਤਿਗੁਰੂ ਜੀ ਨੂੰ ਬੇਓੜਕ ਪ੍ਰੇਸ਼ਾਨ ਕੀਤਾ, ਕਦਮ-ਕਦਮ 'ਤੇ ਰੁਕਾਵਟਾਂ ਪਾਈਆਂ। ਸਤਿਗੁਰੂ ਜੀ ਕੁੱਲ ਮਨੁੱਖ ਮਾਤਰ ਦਾ ਭਲਾ ਕਰਨਾ ਲੋਚਦੇ ਸਨ। ਖ਼ੁਦਗਰਜ਼ ਲੋਕਾਂ ਨੂੰ ਇਹ ਨਹੀਂ ਸੀ ਭਾਉਂਦਾ। ਜਿਥੇ ਪਰਉਪਕਾਰ ਦੇ ਹੋਰ ਅਣਗਿਣਤ ਕਾਰਜ ਪੰਚਮ ਪਾਤਿਸ਼ਾਹ ਨੇ ਕੀਤੇ, ਉਥੇ ਉਨ੍ਹਾਂ ਦਾ ਮਹਾਨ ਕਾਰਜ ਸੀ ਬਗ਼ੈਰ ਮਿਲਾਵਟ ਤੋਂ ਸਦਾ ਲਈ ਅਗਵਾਈ ਦਾ ਸੋਮਾ ਪੋਥੀ ਸਾਹਿਬ ਨੂੰ ਤਿਆਰ ਕਰਕੇ ਆਪਣੀ ਨਿਰਮਲ ਵਿਚਾਰਧਾਰਾ ਨੂੰ ਮਲੀਨ ਹੋਣ ਤੋਂ ਬਚਾ ਲੈਣਾ। ਸ਼ਬਦ ਗੁਰੂ ਦੇ ਅਸੂਲ ਨੂੰ ਪੱਕੇ ਪੈਰੀਂ ਸੰਸਾਰ ਸਨਮੁੱਖ ਰੱਖ ਦੇਣਾ।

ਲੰਮੇ ਸਮੇਂ ਤੱਕ ਅਨੇਕ ਸਾਜ਼ਿਸ਼ਾਂ ਰਚਦਿਆਂ ਅੰਤ ਨੂੰ ਇਹ ਜਨੂੰਨੀ ਲੋਕ ਸਤਿਗੁਰੂ ਜੀ ਵਿਰੁੱਧ ਹਕੂਮਤ ਨੂੰ ਭੜਕਾਉਣ ਵਿਚ ਕਾਮਯਾਬ ਹੋ ਗਏ। ਪੰਜਵੇਂ ਪਾਤਿਸ਼ਾਹ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਲਿਜਾ ਕੇ ਤਸੀਹੇ ਦਿੱਤੇ ਜਾਣ ਲੱਗੇ। ਇੱਕ ਵੱਡੀ ਰਕਮ ਜੁਰਮਾਨੇ ਦੇ ਰੂਪ ਵਿਚ ਅਦਾ ਕਰਨ ਲਈ ਕਿਹਾ ਗਿਆ। ਨਾਂਹ ਕਰਨ 'ਤੇ ਇਸਲਾਮ ਕਬੂਲ ਕਰਨ ਲਈ ਦਬਾਅ ਪਾਇਆ ਗਿਆ। ਸਤਿਗੁਰੂ ਜੀ ਵੱਲੋਂ ਇਨਕਾਰ ਕਰਨ 'ਤੇ ਫ਼ਤਵਾ ਜਾਰੀ ਕਰ ਦਿੱਤਾ ਗਿਆ। ਕਾਨੂੰਨ ਲਾਗੂ ਕੀਤੇ ਗਏ 'ਯਾਸਾ ਅਤੇ ਸਿਆਸਤ'। ਇਨ੍ਹਾਂ ਚੰਗੇਜ਼ੀ ਸਜ਼ਾਵਾਂ ਵਿੱਚ ਇਹ ਜ਼ਾਲਮਪੁਣਾ ਲਾਗੂ ਕੀਤਾ ਹੁੰਦਾ ਹੈ ਕਿ ਸਜ਼ਾ ਯਾਫ਼ਤਾ ਬੰਦੇ ਨੂੰ ਅੱਗ ਵਿੱਚ ਸਾੜ ਕੇ, ਪਾਣੀ ਵਿੱਚ ਉਬਾਲ ਕੇ, ਧਰਤੀ ਵਿੱਚ ਜਿਉਂਦਿਆਂ ਦਬਾ ਕੇ ਜਾਂ ਪਾਣੀ ਵਿੱਚ ਡੋਬ ਕੇ ਮਾਰਿਆ ਜਾਵੇ। ਇਨ੍ਹਾਂ ਸਾਰੀਆਂ ਸਜ਼ਾਵਾਂ ਨਾਲ ਸਰੀਰ ਵਿਚੋਂ ਖ਼ੂਨ ਦਾ ਕਤਰਾ ਬਾਹਰ ਨਹੀਂ ਨਿਕਲਦਾ, ਪਰ ਤੜਫਦਿਆਂ ਇਨਸਾਨ ਦੀ ਮੌਤ ਹੋ ਜਾਂਦੀ ਹੈ। ਇਹੀ ਵਹਿਸ਼ੀਆਨਾ ਧਾਰਾ ਸਤਿਗੁਰੂ ਜੀ 'ਤੇ ਲਾਗੂ ਕੀਤੀ ਗਈ। ਪਹਿਲੇ ਦਿਨ ਤੱਤੀ ਤਵੀ 'ਤੇ ਬਿਠਾਇਆ ਗਿਆ। ਸਰੀਰ ਛਲਣੀ-ਛਲਣੀ ਹੋ ਗਿਆ, ਪਰ ਜ਼ਾਲਮਾਂ ਨੂੰ ਰਤਾ ਤਰਸ ਨਾ ਆਇਆ। ਰਾਤ ਨੂੰ ਕਾਲ ਕੋਠੜੀ ਵਿੱਚ ਬੰਦ ਕੀਤਾ ਗਿਆ। ਸਵੇਰ ਨੂੰ ਮੁਰਤਜ਼ਾਖਾਨ ਅਤੇ ਸਾਈਂ ਮੀਆਂ ਮੀਰ ਆਏ। ਮੀਆਂ ਮੀਰ ਨੇ ਹਕੂਮਤ ਪ੍ਰਤੀ ਘੋਰ ਗੁੱਸਾ ਪ੍ਰਗਟ ਕੀਤਾ, ਪਰ ਆਪਣੇ ਆਪ ਨੂੰ ਬੇਵੱਸ ਪਾਇਆ ਕਿਉਂਕਿ ਜਨੂੰਨੀ ਲੋਕ ਜਹਾਂਗੀਰ ਤੋਂ ਇਹ ਪਾਪ ਕਾਰਾ ਕਰਵਾ ਚੁੱਕੇ ਸਨ। ਜਹਾਂਗੀਰ ਤੋਂ ਬਗ਼ੈਰ ਹੋਰ ਕੋਈ ਇਸ ਹੁਕਮ ਨੂੰ ਪਲਟ ਨਹੀਂ ਸੀ ਸਕਦਾ। ਮੁਰਤਜਾ ਖ਼ਾਨ ਦੀ ਫਿਰ ਇਸਲਾਮ ਧਾਰਨ ਕਰ ਲੈਣ ਤੇ ਜਾਨ ਬਖ਼ਸ਼ੀ ਦੀ ਪੇਸ਼ਕਸ਼ ਠੁਕਰਾ ਦਿੱਤੀ। ਗੁਰੂ ਅਰਜਨ ਸਾਹਿਬ ਜੀ ਦੇ ਆਪਣੇ ਬਚਨ ਹਨ:-

**ਸੋ ਕਤ ਡਰੈ ਜਿ ਖਸਮੁ ਸਮ੍ਾਰੈ ॥**
**ਡਰਿ ਡਰਿ ਪਚੇ ਮਨਮੁਖ ਵੇਚਾਰੇ॥੧॥ ਰਹਾਉ ॥**
**(677)**

ਦੂਜੇ ਦਿਨ ਸਤਿਗੁਰੂ ਜੀ ਨੂੰ ਧੁੱਪੇ ਤਪਦੇ ਰੇਤ ਉਪਰ ਬਿਠਾਇਆ ਤੇ ਲਿਟਾਇਆ ਗਿਆ। ਨਾਲ ਹੀ ਸਰੀਰ ਉਪਰ ਗਰਮ ਰੇਤ ਲਗਾਤਾਰ ਪਾਇਆ ਗਿਆ। ਜਦੋਂ ਹਾਕਮ ਜੁੰਡਲੀ ਤਸੀਹੇ ਦੇ ਕੇ ਸਤਿਗੁਰੂ ਜੀ ਨੂੰ ਝੁਕਾਉਣ ਤੋਂ ਅਸਮਰੱਥ ਹੋ ਗਈ ਤਾਂ ਫ਼ੈਸਲਾ ਹੋਇਆ ਕਿ ਰਾਵੀ ਦੇ ਕਿਨਾਰੇ ਲਿਜਾਇਆ ਜਾਵੇ। ਉਸ ਵਕਤ ਇਸ ਪਾਪ ਕਾਰੇ ਦੇ ਮੁਖੀ ਨੇ ਹੁਕਮ ਦਿੱਤਾ ਕਿ 'ਸਰੀਰ ਨਾਲ ਭਾਰੇ ਪੱਥਰ ਬੰਨ੍ਹ ਕੇ ਦਰਿਆ ਵਿਚ ਰੋੜ੍ਹ ਦਿਉ। ਹੁਣ ਬਹੁਤ ਤਸੀਹੇ ਦਿੱਤੇ ਜਾ ਚੁੱਕੇ ਹਨ। ਸਾਡੀ ਇੱਕ ਭੀ ਸ਼ਰਤ ਇਨ੍ਹਾਂ ਵੱਲੋਂ ਪਰਵਾਨ ਨਹੀਂ ਕੀਤੀ ਗਈ। ਗੱਲ ਖ਼ਤਮ ਕਰ ਦਿਉ।' ਇਸੇ ਤਰ੍ਹਾਂ ਕੀਤਾ ਗਿਆ। ਸਰੀਰ ਨਾਲ ਪੱਥਰ ਬੰਨ੍ਹ ਕੇ ਗੁਰੂ ਜੀ ਦਰਿਆ ਵਿੱਚ ਰੋੜ੍ਹ ਦਿੱਤੇ ਗਏ। ਇਸ ਤਰ੍ਹਾਂ ਲੰਮਾ ਸਮਾਂ ਤਸੀਹੇ ਝੱਲ ਕੇ ਅਸੂਲਾਂ ਤੇ ਅਡੋਲ ਰਹਿ ਕੇ ਸਤਿਗੁਰੂ ਜੀ ਬਹਾਦਰੀ ਦੇ ਨਵੇਂ ਕੀਰਤੀਮਾਨ ਸਥਾਪਤ ਕਰ ਗਏ। ਹਕੂਮਤ ਵੱਲੋਂ ਇਹ ਝੂਠਾ ਪ੍ਰਚਾਰ ਕੀਤਾ ਗਿਆ ਕਿ ਸਤਿਗੁਰੂ ਜੀ ਇਸ਼ਨਾਨ ਕਰਨ ਗਏ ਸੀ, ਵਾਪਸ ਪਰਤ ਕੇ ਨਹੀਂ ਆਏ। ਨਾ ਸਮਝ ਸਿੱਖ ਇਸ ਝੂਠ ਨੂੰ ਅੱਜ ਤੱਕ ਸੱਚ ਮੰਨੀ ਜਾ ਰਹੇ ਹਨ। ਅਖੇ, 'ਜੀ, ਗੁਰੂ ਅਰਜਨ ਸਾਹਿਬ ਸਰੀਰ ਸਮੇਤ ਸੱਚਖੰਡ ਚਲੇ ਗਏ।'


ਐ ਲਕੀਰ ਦੇ ਫ਼ਕੀਰੋ! ਜੇ ਸਤਿਗੁਰੂ ਜੀ ਨੇ ਕਰਾਮਾਤੀ ਢੰਗ ਨਾਲ 'ਸੱਚਖੰਡ' ਜਾਣਾ ਸੀ ਤਾਂ ਪੰਜ ਦਿਨਾਂ ਤੱਕ ਘੋਰ ਤਸੀਹੇ ਝੱਲਣ ਦੀ ਕੀ ਲੋੜ ਸੀ? ਦੁੱਖ ਭੋਗਣੇ ਕੋਈ ਸ਼ੌਂਕ ਸੀ ਉਨ੍ਹਾਂ ਦਾ? ਜੇ ਕਰਾਮਾਤ ਕਰਨੀ ਹੀ ਸੀ ਤਾਂ ਜ਼ਾਲਮ ਹਾਕਮਾਂ ਨੂੰ ਬਨਦੀ ਸਜ਼ਾ ਦਿੰਦੇ ਜਾਂ ਕਰਾਮਾਤ ਨਾਲ ਉਨ੍ਹਾਂ ਦਾ ਮਨ ਹੀ ਬਦਲ ਦਿੰਦੇ। ਜੇਕਰ ਅਜਿਹੀਆਂ ਕਰਾਮਾਤਾਂ ਨਾਲ ਕੁਝ ਸੰਵਰਨਾ ਹੁੰਦਾ ਤਾਂ ਦੁੱਖ ਭੋਗਣ, ਤਸੀਹੇ ਝੱਲਣ ਜਾਂ ਜੰਗ ਲੜਨ ਦੀ ਫਿਰ ਕੀ ਲੋੜ ਸੀ? ਸਤਿਗੁਰੂ ਨੇ ਸ਼ਹਾਦਤ ਦੇ ਨਵੇਂ ਪੂਰਨੇ ਪਾਏ। ਐ ਸੰਸਾਰ ਦੇ ਲੋਕੋ! ਜੇ ਗੁਰੂ ਘਰ ਨੇ ਜੀਵਨ ਜਾਚ ਦੱਸੀ ਹੈ ਤਾਂ ਗੁਰੂ ਘਰ ਮਰਨ ਦੀ ਜਾਚ ਵੀ ਦੱਸ ਰਿਹਾ ਹੈ। ਮੈਂ ਮੋਹਰੀ ਹੋ ਕੇ ਗੁਰੂ ਅਰਜਨ ਸਾਹਿਬ ਜੀ ਦੀ ਮੌਤ ਨੂੰ ਕਬੂਲ ਕਰ ਰਿਹਾ ਹਾਂ। ਜ਼ਿੰਦਗੀ ਵੱਡੀ ਨਹੀਂ ਹੈ, ਸਗੋਂ ਜ਼ਿੰਦਗੀ ਨਾਲੋਂ ਅਸੂਲ ਜਿਆਦਾ ਵੱਡਾ ਹੈ।

-0-

# ਸਿੱਖੀ ਸਿਰੜ ਦਾ ਪ੍ਰਤੀਕ ਛੋਟਾ ਘੱਲੂਘਾਰਾ

**-ਜਗਜੀਤ ਸਿੰਘ**

ਪਹਿਲਾ ਭਾਵੇਂ ਛੋਟਾ ਘੱਲੂਘਾਰਾ 2 ਜੂਨ ਸੰਨ 1746 ਈਸਵੀ ਨੂੰ ਵਾਪਰਿਆ। ਜ਼ਕਰੀਆ ਖ਼ਾਨ 1726 ਤੋਂ ਲੈ ਕੇ ਜੁਲਾਈ 1745 ਤੱਕ ਲਾਹੌਰ ਸੂਬੇ ਦਾ ਗਵਰਨਰ ਰਿਹਾ। 1744 ਦੇ ਅੰਤਲੇ ਮਹੀਨਿਆਂ ਵਿੱਚ ਜ਼ਕਰੀਆ ਖ਼ਾਨ ਦੀ ਸਿੰਘਾਂ ਵਿਰੁੱਧ ਕੀਤੀ ਜਾ ਰਹੀ ਸਖਤੀ ਵਿੱਚ ਕੁਝ ਫ਼ਰਕ ਆ ਗਿਆ। ਅਸਲੀਅਤ ਇਹ ਹੈ ਕਿ ਨਾਦਿਰ ਸ਼ਾਹ ਦੇ ਹਮਲੇ ਨੇ ਮੁਗ਼ਲ ਰਾਜ ਨੂੰ ਅਸਲੋਂ ਖੋਖਲਾ ਕਰ ਦਿੱਤਾ ਸੀ। ਨਾਦਿਰ ਸ਼ਾਹ ਨੇ ਦਿੱਲੀ ਨੂੰ ਲੁੱਟ ਪੁੱਟ ਕੇ ਤਬਾਹ ਕਰ ਦਿੱਤਾ ਅਤੇ ਮੁੜਦਾ ਹੋਇਆ ਪੰਜਾਬ ਵਿੱਚ ਵੀ ਝਾੜੂ ਫੇਰ ਗਿਆ। ਸੋ ਜ਼ਕਰੀਆ ਖ਼ਾਨ ਦੀ ਸਿੰਘਾ ਵਿਰੁੱਧ ਤਅੱਦੀ ਵਿੱਚ ਢਿੱਲ ਦਾ ਅਸਰ ਲਾਜ਼ਮੀ ਸੀ। ਸਿੰਘ ਮਾਝੇ ਦਿਆਂ ਪਿੰਡਾਂ ਵਿੱਚ ਖੁੱਲ੍ਹੇ ਤੌਰ ਤੇ ਵਿਖਾਈ ਦੇਣ ਲੱਗੇ।ਇਹਨਾਂ ਵਿੱਚੋਂ ਨਿੱਕਲ ਕੇ ਉਹ ਕਿਤੇ ਕਿਤੇ ਲਾਹੌਰ ਦੀਆਂ ਕੰਧਾਂ ਤੀਕ ਪੰਜਾ ਮਾਰ ਕੇ ਖੋਹਾ ਖੋਹੀ ਕਰ



ਲਿਆਉਦੇ।

1 ਜੁਲਾਈ 1745 ਈ: ਨੂੰ ਜ਼ਕਰੀਆ ਖ਼ਾਨ ਆਪ ਕਾਲ ਵੱਸ ਹੋ ਗਿਆ। ਯਾਹੀਆ ਖ਼ਾਨ ਅਤੇ ਸਾਹ ਨਿਵਾਜ਼ ਵਿੱਚ ਪਿਓ ਦੀ ਜਾਇਦਾਦ ਦੀ ਵੰਡ ਨੂੰ ਲੈ ਕੇ ਛੇ ਕੁ ਮਹੀਨੇ ਝਗੜਾ ਚੱਲਦਾ ਰਿਹਾ। ਵੈਰੀਆਂ ਦੇ ਘਰ ਪਈ ਲੜਾਈ ਦਾ ਸਿੰਘਾਂ ਬਹੁਤ ਲਾਭ ਉਠਾਇਆ ਤੇ ਲੁੱਟ-ਮਾਰ ਕਰਕੇ ਚੰਗੇ ਮਾਲਾ-ਮਾਲ ਹੋ ਗਏ। ਜਿਹੜਾ ਇਹ ਥੋੜਾ ਸਮਾਂ ਮਿਲਿਆ, ਇਸ ਵਿੱਚ ਸਿੰਘਾਂ ਦੀ ਗਿਣਤੀ ਕਾਫ਼ੀ ਵੱਧ ਗਈ ਸੀ। 14 ਅਕਤੂਬਰ 1745 ਨੂੰ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬੜਾ ਭਾਰੀ ਇੱਕਠ ਹੋਇਆ ਅਤੇ ਸਿੰਘਾਂ ਦੇ ਛੋਟੇ ਛੋਟੇ ਜੱਥੇ ਬਣਾਏ ਗਏ ਅਤੇ ਇਸ ਸਮੁੱਚੀ ਸਾਂਝੀ ਜੱਥੇਬੰਦੀ ਦਾ ਨਾਮ "ਦਲ ਖ਼ਾਲਸਾ" ਰੱਖਿਆ ਗਿਆ।

ਯਾਹੀਆ ਖ਼ਾਨ ਆਪਣੇ ਮਾਮੇ ਅਤੇ ਸਹੁਰੇ ਕਮਰੁਦੀਨ ਖ਼ਾਨ ਵਜ਼ੀਰ ਦਿੱਲੀ ਦੇ ਵਸੀਲੇ ਨਾਲ ਲਾਹੌਰ ਦਾ ਸੂਬੇਦਾਰ ਬਣ ਗਿਆ। ਦਿੱਲੀ ਦਰਬਾਰ ਭਰੋਸਾ ਅਤੇ ਵਡਿਆਈ ਪ੍ਰਾਪਤ ਕਰਨ ਲਈ ਯਾਹੀਆ ਖ਼ਾਨ ਨੇ ਨਵੇਂ ਸਿਰਿਉਂ ਬਹੁਤ ਜ਼ਿਆਦਾ ਸਖ਼ਤੀ ਸ਼ੁਰੂ ਕਰ ਦਿੱਤੀ। ਯਾਹੀਆ ਖ਼ਾਨ ਨੇ ਆਪਣੇ ਬਾਪ ਵਾਲੀ ਗਸ਼ਤੀ ਫ਼ੌਜਾਂ ਨਾਲ ਹੋਰ ਫੌਜ਼ ਮਿਲਾ ਕੇ ਸਿੰਘਾਂ ਮਗਰ ਚਾੜ ਦਿੱਤੀਆਂ। ਸਿੰਘ ਵੱਡਿਆਂ ਹਥਿਆਰਾਂ ਤੋਂ ਬਿਨਾਂ ਜੰਮ ਕੇ ਨਹੀਂ ਸਨ ਲੜ ਸਕਦੇ, ਉਨ੍ਹਾਂ ਦਾ ਤਾਂ 'ਢਾਈ ਫੱਟਾਂ' ਵਾਲਾ ਲੜਨ ਢੰਗ ਹੀ ਕਾਮਯਾਬ ਸੀ। ਯਾਹੀਆ ਖ਼ਾਨ ਦੀਆਂ ਫੌਜ਼ਾਂ ਦਾ ਬਲ ਪੈ ਗਿਆ ਤੇ ਸਿੰਘ ਇੱਕ ਵਾਰ ਫੇਰ ਘਰ-ਘਾਟ ਛੱਡ ਕੇ ਦਰਿਆਵਾਂ ਦੀਆਂ ਝੱਲਾਂ, ਜੰਗਲਾਂ ਬੇਲਿਆਂ ਤੇ ਖੱਡਾਂ ਵਿੱਚ ਜਾ ਵੜੇ। ਜੋ ਫੜੇ ਜਾਂਦੇ, ਉਹ ਲਾਹੌਰ ਲਿਆ ਨਖਾਸ ਚੌਂਕ ਵਾਲੀ ਥਾਂ ਭਿਆਨਕ ਤਸੀਹੇ ਦੇ ਕਤਲ ਕੀਤੇ ਜਾਂਦੇ।

ਸਿੰਘਾਂ ਉਪਰ ਬਹੁਤ ਕਰੜਾ ਸਮਾਂ ਆਇਆ ਹੋਇਆ ਸੀ। ਪਰ ਉਹ ਵੀ ਹੱਠ ਦੇ ਪੱਕੇ ਆਪਣੀ ਵਿਧੀ ਨਾਲ ਮੁਗਲ ਫ਼ੌਜਾਂ ਨਾਲ ਲੋਹਾ ਲੈ ਰਹੇ ਸਨ। ਸਿੰਘਾਂ ਦਾ ਇੱਕ ਤਕੜਾ ਜੱਥਾ, ਜਿਸ ਦਾ ਸਰਦਾਰ, "ਜੱਸਾ ਸਿੰਘ ਆਹਲੂਵਾਲੀਆ" ਸੀ, ਮੁਗਲ ਫ਼ੌਜੀਆਂ ਦਾ ਭੇਸ ਬਦਲ ਕੇ ਲਾਹੌਰ ਦੇ ਸਰਾਫ਼ਾ ਬਜ਼ਾਰ ਵਿੱਚ ਜਾ ਵੜਿਆ। ਲੱਖਾਂ ਰੁਪਏ ਨਕਦ, ਗਹਿਣੇ, ਕਪੜੇ ਤੇ ਹੋਰ ਲੋੜੀਂਦੀਆਂ ਵਸਤਾਂ ਲੁੱਟ-ਪੁੱਟ ਘੋੜਿਆਂ ਉੱਤੇ ਲੱਦ ਕੇ ਲੈ ਗਏ। ਪਰ ਜਾਣ ਤੋਂ ਪਹਿਲਾ ਕਈ ਮੁਫ਼ਤੀ ਤੇ ਕਾਜ਼ੀ ਜਿਨ੍ਹਾਂ ਜਿਨ੍ਹਾਂ ਸਿੰਘਾਂ ਵਿਰੁੱਧ ਫ਼ਤਵੇ ਦੇ ਕੇ ਉਨ੍ਹਾਂ ਨੂੰ ਮਰਵਾਇਆ ਸੀ, ਤਲਵਾਰ ਦੇ ਘਾਟ ਲੰਘਾ ਦਿੱਤੇ। ਯਾਹੀਆ ਖ਼ਾਨ ਨੂੰ ਜਦ ਇਹ ਖ਼ਬਰ ਮਿਲੀ ਤਾਂ ਉਸਦੇ ਕਰੋਧ ਦੀ ਕੋਈ ਹੱਦ ਨਾ ਰਹੀ। ਉਹ ਤਾਂ ਨਾਜ਼ਿਮ ਬਣਦਾ ਹੀ ਦਮਗਜੇ ਮਾਰਨ ਲੱਗ ਪਿਆ ਸੀ ਕਿ ਲੋਕ ਯਾਦ ਕਰਿਆ ਕਰਨਗੇ ਕਿ ਜਿਨ੍ਹਾਂ ਨੂੰ ਫ਼ਰੁਖ਼ਸੀਅਰ, ਜ਼ਬਰਦਸਤ ਖ਼ਾਨ, ਅਸਲਮ ਖ਼ਾਨ, ਅਬਦੁਸਮੱਦ ਖ਼ਾਨ, ਨਾਦਿਰ ਖ਼ਾਨ ਤੇ ਜ਼ਕਰੀਆ ਖ਼ਾਨ, ਨਾ ਮਾਰ ਸਕੇ, ਮੈਂ ਉਨ੍ਹਾਂ ਨੂੰ ਮਾਰ ਕੇ ਯੁਗਾਂ ਲਈ ਨਾਮਣਾ ਖੱਟ ਲਿਆ ਹੈ। ਸੋ ਇਸ ਘਟਨਾ ਦੀ ਖ਼ਬਰ ਨੇ ਯਾਹੀਆ ਖ਼ਾਨ ਨੂੰ ਤੜਫਾ ਕੇ ਰੱਖ ਦਿੱਤਾ। ਝੱਟ ਪੱਟ ਆਪਣੇ ਦੀਵਾਨ ਲਖਪਤ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਇਨ੍ਹਾਂ ਸਿੰਘਾਂ ਵਿਰੁੱਧ ਕਰੜੀ ਤੋਂ ਕਰੜੀ ਕਾਰਵਾਈ ਕੀਤੀ ਜਾਵੇ।

ਲਖਪਤ ਰਾਏ ਤੇ ਜਸਪਤ ਰਾਏ ਦੋਵੇਂ ਸਕੇ ਭਰਾ ਕਲਾਨੌਰ ਦੇ ਰਹਿਣ ਵਾਲੇ ਅਰੋੜੇ ਖੱਤਰੀ ਸਨ। ਲਖਪਤ ਰਾਏ ਜਦ ਗੱਭਰੂ ਹੋਇਆ ਤਾਂ ਅਬਦੁੱਸਮੱਦ ਖ਼ਾਨ (ਜ਼ਕਰੀਆ ਖ਼ਾਨ ਦਾ ਬਾਪ) ਨਾਜ਼ਿਮ ਲਾਹੌਰ ਪਾਸ ਨੌਕਰੀ ਕਰ ਲਈ। ਆਪਣੇ ਭਰਾ ਜਸਪਤ ਰਾਏ ਨੂੰ ਵੀ ਨੌਕਰ ਕਰਾ ਦਿੱਤਾ। ਜ਼ਕਰੀਆ ਖ਼ਾਨ ਵੇਲੇ ਇਹ ਦੀਵਾਨ ਬਣ ਗਿਆ ਸੀ। ਉਸ ਨੇ ਸਿੱਖਾਂ ਉਤੇ ਜਿੰਨਾ ਵੀ ਜ਼ੁਲਮ ਜਬਰ ਦਾ ਝੱਖੜ ਝੁਲਾਇਆ, ਇਹ ਉਸ ਵਿੱਚ ਬਰਾਬਰ ਦਾ ਭਾਈਵਾਲ ਰਿਹਾ। ਇਸੇ ਲਖਪਤ ਨੇ ਭਾਈ ਮਨੀ ਸਿੰਘ ਨੂੰ ਫੜਵਾਇਆ ਤੇ ਹੋਰ ਕਈ ਸਿੰਘਾਂ ਨੂੰ ਸ਼ਹੀਦ ਕਰਵਾਇਆ ਸੀ। ਸ਼ਾਹ ਨਿਵਾਜ਼ ਵੇਲੇ ਵੀ ਇਹੋ ਦੀਵਾਨ ਸੀ ਤੇ ਜਦ ਉਸ ਨੇ ਸਿੰਘਾਂ ਉੱਤੇ ਸਖ਼ਤੀ ਅਰੰਭੀ ਤਾਂ ਉਨ੍ਹਾਂ ਮੁਹਿੰਮਾਂ ਦਾ ਬੰਦੋਬਸਤ ਵੀ ਇਸ ਨੇ ਹੀ ਕੀਤਾ ਸੀ। ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ, ਭਾਈ ਮਨੀ ਸਿੰਘ ਦੀ ਸ਼ਹੀਦੀ, ਸ੍ਰੀ ਹਰਿਮੰਦਰ ਸਾਹਿਬ ਵਿੱਚ ਮੱਸੇ ਰੰਘੜ ਰਾਹੀਂ ਜ਼ੁਲਮੀ ਕਾਰਾ, ਭਾਈ ਤਾਰੂ ਸਿੰਘ, ਭਾਈ ਹਕੀਕਤ ਰਾਏ ਤੇ ਹੋਰ ਹਜ਼ਾਰਾਂ ਸਿੰਘਾਂ ਤੇ ਬੱਚਿਆਂ ਦੀਆਂ ਸ਼ਹਾਦਤਾਂ ਇਸ ਦੀ ਦੀਵਾਨੀ ਵਿੱਚ ਹੀ ਹੋਈਆਂ ਸਨ। ਹੁਣ ਯਾਹੀਆ ਖ਼ਾਨ ਵੇਲੇ ਵੀ ਇਹੋ ਹੀ ਦੀਵਾਨ ਸੀ। (ਯਾਦ ਰਹੇ ਕਿ ਮੀਰ ਮੰਨੂੰ ਦੇ ਵੇਲੇ ਵੀ ਇਹੋ ਹੀ ਦੀਵਾਨ ਸੀ। ਹੁਣ ਲਖਪਤ ਰਾਏ ਨੇ ਆਪਣੇ ਭਰਾ ਜਸਪਤ ਰਾਏ ਨੂੰ ਫ਼ੌਜ ਦੇ ਕੇ ਸਿੰਘਾਂ ਮਗਰ ਚਾੜ ਦਿੱਤਾ।

ਸਿੰਘਾਂ ਦਾ ਜੱਥਾ ਗੁਰਦੁਆਰਾ ਰੋੜੀ ਸਾਹਿਬ

ਲਾਗੇ ਬੈਠਾ ਬੱਕਰੇ ਭੁੰਨ-ਭੁੰਨ ਛੱਕ ਰਿਹਾ ਸੀ। ਜਸਪਤ ਰਾਏ ਨੇ ਆਪਣੇ ਕੁਝ ਸਵਾਰ ਇਹ ਹੁਕਮ ਦੇ ਕੇ ਭਜਾਏ ਕਿ ਬਕਰੇ ਖੋਹ ਲਏ ਜਾਣ ਤੇ ਉਨ੍ਹਾਂ ਨੂੰ ਮਾਰ ਕੇ ਉਥੋਂ ਉਠਾ ਦਿੱਤਾ ਜਾਵੇ। ਸਿੰਘਾਂ ਨੇ ਫ਼ੌਜ ਨੂੰ ਉੱਤਰ ਦਿੱਤਾ ਕਿ ਅਸੀਂ ਕਈ ਦਿਨਾਂ ਤੋਂ ਫਾਕੇ ਵਿੱਚ ਹਾਂ ਅਤੇ ਲੰਗਰ ਛੱਕ ਕੇ ਚਲੇ ਜਾਵਾਂਗੇ। ਅਸੀਂ ਉਸਦੇ ਇਲਾਕੇ ਨੂੰ ਕਬਜੇ ਵਿੱਚ ਨਹੀਂ ਕੀਤਾ ਅਤੇ ਨਾ ਸਾਡਾ ਕੋਈ ਇਰਾਦਾ ਹੀ ਹੈ। ਇਥੇ ਅਸੀਂ ਰਾਤ ਕਟਣੀ ਹੈ, ਸਵੇਰੇ ਅਸੀਂ ਆਪਣੇ ਆਪ ਹੀ ਚਾਲੇ ਪਾ ਜਾਣੇ ਹਨ। ਇਸ ਸੈਨਿਕ ਦਸਤੇ ਨੇ ਵਾਪਸ ਜਾ ਕੇ ਸਿੰਘਾਂ ਦਾ ਉੱਤਰ ਦੱਸਿਆ ਤਾਂ ਜਸਪਤ ਰਾਏ ਅਤੇ ਇਸ ਦਾ ਸਾਰਾ ਢਿਮ-ਢਾਣਾ ਐਲੀ ਐਲੀ ਕਰਦਾ ਸਿੰਘਾਂ ਉੱਪਰ ਜਾ ਪਿਆ। ਸਿੰਘਾਂ ਨੇ ਮਤਾ ਪਾਸ ਕੀਤਾ ਕਿ ਗੁਰੂ ਅਸਥਾਨ ਉਪਰ ਖ਼ੂਨ ਖ਼ਰਾਬਾ ਨਾ ਕੀਤਾ ਜਾਵੇ। ਸਿੰਘ ਤੇਗਾਂ ਸੂਤ ਤੇ ਨੇਜ਼ੇ ਉਲਾਰ ਕੇ ਪੈ ਗਏ ਅਤੇ ਫ਼ੌਜ ਦਾ ਘੇਰਾ ਤੋੜ ਕੇ ਨਿਕਲ ਗਏ। ਧਕੀਦੇਂ-ਧਕਾਈਦੇ ਬਦੋ-ਕੀ ਗੁਸਾਂਈ ਮਨੋਹਰ ਦਾਸ ਲਾਗੇ ਅਪੜੇ ਅਤੇ ਝਿੜੀ ਵਿੱਚ ਸਿਰ ਜਾ ਲੁਕਾਇਆ। ਰਾਤ ਨਿਕਲੀ, ਦਿਨ ਚੜ੍ਹਿਆ। ਪੇਟ ਨੂੰ ਝੁਲਕਾ ਦੇਣ ਲਈ ਸਿੰਘਾਂ ਨੇ ਟਿੰਡਾਂ ਵਿੱਚ ਕੁਝ ਘਾਹ ਫੂਸ ਪਾ ਕੇ ਉਬਾਲਣ ਲਈ ਧਰਿਆ ਹੀ ਸੀ ਕਿ ਵੈਰੀ ਸਿਰ ਤੇ ਆ ਕੜਕਿਆ। ਮਰਦਾ ਬੰਦਾ ਕੀ ਨਹੀਂ ਕਰਦਾ। ਉਹਨਾਂ ਸੋਚਿਆ ਕਿ ਭੁੱਖੇ ਮਰਨ ਨਾਲੋਂ ਲੜ ਕੇ ਕਿਉਂ ਨਾ ਮਰੀਏ? ਉਹ ਟੁੱਟ ਕੇ ਜਸਪਤ ਰਾਏ ਦੇ ਲਸ਼ਕਰ ਉੱਤੇ ਜਾ ਪਏ। ਜਸਪਤ ਰਾਏ ਹਾਥੀ ਉੱਤੇ ਚੜ੍ਹਿਆ ਹੋਇਆ ਫ਼ੌਜ ਨੂੰ ਲਲਕਾਰਦਾ ਹੋਇਆ ਵਧਦਾ ਆ ਰਿਹਾ ਸੀ ਕਿ ਇਕਦਮ ਨਿਬਾਹੂ ਸਿੰਘ ਨਾਮ ਦਾ ਇੱਕ ਸਿੰਘ ਉਸ ਦੇ ਹਾਥੀ ਦੀ ਪੂਛਲ ਫੜ ਕੇ ਹਾਥੀ ਉਪਰ ਚੜ੍ਹ ਗਿਆ ਤੇਗ ਦੇ ਇੱਕ ਹੀ ਵਾਰ ਨਾਲ ਦੀਵਾਨ ਜਸਪਤ ਰਾਏ ਦਾ ਸਿਰ ਧੜ ਨਾਲੋਂ ਅੱਡ ਕਰ ਦਿੱਤਾ।

ਜਸਪਤ ਰਾਏ ਦੇ ਮਾਰੇ ਜਾਣ ਦੀ ਖ਼ਬਰ ਜਦ ਉਸਦੇ ਭਰਾ ਲਖਪਤ ਰਾਏ ਨੂੰ ਮਿਲੀ ਤਾਂ ਬੜਾ ਤੜਫ਼ਿਆ ਤੇ ਕਰੋਧ ਨਾਲ ਆਪੇ ਤੋਂ ਬਾਹਰ ਹੋ ਗਿਆ। ਧਾਹੀਂ ਮਾਰਦਾ ਯਾਹੀਆ ਖ਼ਾਨ ਪਾਸ ਪੁੱਜਾ ਤੇ ਆਪਣੀ ਪੱਗ ਉਸ ਦੇ ਪੈਰਾਂ ਤੇ ਜਾ ਸੁੱਟੀ ਤੇ ਸਹੁੰ ਖਾਧੀ ਕਿ ਮੈਂ ਇਹ ਪੱਗ ਸਿੰਘਾਂ ਦਾ ਖੁਰਾ-ਖੋਜ ਮਿਟਾ ਕੇ ਹੀ ਸਿਰ ਤੇ ਬੰਨਣੀ ਹੈ। ਇਥੋਂ ਤੱਕ ਕਹਿ ਦਿੱਤਾ ਕਿ "ਇਹ ਉਸ਼ਟੰਡ (ਖ਼ਾਲਸਾ ਪੰਥ) ਇੱਕ ਖੱਤਰੀ (ਗੁਰੂ ਨਾਨਕ ਜੀ) ਨੇ ਖੜਾ ਕੀਤਾ ਸੀ, ਹੁਣ ਮੈਂ ਇੱਕ ਖੱਤਰੀ ਹੀ ਇਸ ਦਾ ਨਾਸ਼ ਕਰਾਂਗਾ"।'ਅੰਨ੍ਹਾ ਕੀ ਭਾਲੇ, ਦੋ ਅੱਖਾਂ'। ਲਖਪਤ ਤੋਂ ਵੱਡਾ ਸਿੱਖਾਂ ਦਾ ਦੋਖੀ ਯਾਹੀਆ ਖ਼ਾਨ ਨੂੰ ਹੋਰ ਕਿਥੋਂ ਲੱਭਣਾ ਸੀ। ਯਾਹੀਆ ਖ਼ਾਨ ਨੇ ਝਟਪਟ ਸਿੱਖਾਂ ਦੇ ਕਤਲੇਆਮ ਦਾ ਐਲਾਨ ਸਾਰੇ ਪੰਜਾਬ ਵਿੱਚ ਫਿਰਵਾ ਦਿੱਤਾ ਕਿ 'ਜਿਥੇ ਕਿਤੇ ਵੀ ਸਿੱਖ ਮਿਲੇ, ਮਾਰ ਦਿੱਤਾ ਜਾਵੇ'। ਲਖਪਤ ਲਾਹੌਰੋਂ ਬਹੁਤ ਸਾਰੀ ਫ਼ੌਜ ਲੈ ਕੇ ਜਥੇ ਦੇ ਮਗਰ ਚੜ੍ਹ ਪਿਆ। ਪਰ ਜਸਪਤ ਰਾਏ ਦੇ ਮਾਰੇ ਜਾਣ ਪਿੱਛੋਂ ਏਮਨਾਬਾਦ ਨੂੰ ਲੁੱਟ ਕੇ ਸਿੱਖ ਕਦੋਂ ਦੇ ਝੱਲਾਂ ਵਿੱਚ ਹਰਨ ਹੋ ਚੁੱਕੇ ਸਨ। ਹੁਣ ਤੱਕ ਜਿੰਨੇ ਕਤਲੇਆਮ ਹੋਏ ਸਨ, ਉਨ੍ਹਾਂ ਵਿੱਚ ਕੇਵਲ ਜਥਿਆਂ ਦੇ ਰਾਠ ਸਿੰਘ ਹੀ ਮਾਰੇ ਜਾਂਦੇ ਸਨ। ਪਰ ਹੁਣ ਲਖਪਤ ਰਾਏ ਨੇ ਲਾਹੌਰ ਵਿੱਚ ਅਮਨ ਅਮਾਨ ਨਾਲ ਵੱਸਦੇ ਗੁਰਸਿੱਖਾਂ ਦਾ ਕਤਲੇਆਮ ਵੀ ਆਰੰਭ ਦਿੱਤਾ। 10 ਮਾਰਚ ਸੰਨ 1746 ਈ: ਮੁਤਾਬਕ ਨੂੰ 15 ਆਮ ਕੰਮਕਾਰੀ ਸਿੱਖਾਂ ਨੂੰ ਨਖ਼ਾਸ ਚੌਂਕ ਵਾਲੀ ਥਾਂ ਸ਼ਹੀਦ ਕਰ ਦਿੱਤਾ। ਲਖਪਤ ਰਾਏ ਨੇ ਲਾਹੌਰ ਸਰਕਾਰ ਦੇ ਸਿੱਖ ਨੌਕਰ ਚਾਕਰਾਂ ਨੂੰ ਕਤਲ ਕਰਵਾ ਕੇ ਆਸ-ਪਾਸ ਜੋ ਵੀ ਮਿਲਿਆ, ਸਭ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ। ਪਰ ਇੰਨੇ ਜ਼ੁਲਮ ਕਰਨ ਤੋਂ ਬਾਅਦ ਵੀ ਉਸ ਦਾ ਦਿਲ ਠੰਢਾ ਨਹੀਂ ਸੀ ਹੋਇਆ। ਉਸਨੇ



ਸ਼ਹੀਦਾਂ ਦੀ ਯਾਦ ਵਿਚ ਸਥਾਪਿਤ
ਗੁਰਦੁਆਰਾ ਘੱਲੂਘਾਰਾ ਸਾਹਿਬ ਕਾਹਨੂੰਵਾਨ ਛੰਭ

ਸਿੰਘਾਂ ਵਿਰੁੱਧ ਭਾਰੀ ਮੁਹਿੰਮ ਲਈ ਫ਼ੌਜ ਦੀ ਤਿਆਰੀ ਆਰੰਭ ਦਿੱਤੀ। ਮੁਲਤਾਨ, ਬਹਾਵਲਪੁਰ, ਕਸੂਰ, ਦੁਆਬੇ ਅਤੇ ਜੰਮੂ-ਕਸ਼ਮੀਰ ਦੀਆਂ ਫ਼ੌਜਾਂ ਮੰਗਵਾ ਲਈਆਂ। ਇਸ ਦੇ ਨਾਲ ਨਵੀਂ ਫ਼ੌਜ ਵੀ ਭਰਤੀ ਕੀਤੀ। ਇਸ ਸਮੇਂ ਹਕੂਮਤੀ ਸੂਹੀਆਂ ਆ ਕੇ ਖ਼ਬਰ ਦਿੱਤੀ ਕਿ ਬਹੁਤ ਸਾਰੇ ਸਿੰਘ ਕਾਹਨੂੰਵਾਨ ਦੇ ਛੰਭ ਵਿੱਚ ਜਮਾਂ ਹਨ। ਜੱਥੇਦਾਰਾਂ ਵਿੱਚ ਪ੍ਰਸਿੱਧ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ, ਸਰਦਾਰ ਗੁਰਦਿਆਲ ਸਿੰਘ ਡੱਲੇਵਾਲੀਆ, ਬਾਬਾ ਦੀਪ ਸਿੰਘ, ਸਰਦਾਰ ਤਾਰਾ ਸਿੰਘ ਗੈਬਾ, ਸਰਦਾਰ ਸੁੱਖਾ ਸਿੰਘ ਕੰਬੋਕੀ ਅਤੇ ਸਰਦਾਰ ਹਰੀ ਸਿੰਘ ਭੰਗੀ ਜੱਥੇ ਦੇ ਨਾਲ ਹੀ ਸਨ। ਲੱਖਾਂ ਦੀ ਗਿਣਤੀ ਵਿੱਚ ਲਾਮ ਲਸ਼ਕਰ ਮਾਰੋ-ਮਾਰ ਕਰਦਾ ਹੋਇਆ ਕਾਹਨੂੰਵਾਨ ਦੀ ਹੱਦ ਵਿੱਚ ਆਣ ਪੁੱਜਾ ਅਤੇ ਛੰਭ ਨੂੰ ਘੇਰੇ ਵਿੱਚ ਲੈ ਲਿਆ। ਉਦੋਂ ਇਹ ਛੰਭ ਲਗਭਗ 60 ਕੁ ਕਿਲੋਮੀਟਰ ਦੇ ਘੇਰੇ ਵਿੱਚ ਸੀ। ਕਾਹਨੂੰਵਾਨ ਛੰਭ ਦਾ ਆਸਰਾ ਲੈ ਕੇ ਸਿੰਘ ਇਸ ਵਿੱਚ ਡਟ ਗਏ।

ਫੌਜਾਂ ਨੇ ਘੇਰਾ ਪਾ ਕੇ ਸਿੰਘਾਂ ਨੂੰ ਬਾਹਰ ਨਿਕਲਣੋਂ ਰੋਕ ਦਿੱਤਾ। ਸਿੰਘ ਇਨ੍ਹਾਂ ਡਾਢੇ ਸੰਘਣੇ ਜੰਗਲਾਂ ਦੇ ਭੇਤੀ ਸਨ, ਸੋ ਬੜੀ ਆਸਾਨੀ ਨਾਲ ਮਿਰਗਾਂ ਵਾਂਗ ਚੁੰਗੀਆਂ ਮਾਰਦੇ ਫਿਰਦੇ ਸਨ। ਸਰਕਾਰੀ ਫ਼ੌਜ ਡਰਦੀ ਅੰਦਰ ਨਾ ਵੜਦੀ, ਬਾਹਰ ਬਾਹਰ ਹੀ ਦਮਗੱਜੇ ਮਾਰੀ ਜਾਂਦੀ। ਕਈ ਵਾਰ ਸਿੰਘ ਮੌਕਾ ਪਾ ਕੇ ਫ਼ੌਜ ਉਪਰ ਆ ਪੈਂਦੇ ਅਤੇ ਰਸਦ ਪਾਣੀ ਜੋ ਹੱਥ ਲਗਦਾ ਲੁੱਟ ਕੇ ਝੱਲਾਂ ਵਿੱਚ ਜਾ ਵੜਦੇ। ਦੁਸ਼ਮਣ ਘੇਰਾ ਤੰਗ ਕਰੀ ਜਾ ਰਿਹਾ ਸੀ ਅਤੇ ਖਾਣਾ ਦਾਣਾ ਵੀ ਮੁਕ ਚੁੱਕਾ ਸੀ। ਸਿੰਘਾਂ ਨੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਗੁਜ਼ਾਰਾ ਕੀਤਾ ਪਰ ਜਦ ਇਹ ਵੀ ਖਤਮ ਹੋ ਗਿਆ ਤਾਂ ਸਿੰਘ ਘਾਹ ਤੇ ਕੰਦ-ਮੂਲ ਖਾ ਕੇ ਹੀ ਵਕਤ ਕੱਟੀ ਕਰਨ ਲੱਗੇ। ਲਖਪਤ ਰਾਏ ਨੇ ਝੱਲਾਂ ਨੂੰ ਅੱਗ ਲਗਵਾ ਦਿੱਤੀ। ਸਿੰਘ ਲੜਦੇ-ਭਿੜਦੇ ਬਸੋਲੀ ਵੱਲ ਨਿਕਲਣ ਲੱਗੇ, ਪਰ ਉਧਰ ਪਹਾੜੀਆਂ ਨੇ ਗੋਲੀਆਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ, ਸਿੰਘ ਪਿਛੇ ਮੁੜ ਪਏ ਅਤੇ ਮਾਰੋ-ਮਾਰੀ ਕਰਦੇ ਭੁੱਖੇ ਸ਼ੇਰ ਵਾਂਗ ਵੈਰੀਆਂ ਉਪਰ ਆ ਪਏ। ਲਖਪਤ ਦੀ ਫ਼ੌਜ ਨੂੰ ਚੀਰ ਕੇ ਸਿੰਘ ਰਾਵੀ ਕੰਢੇ ਪੁੱਜੇ, ਅੱਗੇ ਦਰਿਆ ਬੜਾ ਚੜ੍ਹਿਆ ਹੋਇਆ ਸੀ। ਸਰਦਾਰ ਗੁਰਦਿਆਲ ਸਿੰਘ ਡੱਲੇਵਾਲ ਨੇ ਭਰਾ ਸਮੇਤ ਦਰਿਆ ਦੀ ਡੂੰਘਾਈ ਪਤਾ ਕਰਨ ਲਈ ਛਾਲਾਂ ਮਾਰ ਦਿੱਤੀਆਂ ਤੇ ਉਹ ਘੋੜਿਆਂ ਸਮੇਤ ਰੁੜ ਗਏ। ਆਖ਼ਰ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸੁੱਖਾ ਸਿੰਘ ਮਾੜੀ ਕੰਬੋਕੇ ਨੇ ਸਿੰਘਾਂ ਨੂੰ ਸਖ਼ਤ ਹੱਲੇ ਲਈ ਪ੍ਰੇਰਿਆ, ਭਾਰਾ ਸੰਗਰਾਮ ਮੱਚਿਆ। ਇੱਕ ਗੋਲੀ ਲੱਗਣ ਕਾਰਨ ਸੁੱਖਾ ਸਿੰਘ ਦੀ ਲੱਤ ਟੁੱਟ ਗਈ, ਪਰ ਆਪ ਨੇ ਪੱਗ ਪਾੜ ਕੇ ਲੱਤ ਨੂੰ ਘੋੜੇ ਦੇ ਹੰਨੇ ਨਾਲ ਬੰਨ੍ਹ ਛੱਡਿਆ ਅਤੇ ਆਪ ਉਵੇਂ ਹੀ ਲੜਦੇ ਰਹੇ। ਕਈ ਸਿੰਘ ਦੱਭ ਦੇ ਤੁਲੇ ਬਣਾ ਕੇ ਰਾਵੀ ਤੋਂ ਪਾਰ ਹੋ ਗਏ, ਅੱਗੇ ਦੋ ਮੀਲ ਬਰੇਤੀ ਆ ਗਈ, ਉਤੇ ਜੇਠ ਹਾੜ ਦੀ ਧੁੱਪ, ਪੈਰੋਂ ਨੰਗੇ, ਢਿੱਡੋਂ ਭੁੱਖੇ, ਸਿੰਘ ਸਭ ਕੁਝ ਝੱਲਦੇ ਮਾਲਵੇ ਵੱਲ ਨਿਕਲ ਗਏ। 2-3 ਹਜ਼ਾਰ ਸਿੰਘ ਮਾਲਵੇ ਵੱਲ ਅਤੇ ਹਜ਼ਾਰ ਕੁ ਸਿੰਘ ਪਹਾੜ ਵੱਲ ਨਿਕਲ ਗਏ। ਲਗਭਗ 7-8 ਹਜ਼ਾਰ ਸਿੰਘ ਇਸ ਘੱਲੂਘਾਰੇ ਦੀ ਭੇਂਟ ਚੜ ਗਏ। ਤਿੰਨ ਹਜ਼ਾਰ ਸਿੰਘ ਕੈਦ ਕਰਕੇ ਲਾਹੌਰ ਲਿਆਂਦੇ ਗਏ, ਇਹਨਾਂ ਨੂੰ ਨਖ਼ਾਸ ਚੌਂਕ ਵਿੱਚ ਸ਼ਹੀਦ ਕੀਤਾ ਗਿਆ। ਇਸ ਤੋਂ ਪਹਿਲਾਂ ਕਦੇ ਸਿੰਘਾਂ ਦਾ ਇੰਨ੍ਹਾਂ ਨੁਕਸਾਨ ਨਹੀਂ ਸੀ ਹੋਇਆ। ਇਸ ਘਟਨਾ ਨੂੰ ਇਤਿਹਾਸ ਵਿੱਚ ਛੋਟੇ ਘੱਲੂਘਾਰੇ ਦੇ ਨਾਮ 'ਤੇ ਯਾਦ ਕੀਤਾ ਜਾਂਦਾ ਹੈ।

-0-

# ਆਓ ਖ਼ਾਲਸਾ ਜੀਓ! ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਉਸਾਰੀਏ।



**ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ**
**# 9592093472**

ਬੜਾ ਹੀ ਅਜ਼ੀਬ ਤਣਾਓ ਭਰਿਆ ਮਾਹੌਲ ਹੈ ਸਿੱਖ ਜਗਤ ਵਿਚ। ਕਿਉਂ ਹੈ? ਕੀ ਇਸ ਕੁੜੱਤਣ ਭਰੇ ਮਾਹੌਲ ਤੋਂ ਬਚਿਆ ਨਹੀਂ ਸੀ ਜਾ ਸਕਦਾ? ਉੱਤਰ ਹੈ ਬਚਿਆ ਜਾ ਸਕਦਾ ਸੀ। ਕਿਵੇਂ? ਗੁਰਬਾਣੀ ਗੁਰੂ ਜੀ ਦੀ ਸੋਝੀ 'ਤੇ ਅਮਲ ਕਰਕੇ। ਗੁਰੂ ਬਚਨ ਸਾਡਾ ਸਦੀਆਂ ਤੋਂ ਮਾਰਗ ਦਰਸ਼ਨ ਕਰ ਰਹੇ ਹਨ ਅਸੀਂ ਓਥੋਂ ਸਮਝ ਸੋਝੀ ਲੈਣ ਪੱਖੋਂ ਪਛੜੇ ਆ ਰਹੇ ਹਾਂ।

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥** (417)

ਸਾਡੇ ਪੁਰਖਿਆਂ ਕੋਲ ਗੁਰਬਾਣੀ ਗੁਰੂ ਜੀ ਦੀ ਸਮਝ, ਪਿਆਰ ਤੇ ਵਿਸ਼ਵਾਸ ਜਿੱਥੇ ਵਧੇਰੇ ਸੀ ਓਥੇ ਉਨ੍ਹਾਂ ਪਾਸ ਅਮਲ ਦਾ ਪੱਖ ਬਹੁਤ ਮਜ਼ਬੂਤ ਸੀ।

ਅੱਜ ਅਸੀਂ ਗੁਰਬਾਣੀ ਗੁਰੂ ਜੀ ਦਾ ਬਾਹਰੀ ਸਤਿਕਾਰ ਡਰ ਤੇ ਨਵੀਆਂ ਨਵੀਆਂ ਅੰਧ ਵਿਸਵਾਸ਼ੀ ਕਿਰਿਆ ਨੂੰ ਪ੍ਰਫੁਲਿਤ ਕਰ ਰਹੇ ਹਾਂ ਮਗਰ ਗੁਰਬਾਣੀ ਗੁਰੂ ਰੂਹ ਦੇ ਤਲ ਭਾਵ ਅਮਲੀ ਜੀਵਨ ਵਿਚ ਜੀਊ ਨਹੀਂ ਰਹੇ। ਬੁੱਧੀ ਦੇ ਤਲ ਤੇ ਸਿੱਖ ਹੋਣ ਦਾ ਵਧੇਰੇ ਭਰਮ ਪਾਲਣ ਕਰਕੇ ਹਉਮੈ ਹੰਕਾਰ ਗ੍ਰਸਤ ਵਧੇਰੇ ਹੋਈ ਜਾ ਰਹੇ ਹਾਂ। ਸਾਡੇ ਵਿਚ ਪੰਥ-ਪ੍ਰਸਤੀ ਦੀ ਭਾਵਨਾ ਤੇ ਪੰਥ ਸੇਵਾ ਦੀ ਸੂਝ ਦਿਨ ਪ੍ਰਤੀ ਦਿਨ ਘਟਦੀ ਆ ਰਹੀ ਹੈ। ਨਤੀਜੇ ਵਰਤਮਾਨ ਸਮੇਂ ਦੇ ਹਉਮੈ ਭਰੇ ਫੈਸਲੇ ਤੇ ਪਸਰ ਰਿਹਾ ਦਵੰਦ ਹੈ ਜਿਸ ਤੋਂ ਸੰਸਾਰ ਭਰ ਵਿਚ ਵੱਸਦੇ ਸਿੱਖ ਪੀੜਤ ਹਨ! ਦੋਸ਼ ਵਿਅਕਤੀਗਤ ਨਹੀਂ ਹਨ ਦੋਸ਼ ਸੰਸਥਾਗਤ ਹਨ। ਕਮੀ ਇਹ ਹੈ ਕਿ ਖ਼ੁਦ ਅੰਦਰ ਝਾਤ ਮਾਰ ਕੇ ਆਪਣੇ ਦੋਸ਼ ਸਵੀਕਾਰ ਕਰਨ ਦੀ ਹਿੰਮਤ ਜੋ ਸਚਿਆਰ, ਇਮਾਨਦਾਰ ਤੇ ਵਫ਼ਾਦਾਰ ਮਨੁੱਖ ਵਿਚ ਰੱਬੀ ਦਾਤ ਵਜੋਂ ਜਨਮਦੀ ਹੈ ਉਹ ਸਾਡੇ ਵਿਚ ਨਹੀਂ ਹੈ।

**ਸਿੱਖ ਸੰਗਤਾਂ ਵਿਚ ਵੀ ਜੇਕਰ ਥੋੜਾ ਧਿਆਨ ਨਾਲ ਵੇਖੀਏ ਤਾਂ ਪਿਛਲੇ ਕਈ ਦਹਾਕਿਆਂ ਤੋਂ ਗੁਰਬਾਣੀ ਗੁਰੂ ਦੀ ਸਮਝ ਸੂਝ ਵਾਲੀ ਪੰਥ-ਪ੍ਰਸਤੀ ਵਿਚ ਘਾਟ ਆਉਣ ਦਾ ਦੌਰ ਜਾਰੀ ਹੈ। ਸੰਗਤੀ ਤੌਰ ਤੇ ਅਸੀਂ ਪੰਥਕ ਜੱਥੇਬੰਦੀ ਵਾਲੀ ਪਕੜ ਪੱਖੋਂ ਸੁਰਤ ਪਾਸੇ ਕਰਕੇ ਵਿਅਕਤੀ ਵਿਸ਼ੇਸ਼ ਆਪਣੇ ਆਪਣੇ ਮੰਨਣੇ ਸ਼ੁਰੂ ਕੀਤੇ ਹੋਏ ਹਨ। ਸੰਗਤੀ ਫੈਸਲੇ ਲੈਣ ਵਾਲੀ ਗੁਰੂ ਬਖਸ਼ੀ ਜੁਗਤਿ ਨੂੰ ਆਸਤਾ ਆਸਤਾ ਤਿਆਗਦੇ ਜਾ ਰਹੇ ਹਾਂ। ਸਮਾਜਿਕ, ਧਾਰਮਿਕ ਤੇ ਰਾਜਨੀਤਕ ਖੇਤਰ ਅੰਦਰ ਵਿਅਕਤੀ ਸਥਾਪਿਤ ਕਰਨ ਦੀ ਭੁੱਲ ਦਰ ਭੁੱਲ ਜਾਰੀ ਹੈ। ਜਦੋਂ ਤੱਕ ਅਸੀਂ ਸਿੱਖ ਕਹਾਉਣ ਦਾ ਮਾਣ ਰੱਖਣ ਵਾਲੇ ਮਨ ਬਚਨ ਕਰਮ ਕਰਕੇ ਸ਼ਬਦ ਗੁਰੂ ਗੁਰਬਾਣੀ ਨਾਲ ਸੁਰਤਿ ਦਾ ਪੱਕਾ ਜੋੜ ਗੁਰੂ ਨਦਰਿ ਸਦਕਾ ਨਹੀਂ ਜੋੜਦੇ ਉਦੋਂ ਤੱਕ ਧੱਕੇ ਦਰ ਧੱਕੇ ਮਾਰਨ ਵਾਲਾ ਭੈੜ ਸਾਡਾ ਪਿੱਛਾ ਨਹੀਂ ਛੱਡੇਗਾ।**

ਗੁਰਬਾਣੀ ਗੁਰੂ ਜੀ ਦਾ ਅੰਮਿਤ ਬਚਨ ਹੈ:

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥** (433)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਰਨੀ ਵੱਲੋਂ ਜੋ ਕੁਝ ਪਿਛਲੇ ਸਮੇਂ ਤੋਂ ਪ੍ਰਬੰਧ ਦੁਆਰਾ ਕੀਤਾ ਜਾ ਰਿਹਾ ਹੈ ਇਸ ਨਾਲ ਪੂਰੇ ਖ਼ਾਲਸਾ ਪੰਥ ਅੰਦਰ ਪੀੜਾ ਹੀ ਪੀੜਾ ਵਧਦੀ ਹੋਈ ਬੇਹੱਦ ਪੀੜਤ ਕਰ ਰਹੀ ਹੈ। ਕਿਉਂ ਇਹ ਸੱਜਣ ਇਸ ਤਰ੍ਹਾਂ ਕਰ ਰਹੇ ਹਨ? ਬਹੁਤਾਤ ਵਿਚ ਸਭ ਨੂੰ ਸਮਝ ਹੈ ਕਿ ਇਹ ਸੱਜਣ ਪੰਥਕ ਸੋਚ ਨਾਲੋਂ ਟੁੱਟੇ ਹੋਏ ਹਨ ਇਨ੍ਹਾਂ ਲਈ ਧਰਮ ਦੀ ਮਹੱਹਤਾ ਨਹੀਂ, ਧੜੇ ਦੀ ਮਹੱਤਤਾ ਹੈ। ਇਨ੍ਹਾਂ ਸੱਜਣਾਂ ਨੇ ਅੱਖਾਂ 'ਤੇ ਪੱਟੀ ਬੰਨ੍ਹ ਲਈ ਹੈ ਤੇ ਇਹ ਸੋਚ ਪਾਲ਼ ਰਹੇ ਹਨ ਕਿ ਜੋ ਕੁਝ ਅਸੀਂ ਕਰਾਂਗੇ ਉਸ ਕਿਹੜਾ ਕਿਸੇ ਰੱਦ ਕਰ ਲੈਣਾ ਹੈ। ਇਹ ਬੇਸਮਝੀ ਭਰਿਆ ਹੰਕਾਰ ਹੈ ਜਿਸ ਬਾਰੇ ਗੁਰਬਾਣੀ ਗੁਰੂ ਜੀ ਦਾ ਉਪਦੇਸ਼ ਹੈ: **ਹਉ ਸੂਰਾ ਪਰਧਾਨੁ ਹਉ ਕੋ ਨਾਹੀ ਮੁਝਹਿ ਸਮਾਨੀ॥** (242) ਇਹ ਮੰਨ ਕੇ ਚੱਲ ਰਹੇ ਹਨ ਸਾਨੂੰ ਕੌਣ ਹੈ ਰੋਕਣ ਟੋਕਣ ਵਾਲਾ? ਇਨ੍ਹਾਂ ਦੀ ਬੁੱਧੀ 'ਤੇ ਤੰਗ ਦਿਲੀ ਦਾ ਪਰਦਾ

ਪਿਆ ਹੋਇਆ ਹੈ। "ਆਹ ਜਥੇਦਾਰ ਲਾਹ ਦਿਓ! ਆਹ ਸੱਜਣ ਜਥੇਦਾਰ ਲਾ ਦਿਓ!" ਇਨ੍ਹਾਂ ਨੇ ਵੱਡ ਵਡੇਰਿਆਂ ਵਲੋਂ ਜੋ ਪ੍ਰਬੰਧ ਕੁਰਬਾਨੀਆਂ ਦੇ ਤਥਾ ਜਾਨਾਂ ਹੂਲ ਕੇ ਗੁਰੂ ਜੀ ਤੋਂ ਵਾਰਨੇ ਬਲਿਹਾਰਨੇ ਜਾਂਦਿਆ ਲਿਆ ਸੀ ਉਸ ਨੂੰ ਕੱਖੋਂ ਹੌਲਾ ਕਰਕੇ ਰੱਖ ਦਿੱਤਾ ਹੈ।

ਸਿੱਖ ਸੰਗਤਾਂ ਵਿਚ ਵੀ ਜੇਕਰ ਥੋੜਾ ਧਿਆਨ ਨਾਲ ਵੇਖੀਏ ਤਾਂ ਪਿਛਲੇ ਕਈ ਦਹਾਕਿਆਂ ਤੋਂ ਗੁਰਬਾਣੀ ਗੁਰੂ ਦੀ ਸਮਝ ਸੂਝ ਵਾਲੀ ਪੰਥ-ਪ੍ਰਸਤੀ ਵਿਚ ਘਾਟ ਆਉਣ ਦਾ ਦੌਰ ਜਾਰੀ ਹੈ। ਸੰਗਤੀ ਤੌਰ ਤੇ ਅਸੀਂ ਪੰਥਕ ਜੱਥੇਬੰਦੀ ਵਾਲੀ ਪਕੜ ਪੱਖੋਂ ਸੁਰਤ ਪਾਸੇ ਕਰਕੇ ਵਿਅਕਤੀ ਵਿਸ਼ੇਸ਼ ਆਪਣੇ ਆਪਣੇ ਮੰਨਣੇ ਸ਼ੁਰੂ ਕੀਤੇ ਹੋਏ ਹਨ। ਸੰਗਤੀ ਫੈਸਲੇ ਲੈਣ ਵਾਲੀ ਗੁਰੂ ਬਖਸ਼ੀ ਜੁਗਤਿ ਨੂੰ ਆਸਤਾ ਆਸਤਾ ਤਿਆਗਦੇ ਜਾ ਰਹੇ ਹਾਂ। ਸਮਾਜਿਕ, ਧਾਰਮਿਕ ਤੇ ਰਾਜਨੀਤਕ ਖੇਤਰ ਅੰਦਰ ਵਿਅਕਤੀ ਸਥਾਪਿਤ ਕਰਨ ਦੀ ਭੁੱਲ ਦਰ ਭੁੱਲ ਜਾਰੀ ਹੈ। ਜਦੋਂ ਤੱਕ ਅਸੀਂ ਸਿੱਖ ਕਹਾਉਣ ਦਾ ਮਾਣ ਰੱਖਣ ਵਾਲੇ ਮਨ ਬਚਨ ਕਰਮ ਕਰਕੇ ਸ਼ਬਦ ਗੁਰੂ ਗੁਰਬਾਣੀ ਨਾਲ ਸੁਰਤਿ ਦਾ ਪੱਕਾ ਜੋੜ ਗੁਰੂ ਨਦਰਿ ਸਦਕਾ ਨਹੀਂ ਜੋੜਦੇ ਉਦੋਂ ਤੱਕ ਧੱਕੇ ਦਰ ਧੱਕੇ ਮਾਰਨ ਵਾਲਾ ਭੈੜ ਸਾਡਾ ਪਿੱਛਾ ਨਹੀਂ ਛੱਡੇਗਾ ਸਗੋਂ ਇਹ ਆਏ ਦਿਨ ਵਿਕਰਾਲ ਹੁੰਦਾ ਜਾਵੇਗਾ। ਜਿਸ ਦਾ ਜਾਹਰਾ ਰੂਪ ਅਸੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਰਨੀ ਦੇ ਤਾਨਾਸ਼ਾਹ ਰਵੱਈਏ ਰਾਹੀਂ ਵੇਖ ਭੋਗਦੇ ਹੋਏ ਹਾਲ ਪਾਰਿਆ ਕਰ ਰਹੇ ਹਾਂ।

ਜਥੇਦਾਰ ਭਾਈ ਰਣਜੀਤ ਸਿੰਘ ਜੀ ਨੂੰ ਹਟਾਉਣ ਦਾ ਢੰਗ ਤਰੀਕਾ ਵੀ ਬੇਮਰਿਯਾਦਾ ਭਰਿਆ ਸੀ। ਕਾਰਨ ਉਸ ਵਕਤ ਦੁਵੱਲੇ ਸਨ। ਭਾਈ ਸਾਹਿਬ ਪੰਥਕ ਨਿਰਣੇ ਪੰਥਕ ਸਾਂਝ ਬਿਨਾਂ ਲੈਣ ਲੱਗ ਪਏ ਸਨ। ਸਾਥੀ ਸਹਿਯੋਗੀਆਂ ਨੂੰ ਪਾਸੇ ਕਰ ਦਿੱਤਾ ਤਥਾ ਹੋਣਾ ਪਿਆ ਸੀ।

ਸੰਨ 2000 ਯਾਦ ਰੱਖੀਏ! ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੰਥ ਵੱਲੋਂ ਬੈਠਾਏ ਸੱਜਣ ਗਿਆਨੀ ਪੂਰਨ ਸਿੰਘ ਜੀ ਨੇ ਵਕਤ ਦੇ ਪ੍ਰਬੰਧ ਨੂੰ ਕਿਵੇਂ ਅਧਿਕਾਰਾਂ ਦੀ ਦੁਰਵਰਤੋ ਕਰਦਿਆਂ ਕਿੱਡੇ ਵੱਡੇ ਇਮਤਿਹਾਨ ਵਿਚ ਪਾ ਦਿੱਤਾ ਸੀ! ਸੁਹਿਰਦ ਪ੍ਰਬੰਧ ਦਾ ਪ੍ਰਗਟਾਵਾ ਕਰਦਿਆਂ ਜਦੋਂ ਬਦਲਾਅ ਕੀਤਾ ਗਿਆ ਸੀ ਤਾਂ ਪੰਥਕ ਪਿਆਰ ਵਾਲਿਆਂ ਦੂਰਅੰਦੇਸ਼ ਗੁਰਸਿੱਖਾਂ ਨੇ ਸਭ ਤੋਂ ਪਹਿਲਾਂ ਨਿਰਣਾ ਨਵੇਂ ਥਾਪੇ ਗਏ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ ਜੀ ਨੂੰ ਇਹ ਕਰਨ ਲਈ ਬੇਨਤੀ ਕੀਤੀ ਸੀ ਕਿ ਜਥੇਦਾਰਾਂ ਦੀ ਯੋਗਤਾ, ਅਧਿਕਾਰ, ਨਿਯੁਕਤੀ ਤੇ ਸੇਵਾ ਮੁਕਤੀ ਲਈ ਪੰਥਕ ਜੁਗਤਿ ਤਿਆਰ ਕਰਵਾਈ ਜਾਵੇ। ਓਨਾਂ ਪੰਥਕ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਦਿੱਤਾ ਸੀ ਕਿ ਤੁਰੰਤ ਐਸਾ ਪ੍ਰਬੰਧਕੀ ਨਿਯਮ ਤਿਆਰ ਕਰਵਾ ਕੇ ਪੰਥਕ ਤੌਰ ਤੇ ਸਹਿਮਤੀ ਲਈ ਜਾਵੇ।

ਇਸ ਨੂੰ ਅੱਗੇ ਵਧਾਉਂਦਿਆ ਸਰਦਾਰ ਜਸਵਿੰਦਰ ਸਿੰਘ ਜੀ ਐਡਵੋਕੇਟ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਮ ਇਜਲਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਮਤਾ ਪੇਸ਼ ਕਰਕੇ ਪਾਸ ਕਰਵਾਇਆ ਸੀ ਤੇ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ ਦੁੱਖ ਉਸ ਮੌਕੇ ਹੋਇਆ ਨਿੱਜਪ੍ਰਸਤ ਚੰਦ ਆਗੂਆਂ ਨੇ ਐਸਾ ਹੋਣ ਨੂੰ ਆਪਣੀ ਖ਼ੁਦਮੁਖਤਿਆਰੀ ਲਈ ਖ਼ਤਰਾ ਮੰਨਿਆ। ਤਿੰਨ ਮੈਂਬਰੀ ਕਮੇਟੀ ਨੂੰ ਕੰਮ ਹੀ ਨਹੀਂ ਸੀ ਕਰਨ ਦਿੱਤਾ ਜਿਸ ਦੀ ਸਜਾ ਅੱਜ ਸਾਰਾ ਪੰਥ ਭੁਗਤ ਰਿਹਾ ਹੈ।

**ਅੱਜ ਅਸੀਂ ਗੁਰਬਾਣੀ ਗੁਰੂ ਜੀ ਦਾ ਬਾਹਰੀ ਸਤਿਕਾਰ ਡਰ ਤੇ ਨਵੀਆਂ ਨਵੀਆਂ ਅੰਧ ਵਿਸਵਾਸ਼ੀ ਕਿਰਿਆ ਨੂੰ ਪ੍ਰਫੁਲਿਤ ਕਰ ਰਹੇ ਹਾਂ ਮਗਰ ਗੁਰਬਾਣੀ ਗੁਰੂ ਰੂਹ ਦੇ ਤਲ ਭਾਵ ਅਮਲੀ ਜੀਵਨ ਵਿਚ ਜੀਊ ਨਹੀਂ ਰਹੇ। ਬੁੱਧੀ ਦੇ ਤਲ ਤੇ ਸਿੱਖ ਹੋਣ ਦਾ ਵਧੇਰੇ ਭਰਮ ਪਾਲਣ ਕਰਕੇ ਹਉਮੈ ਹੰਕਾਰ ਗ੍ਰਸਤ ਵਧੇਰੇ ਹੋਈ ਜਾ ਰਹੇ ਹਾਂ। ਸਾਡੇ ਵਿਚ ਪੰਥ-ਪ੍ਰਸਤੀ ਦੀ ਭਾਵਨਾ ਤੇ ਪੰਥ ਸੇਵਾ ਦੀ ਸੂਝ ਦਿਨ ਪ੍ਰਤੀ ਦਿਨ ਘਟਦੀ ਆ ਰਹੀ ਹੈ। ਨਤੀਜੇ ਵਰਤਮਾਨ ਸਮੇਂ ਦੇ ਹਉਮੈ ਭਰੇ ਫੈਸਲੇ ਤੇ ਪਸਰ ਰਿਹਾ ਦਵੰਦ ਹੈ ਜਿਸ ਤੋਂ ਸੰਸਾਰ ਭਰ ਵਿਚ ਵੱਸਦੇ ਸਿੱਖ ਪੀੜਤ ਹਨ! ਦੋਸ਼ ਵਿਅਕਤੀਗਤ ਨਹੀਂ ਹਨ ਦੋਸ਼ ਸੰਸਥਾਗਤ ਹਨ। ਕਮੀ ਇਹ ਹੈ ਕਿ ਖ਼ੁਦ ਅੰਦਰ ਝਾਤ ਮਾਰ ਕੇ ਆਪਣੇ ਦੋਸ਼ ਸਵੀਕਾਰ ਕਰਨ ਦੀ ਹਿੰਮਤ ਜੋ ਸਚਿਆਰ, ਇਮਾਨਦਾਰ ਤੇ ਵਫ਼ਾਦਾਰ ਮਨੁੱਖ ਵਿਚ ਰੱਬੀ ਦਾਤ ਵਜੋਂ ਜਨਮਦੀ ਹੈ ਉਹ ਸਾਡੇ ਵਿਚ ਨਹੀਂ ਹੈ।**

ਅੱਜ ਵੀ ਦੁੱਖ ਭੋਗਦਿਆਂ ਚਰਚਾ ਪ੍ਰਬੰਧ ਖੜ੍ਹਾ ਕਰਨ ਦੀ ਨਹੀਂ ਹੋ ਰਹੀ। ਅਸੀਂ ਵਿਅਕਤੀਆਂ 'ਤੇ ਚਰਚਾ ਕਰਨ ਵਿਚ ਵਧੇਰੇ ਯਕੀਨ ਕਰਦੇ ਦਿਸ ਰਹੇ ਹਾਂ। ਜਥੇਦਾਰ ਹਰਪ੍ਰੀਤ ਸਿੰਘ ਜੀ ਦੀ ਚਰਚਾ, ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਦੀ ਚਰਚਾ, ਜਥੇਦਾਰ ਗਿਆਨੀ ਸੁਲਤਾਨ ਸਿੰਘ ਜੀ ਦੀ ਚਰਚਾ ਤੇ ਹੁਣ ਗਿਆਨੀ ਕੁਲਦੀਪ ਸਿੰਘ ਜੀ ਦੀ ਚਰਚਾ ਵੱਖ ਵੱਖ ਤਰੀਕੇ ਕਰਨ ਦਾ ਦੌਰ ਸ਼ੁਰੂ ਹੈ। ਚਰਚਾ ਕਰਦਿਆਂ ਅਸੀਂ ਮਰਿਯਾਦਾ-ਜੁਗਤਿ ਦੀ ਥਾਂ ਵਿਅਕਤੀ ਦੇ ਹਮਾਇਤੀ ਹੋਣ ਲੱਗਦੇ ਹਾਂ। ਕਿਸੇ ਨ ਕਿਸੇ ਰੂਪ ਵਿਚ ਅਸੀਂ ਤੇਰੇ ਮੇਰੇ ਦੀਆਂ ਲਕੀਰਾਂ ਮਾਰ ਕੇ ਇਕ ਦੂਜੇ ਪ੍ਰਤੀ ਘ੍ਰਿਣਾ ਤਥਾ ਨਫ਼ਰਤ ਪਾਲ਼ ਕੇ ਤਣਾਓ ਦਾ ਸ਼ਿਕਾਰ ਹੁੰਦੇ ਵੀ ਹਾਂ ਤੇ ਦੂਜਿਆਂ ਨੂੰ ਵੀ ਕਰਦੇ ਹਾਂ। ਇਸ ਦਸ਼ਾ ਵਿਚ ਵਿਚਰਦਿਆਂ ਅਸੀਂ ਪੰਥਕ ਸੇਵਾ ਕਰਨ ਤੋਂ ਖੁੰਝ ਜਾਂਦੇ ਹਾਂ।

ਵਰਤਮਾਨ ਮੰਗ ਕਰਦਾ ਹੈ ਕਿ ਅਸੀਂ ਗੁਰਬਾਣੀ ਗੁਰੂ ਜੀ ਨੂੰ ਸਮਰਪਣ ਸਚਿਆਰ ਸਿੱਖ ਦੇ ਰੂਪ ਵਿਚ ਖ਼ੁਦ ਲਈਏ। ਹਰ ਸਿੱਖ ਪੰਥਕ ਜ਼ਿੰਮੇਵਾਰੀ ਦਾ ਰੂਹ ਦੇ ਤਲ 'ਤੇ ਅਹਿਸਾਸ ਕਰੇ। ਕਹੇ " ਮੈਂ ਮਰਾਂ, ਪੰਥ ਜੀਵੇ! " ਪੰਥ ਵੱਸੈ ਮੈਂ ਉਜੜਾਂ ਮਨ ਚਾਓ ਘਨੇਰਾ" ।

ਇਤਿਹਾਸ ਦੇ ਅਮੀਰ ਪੰਨਿਆਂ ਤੋਂ ਪੰਥ-ਪ੍ਰਸਤੀ ਦਾ ਅਮਲੀ ਰੂਪ ਜੋ ਅਸੀਂ ਆਪਣੇ ਪੁਰਖਿਆਂ ਦੇ ਜੀਵਨ ਇਤਿਹਾਸ ਵਿਚੋਂ ਪੜ੍ਹਦੇ ਸੁਣਦੇ ਹਾਂ ਉਸ ਦਾ ਅਮਲੀ ਝਲਕਾਰਾ ਸਾਡੇ ਸਿੱਖ ਜੀਵਨ ਵਿਚੋਂ ਸੰਸਾਰ ਨੂੰ ਮਿਲੇ। ਅਸੀਂ ਆਪਣੀ ਪੰਥਕ ਸੰਸਥਾ ਨੂੰ ਐਸੇ ਰੱਬੀ ਭੈ ਭਾਉ ਤੇ ਭਰੋਸੇ ਵਿਚ ਰਹਿ ਕੇ ਨਿਭਾਈਏ ਸੰਸਾਰ ਸਾਡੀ ਇਸ ਕਰਨੀ 'ਤੇ ਮਾਣ ਵੀ ਕਰੇ ਤੇ ਸੇਧ ਵੀ ਲਵੇ।

ਹੁਣ ਸਾਨੂੰ ਪੰਥਕ ਤੌਰ 'ਤੇ ਦੋ ਮਹੱਤਵਪੂਰਣ ਪੰਥਕ ਕੰਮ ਕਰਨ ਦੀ ਪਹਿਲ ਕਰਨੀ ਚਾਹੀਦੀ ਹੈ।

**ਪਹਿਲਾ ਪੰਥਕ ਕੰਮ :-**

ਅਕਾਲ ਤਖ਼ਤ ਸਾਹਿਬ ਦੀ ਗੁਰੂ ਬਖਸ਼ੀ ਪ੍ਰਭੂ ਸੰਪੰਨਤਾ ਦੀ ਸੰਭਾਲ ਵਾਲਾ ਪ੍ਰਬੰਧ ਸਾਰੇ ਸੰਸਾਰ ਭਰ ਵਿਚ ਵੱਸਦੇ ਸਿੱਖਾਂ ਦੀਆਂ ਭਾਵਨਾਵਾਂ ਤਹਿਤ ਤਿਆਰ ਕਰੀਏ। ਕਿਉਂਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੂਰੇ ਪੰਥ ਦੀ ਹੁਣ ਨੁਮਾਇੰਦਗੀ ਨਹੀਂ ਕਰਦੀ।

**ਦੂਜਾ ਪੰਥਕ ਕੰਮ:-**

ਸੰਨ 2000 ਵਿਚ ਜੋ ਆਦੇਸ਼ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦਿੱਤਾ ਗਿਆ ਸੀ ਕਿ ਤਖ਼ਤ ਸਾਹਿਬਾਨ ਦੇ ਜੱਥੇਦਾਰਾਂ ਦੀ ਨਿਯੁਕਤੀ ਲਈ ਪੰਥਕ ਢੰਗ ਤਿਆਰ ਕੀਤਾ ਜਾਵੇ। ਯੋਗਤਾ, ਕਾਰਜ-ਖੇਤਰ, ਨਿਯੁਕਤੀ ਤੇ ਸੇਵਾ ਮੁਕਤੀ ਦੇ ਸਰਬੋਤਮ ਨਿਯਮ ਤਿਆਰ ਹੋਣ। ਪਦਵੀਆਂ ਦਾ ਸਤਿਕਾਰ ਨਿਯੁਕਤੀ ਵੇਲੇ ਤੇ ਸੇਵਾ ਮੁਕਤੀ ਵੇਲੇ ਬਰਾਬਰ ਰਹੇ।

ਐਸਾ ਹੋ ਸਕਣਾ ਸੰਭਵ ਸੀ ਤੇ ਹੈ ਅਤੇ ਸਦਾ ਹੀ ਸੰਭਵ ਰਹੇਗਾ।

-0-

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪ੍ਰਭੂਸੱਤਾ ਤੇ ਪੰਥਕ ਪ੍ਰਬੰਧ

**-ਕਿਰਪਾਲ ਸਿੰਘ ਬਠਿੰਡਾ 98554-80797**

ਭਾਵੇਂ 21ਵੇਂ 1920 ਈ: ਤੋਂ ਪਹਿਲਾਂ ਦੀ ਕਿਸੇ ਵੀ ਲਿਖਤ 'ਚ ਸ੍ਰੀ ਅਕਾਲ ਸਾਹਿਬ ਜਾਂ ਇਸ ਦੇ ਜਥੇਦਾਰ ਦਾ ਕੋਈ ਵੇਰਵਾ ਨਾ ਮਿਲਣ ਕੁਝ ਇਤਿਹਾਸਕਾਰ ਜਥੇਦਾਰ ਦੀ ਹੋਂਦ ਨੂੰ ਰੱਦ ਕਰਦੇ ਹਨ; ਫਿਰ ਵੀ ਇਹ ਸੱਚ ਹੈ ਕਿ ਸਿੱਖ ਫਲਸਫੇ 'ਚ ਅਕਾਲ ਤਖ਼ਤ ਸਾਹਿਬ ਯਕੀਨਨ ਮਹਾਨ (ਸਰਬਉੱਚ) ਹੈ ਅਤੇ ਸਿੱਖ ਮਾਨਸਿਕਤਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਨੂੰ ਸਵੀਕਾਰ ਕਰ ਚੁੱਕੀ ਹੈ। ਜਥੇਦਾਰੀ ਅਹੁਦੇ ਨੂੰ ਰੱਦ ਕੀਤੇ ਜਾਣ ਦੀ ਆਵਾਜ਼ ਦਾ ਮੁੱਖ ਕਾਰਨ, ਲੰਬੇ ਸਮੇਂ ਸਤਾਧਾਰੀ ਧੜੇ ਵੱਲੋਂ ਆਪਣੀ ਰਾਜਨੀਤਕ ਸ਼ਕਤੀ ਦੀ ਦੁਰਵਰਤੋਂ ਕਰਕੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਸ ਰਾਹੀਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਧੇ ਅਸਿੱਧੇ ਰੂਪ 'ਚ ਆਪਣੇ ਹੱਥ ਲੈ ਕੇ ਇਨ੍ਹਾਂ ਦੀ ਦੁਰਵਰਤੋਂ ਕੀਤੇ ਜਾਣਾ ਹੈ। ਗੁਰਦੁਆਰਾ ਐਕਟ-1925 'ਚ ਜਥੇਦਾਰ ਦੇ ਅਹੁੱਦੇ ਦਾ ਕੋਈ ਇੰਦਰਾਜ ਨਹੀਂ ਹੈ ਹੈੱਡਮਨਿਸਟਰ ਦਾ ਹੈ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਧੜੇ ਨੇ ਹੈੱਡਮਨਿਸਟਰ (ਹੈੱਡ ਗ੍ਰੰਥੀ) ਨੂੰ ਹੀ ਜਥੇਦਾਰ/ਸਿੰਘ ਸਾਹਿਬ ਕਹਿਣਾ ਸ਼ੁਰੂ ਕਰ ਦਿੱਤਾ ਅਤੇ ਗੁਰਦੁਆਰਾ ਐਕਟ 1925 ਦਾ ਸਹਾਰਾ ਲੈ ਕੇ ਜਥੇਦਾਰ ਨਿਯੁਕਤ/ਬ੍ਰਖ਼ਾਸਤ ਕਰਨ ਦੀ ਤਾਕਤ ਆਪਣੇ ਹੱਥ ਲੈ ਲਈ। ਇਸ ਤਰ੍ਹਾਂ ਕਾਬਜ਼ ਧੜਾ ਇਨ੍ਹਾਂ ਤੋਂ ਮਨਮਰਜੀ ਦੇ ਫੈਸਲੇ ਕਰਵਾਉਂਦਾ ਰਿਹੈ ਜਿਨ੍ਹਾਂ 'ਚੋਂ ਬਹੁਤਾਤ 'ਚ ਆਪਣੇ ਵਿਰੋਧੀਆਂ ਦੀ ਆਵਾਜ਼ ਦਬਾਉਣ ਹਿੱਤ ਉਨ੍ਹਾਂ ਵਿਰੁੱਧ ਹੁਕਮਨਾਮੇ ਜਾਰੀ ਕਰਵਾਉਣੇ ਸਨ। ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਵੱਲੋਂ ਨਿਯੁਕਤ ਜਥੇਦਾਰਾਂ ਨੂੰ ਸਰਬਉੱਚ ਅਤੇ ਉਨ੍ਹਾਂ ਦੁਆਰਾ ਜਾਰੀ ਆਦੇਸ਼ ਨੂੰ ਇਲਾਹੀ ਹੁਕਮ ਹੋਣਾ ਬੜੇ ਜੋਰ ਸ਼ੋਰ ਨਾਲ ਪ੍ਰਚਾਰਿਆ ਤਾਂ ਕਿ ਵਿਰੋਧੀਆਂ ਨੂੰ ਉਨ੍ਹਾਂ ਵਿਰੁੱਧ ਜਾਰੀ ਹੋਏ ਹੁਕਮਨਾਮੇ ਮੰਨਣ ਲਈ ਮਜਬੂਰ ਹੋਣਾ ਪਵੇ। ਜੇ ਬਹੁਤਾ ਪਿਛਾਂਹ ਨਾ ਵੀ ਜਾਈਏ ਅਤੇ ਪਿਛਲੇ ਤਕਰੀਬਨ ਦੋ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਸਿਆਸੀ ਆਗੂਆਂ ਵੱਲੋਂ ਆਪਣੇ ਸਿਆਸੀ ਮਨੋਰਥ ਪੂਰੇ ਕਰਨ ਲਈ ਅਕਾਲ ਤਖ਼ਤ ਦਾ ਨਾਮ ਵਰਤ ਕੇ ਜਥੇਦਾਰਾਂ ਤੋਂ ਜਾਰੀ ਕਰਵਾਏ ਗਏ ਹੁਕਮਨਾਮਿਆਂ 'ਤੇ ਪੰਛੀ ਝਾਤ ਮਾਰੀ ਜਾਵੇ ਤਾਂ ਸਹਿਜੇ ਹੀ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਸਿਆਸੀ ਆਗੂਆਂ ਅਤੇ ਜਥੇਦਾਰਾਂ ਦੀ ਮਿਲੀਭੁਗਤ ਨੇ ਅਕਾਲ ਤਖ਼ਤ ਦਾ ਮਾਨ ਸਨਮਾਨ ਮਿੱਟੀ ਘੱਟੇ ਵਿੱਚ ਰੋਲਣ ਸਮੇਤ ਸਿੱਖੀ ਦਾ ਬੇਹੱਦ ਨੁਕਸਾਨ ਕੀਤਾ ਹੈ। ਸ਼ਿਵ ਲਿੰਗ ਅਤੇ ਹੋਰ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲੇ, ਹਵਨ ਅਤੇ ਜਗਰਾਤੇ ਕਰਵਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਤਾਂ ਜਥੇਦਾਰਾਂ ਵੱਲੋਂ 'ਫ਼ਖ਼ਰ-ਏ-ਕੌਮ, ਪੰਥ ਰਤਨ' ਐਵਾਰਡ ਨਾਲ ਨਿਵਾਜ਼ਿਆ ਗਿਆ ਪਰ ਗੁਰਬਾਣੀ ਦੇ ਮਹਾਨ ਉਪਦੇਸ਼ਾਂ ਦੀ ਵਿਆਖਿਆ ਰਾਹੀਂ ਗੁਰਮਤਿ ਦਾ ਪ੍ਰਚਾਰ ਕਰ ਰਹੇ ਪ੍ਰਚਾਰਕਾਂ, ਵਿਦਵਾਨਾਂ, ਲੇਖਕਾਂ ਅਤੇ ਬਾਦਲ ਦੀਆਂ ਨੀਤੀਆਂ ਦਾ ਪਰਦਾ ਫ਼ਾਸ਼ ਕਰਨ ਵਾਲੇ ਵਿਰੋਧੀ ਸਿਆਸੀ ਆਗੂਆਂ ਦੀ ਆਵਾਜ਼ ਬੰਦ ਕਰਵਾਉਣ ਲਈ ਕਿਸੇ ਨਾ ਕਿਸੇ ਬਹਾਨੇ ਅਕਾਲ ਤਖ਼ਤ ਤੋਂ ਤਨਖਾਹੀਏ ਘੋਸ਼ਿਤ ਕਰਕੇ ਜਾਂ ਤਾਂ ਉਨ੍ਹਾਂ ਨੂੰ ਬਾਦਲ ਦੀ ਈਨ ਮੰਨਣ ਦੀ ਸ਼ਰਤ 'ਤੇ ਥੋੜੀ ਤਨਖ਼ਾਹ ਲਾ ਕੇ ਮੁਆਫ਼ ਕਰਨ ਦਾ ਡਰਾਮਾ ਰਚ ਦਿੱਤਾ ਜਾਂਦਾ ਹੈ ਜਾਂ ਫਿਰ ਈਨ ਮੰਨਣ ਤੋਂ ਆਕੀ ਵਿਦਵਾਨਾਂ ਨੂੰ ਪੰਥ ਵਿੱਚੋਂ ਛੇਕ ਕੇ ਉਨ੍ਹਾਂ ਨੂੰ ਅਲੱਗ ਥਲੱਗ ਕਰ ਆਵਾਜ਼ ਬੰਦ ਕਰਵਾ ਦਿੱਤਾ ਜਾਂਦੀ ਹੈ। ਪਰ ਜਿਹੜੇ ਹੁਕਮਨਾਮੇ ਸਤਾਧਾਰੀ ਧਿਰ ਨੂੰ ਫਿੱਟ ਨਾ ਜਾਪਣ ਉਨ੍ਹਾਂ ਨੂੰ ਕਦੀ ਵੀ ਨਹੀਂ ਮੰਨਿਆ ਗਿਆ ਬਲਕਿ ਪੰਥਕ ਭਾਵਨਾਵਾਂ ਅਨੁਸਾਰ ਹੁਕਮਨਾਮਾ ਜਾਰੀ ਕਰਨ ਵਾਲੇ ਜਥੇਦਾਰ ਨੂੰ ਜਲੀਲ ਕਰਕੇ ਅਹੁੱਦੇ ਤੋਂ ਹਟਾ ਦਿੱਤਾ ਜਾਂਦਾ ਰਿਹਾ



ਹੈ; ਜਿਵੇਂ ਕਿ:-

1. 13 ਅਪ੍ਰੈਲ 1994 ਨੂੰ ਤਤਕਾਲੀ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪ੍ਰੋ. ਮਨਜੀਤ ਸਿੰਘ ਨੇ ਵੱਖ ਵੱਖ ਨਾਵਾਂ ਹੇਠ ਚੱਲ ਰਹੇ ਸਾਰੇ ਅਕਾਲੀ ਦਲਾਂ ਨੂੰ ਹੁਕਮ ਜਾਰੀ ਕੀਤਾ ਕਿ ਆਪਣੇ ਆਪਣੇ ਅਸਤੀਫ਼ੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਾਏ ਜਾਣ ਤਾ ਕਿ ਇਕ ਸਾਂਝਾ ਮਜਬੂਤ ਅਕਾਲੀ ਦਲ ਸੁਰਜੀਤ ਕੀਤਾ ਜਾ ਸਕੇ। ਬਾਕੀ ਪ੍ਰਧਾਨਾਂ ਨੇ ਤਾਂ ਆਪਣੇ ਆਪਣੇ ਅਸਤੀਫ਼ੇ ਸੌਂਪ ਦਿੱਤੇ ਪਰ ਪ੍ਰਕਾਸ਼ ਸਿੰਘ ਬਾਦਲ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਮੌਕਾ ਆਉਣ 'ਤੇ ਉਨ੍ਹਾਂ 'ਤੇ ਦੋਸ਼ ਲਾ ਕੇ ਕੱਢ ਦਿੱਤਾ ਗਿਆ ਕਿ ਉਨ੍ਹਾਂ ਰੰਗੀ ਦਾੜ੍ਹੀ ਵਾਲੇ ਕੈਪਟਨ ਅਮਰਿੰਦਰ ਸਿੰਘ ਨੂੰ ਸਿਰੋਪਾ ਦੇ ਕੇ ਸਨਮਾਨਤ ਕੀਤਾ। ਅਜਿਹੇ ਦੋਸ਼ ਲਾਉਣ ਵਾਲਿਆਂ ਦੇ ਦੂਹਰੇ ਮਾਪਦੰਡ ਵੇਖੋ ਅਰਦਾਸੀਏ ਭਾਈ ਬਲਵੀਰ ਸਿੰਘ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ 2015 'ਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤੇ ਜਾਣ ਦੇ ਰੋਸ ਵਜੋ ਸਿਰੋਪਾ ਨਾ ਦੇਣ 'ਤੇ ਉਹਨਾਂ ਦੀ ਬਦਲੀ ਮਾਛੀਵਾੜਾ ਵਿਖੇ ਕਰ ਦਿੱਤੀ ਗਈ, ਜਦ ਕਿ ਸਰਬੱਤ ਖ਼ਾਲਸਾ ਦੁਆਰਾ ਥਾਪੇ ਗਏ ਤਖ਼ਤਾਂ ਦੇ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਤੇ ਭਾਈ ਅਮਰੀਕ ਸਿੰਘ ਅਜਨਾਲਾ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਇੱਕ ਇੱਕ ਸਿਹਰਾ ਭੇਂਟ ਕਰਨ ਵਾਲੇ ਸੇਵਾਦਾਰ ਭਾਈ ਗੁਰਪ੍ਰੀਤ ਸਿੰਘ ਦੀ ਬਦਲੀ ਯੂ.ਪੀ. ਦੇ ਕਿਸੇ ਗੁਰਦੁਆਰੇ ਵਿਖੇ ਤੁਰੰਤ ਹੁਕਮ ਜਾਰੀ ਕਰ ਦਿੱਤੀ ਗਈ ਸੀ।

2. 1999 'ਚ ਖ਼ਾਲਸਾ ਪੰਥ ਦੀ ਤੀਜੀ ਸ਼ਤਾਬਦੀ ਸੀ। ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵਿਚਕਾਰ ਇਸ ਗੱਲੋਂ ਟਕਰਾ ਪੈਦਾ ਹੋ ਗਿਆ ਕਿ ਸ਼ਤਾਬਦੀ ਸਮਾਗਮਾਂ ਦਾ ਪ੍ਰਬੰਧ ਪੰਜਾਬ ਸਰਕਾਰ ਦੀ ਦੇਖ ਰੇਖ ਹੇਠ ਹੋਵੇ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ। ਇਸ ਟਕਰਾ ਦੌਰਾਨ ਮੁੱਖ ਮੰਤਰੀ ਬਾਦਲ, ਜਥੇਦਾਰ ਟੌਹੜਾ ਨੂੰ ਆਪਣੇ ਰਸਤੇ 'ਚੋਂ ਲਾਂਭੇ ਕਰਨਾ ਚਾਹੁੰਦਾ ਸੀ। 31 ਦਸੰਬਰ 1998 ਨੂੰ ਜਥੇਦਾਰ ਭਾਈ ਰਣਜੀਤ ਸਿੰਘ ਨੇ ਹੁਕਮਨਾਮਾ ਨੰ: 1782//98 ਰਾਹੀਂ ਅਕਾਲੀ ਹਾਈ ਕਮਾਂਡ ਨੂੰ ਆਦੇਸ਼ ਜਾਰੀ ਕੀਤਾ ਕਿ ਖ਼ਾਲਸਾ ਪੰਥ ਦੀ ਤਿੰਨ ਸੌ ਸਾਲਾ ਸ਼ਤਾਬਦੀ ਨੂੰ ਧਿਆਨ 'ਚ ਰਖਦੇ ਹੋਏ 15 ਅਪ੍ਰੈਲ 1999 ਤੱਕ ਕੋਈ ਵੀ ਧਿਰ ਇੱਕ ਦੂਜੇ ਦਾ ਕੋਈ ਵੀ ਨੁਕਸਾਨ

ਨਾ ਕਰੇ ਬਲਕਿ ਆਪਣੇ ਆਪਣੇ ਅਹੁੱਦਿਆਂ 'ਤੇ ਇਸੇ ਤਰ੍ਹਾਂ ਬਣੇ ਰਹਿ ਕੇ 300 ਸਾਲਾ ਸ਼ਤਾਬਦੀ ਸਬੰਧੀ ਦਿੱਤੇ ਪ੍ਰੋਗਰਾਮਾਂ ਨੂੰ ਸਿਰੇ ਚਾੜ੍ਹਨ। ਪਰ ਬਾਦਲ ਧੜੇ ਨੇ ਇਸ ਹੁਕਮਨਾਮੇ ਨੂੰ ਮੰਨਦੇ ਹੋਏ 10 ਫ਼ਰਵਰੀ 1999 ਨੂੰ ਭਾਈ ਰਣਜੀਤ ਸਿੰਘ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਗਿਆਨੀ ਪੂਰਨ ਸਿੰਘ ਨੂੰ ਜਥੇਦਾਰ ਬਣਾ ਦਿੱਤਾ। ਜਦੋਂ ਜਥੇਦਾਰ ਟੌਹੜਾ ਨਾਲ 50 ਸ਼੍ਰੋਮਣੀ ਕਮੇਟੀ ਮੈਂਬਰ ਵੀ ਨਾ ਰਹੇ ਤਾਂ ਉਨ੍ਹਾਂ 15 ਮਾਰਚ 1999 ਨੂੰ ਅਸਤੀਫ਼ਾ ਦੇ ਦਿੱਤਾ ਪਰ ਅਗਲੇ ਦਿਨ ਕਾਜਕਾਰਨੀ ਕਮੇਟੀ ਨੇ ਟੌਹੜਾ ਦਾ ਅਸਤੀਫ਼ਾ ਮਨਜ਼ੂਰ ਕਰਨ ਦੀ ਬਜਾਏ ਉਨ੍ਹਾਂ ਵਿਰੁੱਧ ਬੇਵਿਸ਼ਵਾਸ਼ੀ ਦਾ ਮਤਾ ਪਾਸ ਕਰ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਕੇ ਉਨ੍ਹਾਂ ਦੀ ਥਾਂ ਬੀਬੀ ਜਗੀਰ ਕੌਰ ਨੂੰ ਪ੍ਰਧਾਨ ਚੁਣ ਲਿਆ।

3. ਗਿਆਨੀ ਪੂਰਨ ਸਿੰਘ ਆਪਣੇ ਆਪ ਨੂੰ ਹੀ ਪੰਥ ਦਾ ਮਾਲਕ ਅਤੇ ਗੁਰੂ ਸਾਹਿਬ ਤੋਂ ਦੂਜੇ ਨੰਬਰ 'ਤੇ ਸਮਝਣ ਲੱਗ ਪਿਆ। ਵਿਦਵਾਨਾਂ ਦੀ 11 ਮੈਂਬਰੀ ਕਮੇਟੀ ਵੱਲੋਂ ਪਾਸ ਕੀਤੇ ਜਾਣ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਜਾਣ ਉਪ੍ਰੰਤ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਜਾਣਾ ਸੀ। ਪਰ ਗਿਆਨੀ ਪੂਰਨ ਸਿੰਘ ਨੇ ਨਾਗਪੁਰ ਜਾਂਦਿਆਂ ਰਸਤੇ 'ਚ ਗੁਨੇ ਤੋਂ ਹੀ 4 ਬੇਨਾਮ ਬੰਦਿਆਂ ਨੂੰ ਨਾਲ ਲੈ ਕੇ ਮਿਤੀ 25.01.2000 ਨੂੰ ਬੀਬੀ ਜਗੀਰ ਕੌਰ ਨੂੰ ਪੰਥ 'ਚੋਂ ਛੇਕ ਦਿੱਤਾ। ਗਿਆਨੀ ਪੂਰਨ ਸਿੰਘ ਤਾਂ ਗੁੱਸੇ 'ਚ ਐਨਾ ਪਾਗਲ ਹੋ ਗਿਆ ਸੀ ਕਿ ਜਿਹੜਾ ਵੀ ਨਾਨਕਸ਼ਾਹੀ ਕੈਲੰਡਰ ਜਾਂ ਬੀਬੀ ਜਗੀਰ ਕੌਰ ਦੇ ਹੱਕ 'ਚ ਬੋਲਿਆ ਉਸੇ ਨੂੰ ਪੰਥ 'ਚੋਂ ਛੇਕ ਦਿੱਤਾ; ਜਿਨ੍ਹਾਂ ਦੇ ਨਾਮ ਹਨ ਸ਼੍ਰੋਮਣੀ ਕਮੇਟੀ ਐਗਜੈਕਟਿਵ ਮੈਂਬਰ ਪ੍ਰੀਤਮ ਸਿੰਘ ਭਾਟੀਆ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਜਸਵਿੰਦਰ ਸਿੰਘ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਪ੍ਰੋ. ਮਨਜੀਤ ਸਿੰਘ, ਜਥੇਦਾਰ ਤਖ਼ਤ ਸ੍ਰੀ ਦਮਦਮਾ ਸਹਿਬ ਗਿਆਨੀ ਕੇਵਲ ਸਿੰਘ ਅਤੇ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਭਗਵਾਨ ਸਿੰਘ। ਮਿਤੀ 28.03.2000 ਨੂੰ ਇੱਕ ਪਾਸੇ ਗਿਆਨੀ ਪੂਰਨ ਸਿੰਘ ਬੀਬੀ ਜਗੀਰ ਕੌਰ ਨਾਲ ਕਾਰਜਕਾਰਨੀ ਦੀ ਮੀਟਿੰਗ 'ਚ ਹਿੱਸਾ ਲੈਣ ਦੇ ਦੋਸ਼ ਹੇਠ ਕਾਰਜਕਾਰਨੀ ਮੈਂਬਰ ਰਘੂਜੀਤ ਸਿੰਘ ਵਿਰਕ, ਗੁਰਪਾਲ ਸਿੰਘ ਗੋਰਾ, ਸਤਨਾਮ ਸਿੰਘ ਭਾਈਰੂਪਾ ਅਤੇ ਪ੍ਰੀਤਮ ਸਿੰਘ ਭਾਟੀਆ (ਜੋ ਅਜੇ ਅੱਧਾ ਘੰਟਾ ਪਹਿਲਾਂ ਹੀ ਤਨਖ਼ਾਹ ਲੁਆ ਕੇ ਆਇਆ ਸੀ) ਨੂੰ ਬਿਨਾਂ ਤਨਖ਼ਾਹੀਏ ਕਰਾਰ ਦਿੱਤੇ ਜਾਣ ਦੇ; ਸਿੱਧਾ ਹੀ ਪੰਥ 'ਚੋਂ ਛੇਕ ਦਿੱਤਾ; ਉਸੇ ਵੇਲੇ ਇਨ੍ਹਾਂ ਚਾਰਾਂ ਮੈਂਬਰਾਂ ਸਮੇਤ ਬੀਬੀ ਜਗੀਰ ਕੌਰ ਨੇ ਗਿਆਨੀ ਪੂਰਨ ਸਿੰਘ ਨੂੰ ਅਹੁੱਦੇ ਤੋਂ ਹਟਾ ਕੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਨੂੰ ਜਥੇਦਾਰ ਬਣਾ ਦਿੱਤਾ।

4. 29.03.2000 ਨੂੰ ਜੋਗਿੰਦਰ ਸਿੰਘ ਵੇਦਾਂਤੀ ਨੇ ਆਪਣੇ ਪਹਿਲੇ ਹੀ ਹੁਕਮਨਾਮਾ ਨੰ: 319/1"/00 ਰਾਹੀਂ ਗਿਆਨੀ ਪੂਰਨ ਸਿੰਘ ਵੱਲੋਂ ਮਿਤੀ 25.01.2000 ਤੋਂ 28.03.2000 ਤੱਕ ਜਾਰੀ ਕੀਤੇ ਸਾਰੇ ਐਲਾਨਨਾਮੇ ਰੱਦ ਕਰ ਦਿੱਤੇ ਕਿਉਂਕਿ ਇਹ ਪੰਥਕ ਰਿਵਾਇਤਾਂ ਅਤੇ ਮਰਿਆਦਾ ਮੁਤਾਬਕ ਨਹੀਂ ਸਨ ਅਤੇ ਬਿਨਾਂ ਕਿਸੇ ਵਿਧੀ ਵਿਧਾਨ ਦੇ ਜਾਰੀ ਕੀਤੇ ਗਏ ਸਨ ਜਿਨ੍ਹਾਂ ਨੂੰ ਹੁਕਮਨਾਮੇ ਨਹੀਂ ਕਿਹਾ ਜਾ ਸਕਦਾ। ਇਸੇ ਹੁਕਮਨਾਮੇ ਦੇ ਦੂਜੇ ਹਿੱਸੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਿਦਾਇਤ ਕੀਤੀ ਕਿ:-

(1) ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲੇ ਮਾਹਰਾਂ ਦੀ ਕਮੇਟੀ ਦੀ ਸਥਾਪਨਾ ਕਰਕੇ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸੇਵਾ ਨਿਯਮ ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜ਼ਿੰਮੇਵਾਰੀਆਂ, ਸੇਵਾ ਮੁਕਤੀ ਅਦਿ ਦੇ ਨਿਯਮ ਨਿਰਧਾਰਤ ਕੀਤੇ ਜਾਣ ਅਤੇ ਇਸ ਦੇ ਨਾਲ ਹੀ ਸਮੇਂ ਸਮੇਂ ਪੇਸ਼ ਆਉਣ ਵਾਲੀਆਂ ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪਸ਼ਟ ਵਿਧੀ ਵਿਧਾਨ ਸੁਨਿਸ਼ਚਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੱਲੋਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਿਜੀ ਹਿਤਾਂ ਲਈ ਵਰਤੋਂ ਦੀ ਸੰਭਾਵਨਾਂ ਹੀ ਨਾ ਰਹੇ ਅਤੇ ਖ਼ਾਲਸਾ ਪੰਥ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ ਸਮੇਂ ਜਾਰੀ ਕੀਤੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਵ੍ਹੇ।

**ਜਦੋਂ 5 ਸਿੰਘ ਸਾਹਿਬਾਨ ਨੇ 2 ਦਸੰਬਰ 2024 ਨੂੰ ਉਨ੍ਹਾਂ ਤੋਂ ਇਕੱਲੀ ਇਕੱਲੀ ਗਲਤੀ ਦਾ ਇਕਬਾਲ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਫੈਸਲਾ ਸੁਣਾਇਆ ਤਾਂ ਤਕਰੀਬਨ ਸਮੁੱਚੇ ਪੰਥ ਨੇ ਤਸੱਲੀ ਪ੍ਰਗਟ ਕੀਤੀ ਕਿ ਲੰਬੇ ਸਮੇਂ ਤੋਂ ਪਹਿਲੀ ਵਾਰ ਪੰਥਕ ਭਾਵਨਾ ਅਨੁਸਾਰ ਫੈਸਲਾ ਹੋਇਆ ਹੈ ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਅਤੇ ਸਰਬਉੱਚਤਾ ਸਹੀ ਮਾਅਨਿਆਂ 'ਚ ਬਹਾਲ ਹੋਵੇਗਾ। ਸੁਖਬੀਰ ਬਾਦਲ ਸਮੇਤ ਉਸ ਦਾ ਧੜਾ ਉਸ ਸਮੇਂ ਭਾਵੇਂ ਸੱਤ ਬਚਨ ਕਹਿੰਦਾ ਰਿਹਾ ਪਰ ਅੰਦਰੇ ਅੰਦਰ ਅਜਿਹੇ ਸਵਾਲ ਕਰਨ ਵਾਲੇ ਜਥੇਦਾਰਾਂ ਨੂੰ ਸਬਕ ਸਿਖਾਉਣ ਦੀਆਂ ਸਕੀਮਾਂ ਘੜਦੇ ਰਹੇ। ਆਖਰ ਇਕ 18 ਸਾਲ ਪੁਰਾਣਾ ਘਰੇਲੂ ਝਗੜਾ; ਜਿਸ ਦਾ ਅਦਾਲਤ 'ਚ ਫੈਸਲਾ ਹੋ ਚੁੱਕਾ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਉਸ ਦੀ ਪੜਤਾਲ ਕਰਵਾ ਕੇ ਫਾਈਲ ਕੀਤਾ ਜਾ ਚੁੱਕਾ ਸੀ; ਨੂੰ ਮੁੜ ਚੁੱਕ ਲਿਆ ਅਤੇ ਇਸ ਬਹਾਨੇ 25 ਦਸੰਬਰ 2024 ਨੂੰ ਗਿਆਨੀ ਹਰਪ੍ਰੀਤ ਸਿੰਘ 'ਤੇ 5 ਸਿੰਘ ਸਾਹਿਬਾਨ ਦੀ ਮੀਟਿੰਗ 'ਚ ਭਾਗ ਲੈਣ 'ਤੇ ਰੋਕ ਲਾ ਦਿੱਤੀ ਅਤੇ 10 ਫ਼ਰਵਰੀ 2025 ਨੂੰ ਬਰਖਾਸਤ ਕਰ ਦਿੱਤਾ ਗਿਆ।**

(2) ਗੁਰਦੁਆਰਾ ਐਕਟ ਬਣਿਆਂ ਪੌਣੀ ਸਦੀ ਬੀਤ ਚੁੱਕੀ ਹੈ। ਸਮੇਂ ਦੀ ਪ੍ਰਬਲ ਲੋੜ ਹੈ ਕਿ ਗੁਰਦੁਆਰਾ ਪ੍ਰਬੰਧ ਨੂੰ ਪੰਥਕ ਯੁਗਤ ਅਨੁਸਾਰੀ ਬਣਾਉਣ ਲਈ ਬੀਤੇ ਸਮੇਂ 'ਚ ਇਸ ਐਕਟ ਅਧੀਨ ਹੋਈ ਲਾਭ ਹਾਨੀ ਦਾ ਲੇਖਾ ਜੋਖਾ ਕੀਤਾ ਜਾਵੇ ਅਤੇ ਐਕਟ ਵਿਚ ਪੰਥਕ ਹਿੱਤਾਂ ਦੇ ਉਲਟ ਜੇ ਕੋਈ ਧਾਰਾ ਹੈ; ਤਾਂ ਉਸ ਦੀ ਸੋਧ ਲਈ ਉਪਰਾਲਾ ਕੀਤਾ ਜਾਵੇ।

(3) ਗੁਰਦੁਆਰਾ ਪ੍ਰਬੰਧ ਨੂੰ ਸਿਆਸਤ ਦੀ ਕੁਟਿਲਤਾ ਦੇ ਪ੍ਰਭਾਵ ਤੋਂ ਮੁਕਤ ਰੱਖਣ ਨੂੰ ਯਕੀਨੀ ਬਣਾਇਆ ਜਾਵੇ।

ਉਕਤ ਹੁਕਮਨਾਮੇ ਦਾ ਉਹ ਹਿੱਸਾ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਪ੍ਰਭੁਸਤਾ ਬਹਾਲ ਕਰਨ ਲਈ ਲਾਗੂ ਕਰਨਾ ਅਤਿ ਲੋੜੀਂਦਾ ਹੈ ਉਹ ਢਾਈ ਦਹਾਕੇ ਤੱਕ ਵੀ ਨਹੀਂ ਮੰਨਿਆ ਗਿਆ। ਹਾਲਾਂ ਕਿ ਇਸ ਹੁਕਮਨਾਮੇ 'ਤੇ ਕਾਰਵਾਈ ਕਰਨ ਲਈ ਉਨ੍ਹਾਂ ਤੋਂ ਪਿੱਛੋਂ ਬਿਰਾਜਮਾਨ ਰਹੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖੇ। ਨਾ ਮੰਨੇ ਜਾਣ ਦਾ ਮੁੱਖ ਕਾਰਨ ਇਹ ਹੈ ਕਿ ਇਨ੍ਹਾਂ ਨੂੰ ਪਤਾ ਹੈ ਕਿ ਜੇ ਇਸ ਹੁਕਮਨਾਮੇ ਅਨੁਸਾਰ ਵਿਧੀ ਵਿਧਾਨ ਬਣ ਗਿਆ ਤਾਂ ਉਨ੍ਹਾਂ ਲਈ ਆਪਣੀ ਮਨ ਪਸੰਦ ਦੇ ਹੁਕਮਨਾਮੇ ਜਾਰੀ ਕਰਵਾਉਣੇ ਸੰਭਵ ਨਹੀਂ ਹੋਣਗੇ ਅਤੇ ਉਨ੍ਹਾਂ ਦੀ ਇੱਛਾ ਦੇ ਉਲਟ ਪਰ ਪੰਥਕ ਭਾਵਨਾਵਾਂ ਅਨੁਸਾਰੀ ਹੁਕਮਨਾਮੇ ਜਾਰੀ ਕਰਨ ਵਾਲੇ ਜਥੇਦਾਰਾਂ ਨੂੰ ਤਾਸ਼ ਦੇ ਪੱਤਿਆਂ ਵਾਂਙ ਤਬਦੀਲ ਕਰਨਾ ਅਸਾਨ ਨਹੀਂ ਹੋਵੇਗਾ।

5. ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੇ ਪੀਏ ਅਤੇ ਰਿਸ਼ਤੇਦਾਰ ਪ੍ਰਿਥੀਪਾਲ ਸਿੰਘ ਅਨੁਸਾਰ ਸੱਤਾਧਾਰੀ ਧਿਰ ਵੱਲੋਂ ਜਥੇਦਾਰ ਵੇਦਾਂਤੀ ਨੂੰ ਕਿਹਾ ਗਿਆ ਕਿ ਉਹ ਨਾਨਕਸ਼ਾਹੀ ਕੈਲੰਡਰ ਰੱਦ ਕਰ ਮੁੜ ਬਿਕ੍ਰਮੀ ਕੈਲੰਡਰ ਬਹਾਲ ਕਰ ਦੇਵੇ। ਜਥੇਦਾਰ ਨੇ ਕਿਹਾ ਕਿ ਉਨ੍ਹਾਂ ਕੈਲੰਡਰ 'ਚ ਸੋਧ ਦੀ ਮੰਗ ਕਰਨ ਵਾਲਿਆਂ ਤੋਂ ਇਤਰਾਜ ਮੰਗੇ ਗਏ ਹਨ ਜੇ ਕੁਝ ਧਿਰਾਂ ਵੱਲੋਂ ਤੱਥਾਂ ਸਹਿਤ ਠੋਸ ਇਤਰਾਜ ਆਏ ਤਾਂ ਦੋਵਾਂ ਧਿਰਾਂ ਦੇ ਵਿਦਵਾਨਾਂ ਦੀ ਮੀਟਿੰਗ 'ਚ ਜੋ ਵੀ ਫੈਸਲਾ ਹੋਇਆ ਉਸ ਅਨੁਸਾਰ ਸੋਧ ਕਰ ਦਿੱਤੀ ਜਾਵੇਗੀ। ਪਰ ਜਥੇਦਾਰ ਦੇ ਇਸ ਜਵਾਬ ਨਾਲ ਤਸੱਲੀ ਨਾ ਹੋਈ ਇਸ ਕਾਰਨ 5 ਅਗਸਤ 2008 ਦੀ ਰਾਤ ਨੂੰ ਦੋ ਮੈਂਬਰ, ਲਿਖਿਆ ਹੋਇਆ ਅਸਤੀਫ਼ਾ ਲੈ ਆਏ ਜਿਸ 'ਤੇ ਵੇਦਾਂਤੀ ਜੀ ਤੋਂ ਜਬਰੀ ਦਸਤਖ਼ਤ ਕਰਵਾ ਲਏ। ਸਵੇਰ ਦੇ ਅਖ਼ਬਾਰਾਂ 'ਚ ਖ਼ਬਰ ਛਪ ਗਈ ਕਿ

ਕਾਰਜਕਾਰਨੀ ਕਮੇਟੀ ਨੇ ਵੇਦਾਂਤੀ ਦਾ ਅਸਤੀਫ਼ਾ ਪ੍ਰਵਾਨ ਕਰ ਉਨ੍ਹਾਂ ਦੀ ਜਗ੍ਹਾ ਗਿਆਨੀ ਗੁਰਬਚਨ ਸਿੰਘ ਨੂੰ ਜਥੇਦਾਰ ਨਿਯੁਕਤ ਕੀਤਾ ਗਿਆ। ਗਿਆਨੀ ਗੁਰਬਚਨ ਸਿੰਘ ਨੇ ਕੈਲੰਡਰ 'ਚ ਸੋਧ ਲਈ ਸੰਤ ਸਮਾਜ ਦੇ ਮੁਖੀ ਹਰਨਾਮ ਸਿੰਘ ਧੁੰਮਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਦੀ ਦੋ ਮੈਂਬਰੀ ਕਮੇਟੀ ਬਣਾ ਦਿੱਤੀ। ਦੋਵਾਂ ਨੂੰ ਕੈਲੰਡਰਾਂ ਸਬੰਧੀ ਮੁਢਲੀ ਜਾਣਕਾਰੀ ਵੀ ਨਹੀਂ ਅਤੇ ਨਾ ਹੀ ਉਨ੍ਹਾਂ ਕੋਈ ਰਿਪੋਰਟ ਤਿਆਰ ਕੀਤੀ ਪਰ ਇਸ ਕਮੇਟੀ ਦੀ ਅਖੌਤੀ ਰਿਪੋਰਟ ਦਾ ਨਾਂ ਵਰਤ ਕੇ ਹੀ ਨਾਨਕਸ਼ਾਹੀ ਕੈਲੰਡਰ ਰੱਦ ਕਰ 4 ਕੈਲੰਡਰਾਂ ਦਾ ਮਿਲਗੋਭਾ ਕੈਲੰਡਰ ਲਾਗੂ ਕਰ ਦਿੱਤਾ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਇਸ ਅਖੌਤੀ ਸੋਧ ਦਾ ਸ਼ੁਰੂ ਤੋਂ ਹੀ ਵਿਰੋਧ ਕਰਦੇ ਰਹੇ। ਇਸ ਮਿਲਗੋਭਾ ਕੈਲੰਡਰ ਨਾਲ ਜਦੋਂ ਵਾਰ ਵਾਰ ਉਲਝਣਾਂ ਪੈਂਦੀਆਂ ਰਹੀਆਂ ਤਾਂ ਅਖੀਰ ਪੂਰੀ ਤਰ੍ਹਾਂ ਬਿਕ੍ਰਮੀ ਕੈਲੰਡਰ ਲਾਗੂ ਕਰ ਦਿੱਤਾ ਗਿਆ। ਇਸ ਕੈਲੰਡਰ ਮੁਤਾਬਕ 2014 'ਚ ਗੁਰੂ ਗੋਬਿੰਦ ਸਿੰਘ ਜੀ ਦਾ ਪਕਾਸ਼ ਪੁਰਬ 28 ਦਸੰਬਰ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 26 ਦਸੰਬਰ ਨੂੰ ਸੀ; ਜਿਸ ਦਿਨ ਹਰ ਸਾਲ ਦੇ ਪ੍ਰੋਗਰਾਮ ਅਨੁਸਾਰ ਪ੍ਰਕਾਸ਼ ਗੁਰਪੁਰਬ ਦੇ ਸਬੰਧ 'ਚ ਨਗਰ ਕੀਰਤਨ ਨਿਕਲਣਾਂ ਸੀ। ਗਿਆਨੀ ਨੰਦਗੜ੍ਹ ਨੇ ਇਸ ਨਗਰ ਕੀਰਤਨ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਕਿ ਅੱਜ ਅਸੀਂ ਸ਼ਹੀਦੀ ਦਿਹਾੜਾ ਮਨਾਈਏ ਕਿ ਗੁਰਪੁਰਬ। ਕਾਰਜਕਾਰਨੀ ਨੇ ਇਸ ਬਹਾਨੇ ਕਿ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਕੱਢਿਆ ਜਾ ਰਿਹਾ ਸੀ ਪਰ ਗਿਆਨੀ ਨੰਦਗੜ੍ਹ ਉਨ੍ਹਾਂ ਦਾ ਸਨਮਾਨ ਕਰਨ ਨਹੀਂ ਆਏ; ਇਸ ਦੋਸ਼ 'ਚ ਉਨ੍ਹਾਂ ਨੂੰ 15 ਜਨਵਰੀ 2015 ਨੂੰ ਬ੍ਰਖਾਸਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁਖ ਸਿੰਘ ਨੂੰ ਦੂਹਰਾ ਚਾਰਜ ਦੇ ਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਨਿਯੁਕਤ ਕਰ ਦਿੱਤਾ। ਇਹ ਖ਼ੁਦ 5 ਪਿਆਰਿਆਂ ਦਾ ਸਤਿਕਾਰ ਕਿੰਨਾ ਕੇ ਕਰਦੇ ਹਨ; ਇਸ ਦੀ ਮਿਸਾਲ 2015 'ਚ ਹੀ ਵੇਖੀ ਜਾ ਸਕਦੀ ਹੈ। ਜਦੋਂ ਬਿਨਾਂ ਕਿਸੇ ਪੰਥਕ ਮਰਿਆਦਾ ਦੇ, ਬਿਨਾਂ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋਣ ਅਤੇ ਬਿਨਾਂ ਮੁਆਫ਼ੀ ਮੰਗਿਆਂ ਹੀ ਸੌਦਾ ਸਾਧ ਨੂੰ ਗਿਆਨੀ ਗੁਰਬਚਨ ਸਿੰਘ ਨੇ ਮੁਆਫ਼ੀ ਦਿੱਤੀ ਤਾਂ ਪੰਥਕ ਹਿਰਦਿਆਂ ਨੂੰ ਠੇਸ ਪਹੁੰਚਾਉਣ ਅਤੇ ਰਵਾਇਤਾਂ ਭੰਗ ਕਰਨ ਦੇ ਦੋਸ਼ ਹੇਠ ਭਾਈ ਸਤਿਨਾਮ ਸਿੰਘ ਖੰਡਾ ਦੀ ਅਗਵਾਈ ਹੇਠ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੰਜ ਪਿਆਰਿਆਂ ਨੇ ਤਨਖ਼ਾਹੀਆ ਕਰਾਰ ਦੇ ਦਿੱਤਾ। ਪੰਜ ਪਿਆਰਿਆਂ ਦਾ ਸਨਮਾਨ ਕਰਨ ਦੀ ਥਾਂ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ 5 ਪਿਆਰਿਆਂ ਨੂੰ ਹੀ ਨੌਕਰੀ ਤੋਂ ਬਰਖਾਸਤ ਕਰ ਦਿੱਤਾ।

6. ਗਿਆਨੀ ਗੁਰਮੁਖ ਸਿੰਘ ਅਨੁਸਾਰ ਉਸ ਨੂੰ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਸਮੇਤ; ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ 16 ਸਤੰਬਰ 2015 ਨੂੰ ਆਪਣੀ ਕਾਰ ਵਿੱਚ ਬਿਠਾ ਕੇ ਚੰਡੀਗੜ੍ਹ ਵਿਖੇ ਸ: ਪ੍ਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ ਪੰਜਾਬ) ਦੀ ਸਰਕਾਰੀ ਕੋਠੀ ਵਿੱਚ ਲੈ ਕੇ ਗਿਆ; ਜਿੱਥੇ ਪਹਿਲਾਂ ਤੋਂ ਹੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ/ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਕੈਬਨਿਟ ਮੰਤਰੀ ਡਾ: ਦਲਜੀਤ ਸਿੰਘ ਚੀਮਾ ਮੌਜੂਦ ਸਨ। ਸੁਖਬੀਰ ਸਿੰਘ ਨੇ ਡੇਰਾ ਸਿਰਸਾ ਮੁਖੀ ਦੇ ਦਸਤਖ਼ਤਾਂ ਵਾਲਾ ਹਿੰਦੀ ਵਿੱਚ ਲਿਖਿਆ ਪੱਤਰ (ਜਿਸ 'ਤੇ 'ਮੁਆਫ਼ੀ' ਸ਼ਬਦ ਨਹੀਂ ਸੀ) ਜਥੇਦਾਰਾਂ ਨੂੰ ਫੜਾ ਕੇ ਕਿਹਾ ਕਿ ਜਲਦੀ ਤੋਂ ਜਲਦੀ ਕੇਸ ਰਫਾ ਦਫਾ ਕਰੋ। ਸੌਦਾ ਸਾਧ ਵੱਲੋਂ ਬਿਨਾਂ ਪੇਸ਼ ਹੋ ਕੇ ਗਲਤੀ ਮੰਨਣ ਅਤੇ ਮੁਆਫੀ ਮੰਗਣ ਦੇ ਹੀ 24 ਸਤੰਬਰ ਨੂੰ ਪੰਜ ਸਿੰਘ ਸਾਹਿਬਾਨ ਨੂੰ ਨਾ ਚਾਹੁੰਦੇ ਹੋਏ ਵੀ ਉਸ ਨੂੰ ਮੁਆਫੀ ਦੇਣੀ ਪਈ। ਇਹ ਅੰਦਰਲੀ ਖ਼ਬਰ ਲੀਕ ਕੀਤੇ ਜਾਣ ਦੀ ਗੁਸਤਾਖ਼ੀ ਕਰਨ ਦੇ ਦੋਸ਼ ਅਧੀਨ ਕੇਵਲ 4 ਦਿਨਾਂ ਬਾਅਦ 21 ਅਪ੍ਰੈਲ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਅਤੇ ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਦੇ ਦੋਵੇਂ ਅਹੁਦਿਆਂ ਤੋਂ ਹਟਾ ਕੇ ਗਿਆਨੀ ਗੁਰਮੁਖ ਸਿੰਘ ਦਾ ਹਰਿਆਣਾ ਦੇ ਗੁਰਦੁਆਰਾ ਧਮਧਾਨ ਵਿਖੇ ਤਬਾਦਲਾ ਕਰ ਦਿੱਤਾ ਅਤੇ ਉਨ੍ਹਾਂ ਦੀ ਥਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤ ਕਰ ਦਿੱਤਾ। ਪਰ ਜਦੋਂ ਬੇਅਦਬੀ ਵਾਲੇ ਕੇਸ ਦੀ ਜਸਟਿਸ ਰਣਜੀਤ ਸਿੰਘ ਕਮਿਸ਼ਨ ਪੜਤਾਲ ਕਰ ਰਹੇ ਸਨ ਤਾਂ ਇਸ ਡਰੋਂ ਕਿ ਕਦੀ ਗਿਆਨੀ ਗੁਰਮੁਖ ਸਿੰਘ ਆਪਣੇ ਇਹ ਬਿਆਨ ਕਮਿਸ਼ਨ ਅੱਗੇ ਦਰਜ ਨਾ ਕਰਵਾ ਦੇਵੇ; ਉਸ ਨੂੰ ਮੁੜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਦੇ ਅਹੁੱਦੇ 'ਤੇ ਕਾਗਜਾਂ 'ਚ ਹੀ ਤਾਇਨਾਤ ਕਰ ਦਿੱਤਾ ਜਦੋਂ ਕਿ ਉਹ ਘਰ ਬੈਠੇ ਹੀ ਹੁਣ ਤੱਕ ਮੁੱਖ ਗ੍ਰੰਥੀ ਵਾਲੀਆਂ ਸਾਰੀਆਂ ਸਹੂਲਤਾਂ ਪ੍ਰਾਪਤ ਕਰ ਰਿਹਾ ਹੈ।

7. ਜਦੋਂ ਗਲਤ ਹੁਕਮਨਾਮਾ ਕਰਨ ਵਾਲੇ ਜਥੇਦਾਰਾਂ ਵਿਰੁੱਧ ਸੰਗਤਾਂ 'ਚ ਗੁੱਸਾ ਅਤੇ ਰੋਸ ਦਿਨੋ ਦਿਨ ਵਧਦਾ ਗਿਆ ਅਤੇ ਉਹ ਸੰਗਤਾਂ ਦਾ ਸਾਹਮਣਾ ਕਰਨ ਯੋਗ ਵੀ ਨਾ ਰਹੇ ਤਾਂ ਆਖਰ ਗਿਆਨੀ ਗੁਰਬਚਨ ਸਿੰਘ ਤੋਂ ਅਸਤੀਫ਼ਾ ਲੈ ਕੇ ਉਨ੍ਹਾਂ ਦੀ ਥਾਂ ਮਿਤੀ 18 ਅਕਤੂਬਰ 2018 ਨੂੰ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੂੰ ਦੂਹਰਾ ਚਾਰਜ ਦੇ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਦੇ ਤੌਰ 'ਤੇ ਚਾਰਜ ਸੰਭਾਲ ਦਿੱਤਾ।

8. ਗਿਆਨੀ ਹਰਪ੍ਰੀਤ ਸਿੰਘ ਅਨੁਸਾਰ 2020 'ਚ ਅਕਾਲੀ ਦਲ ਦੇ ਸੀਨੀਅਰ ਆਗੂ ਉਨ੍ਹਾਂ ਕੋਲ ਆਏ ਤੇ ਆਖਣ ਲੱਗੇ 2015 ਦੀਆਂ ਘਟਨਾਵਾਂ ਕਾਰਨ ਸਾਡੇ ਵੱਲੋਂ ਕਈ ਵਾਰ ਮੁਆਫ਼ੀ ਮੰਗੇ ਜਾਣ ਦੇ ਬਾਵਜੂਦ ਸਿੱਖ ਸੰਗਤਾਂ ਉਨ੍ਹਾਂ ਨੂੰ ਮੁਆਫ਼ ਨਹੀਂ ਕਰ ਰਹੀਆਂ। ਇਸ ਲਈ ਤੁਸੀਂ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੱਦੋ ਅਤੇ ਮਾਮੂਲੀ ਤਨਖ਼ਾਹ ਲਾ ਕੇ ਮੁਆਫ਼ ਕਰ ਦਿਉ ਤਾ ਕਿ ਸੰਗਤਾਂ ਸਾਨੂੰ ਪ੍ਰਵਾਨ ਕਰ ਲੈਣ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਇੱਦਾਂ ਸੰਗਤਾਂ ਨੇ ਪ੍ਰਵਾਨ ਨਹੀਂ ਕਰਨਾ; ਜੇ ਪ੍ਰਵਾਨ ਹੋਣਾ ਚਾਹੁੰਦੇ ਹੋ ਤਾਂ ਆਪਣੇ ਆਪਣੇ ਅਹੁੱਦਿਆਂ ਤੋਂ ਅਸਤੀਫ਼ੇ ਦੇ ਕੇ ਆਉ ਅਤੇ ਜਦ ਤੱਕ ਹੋਈ ਇਕੱਲੀ ਇਕੱਲੀ ਗਲਤੀ ਦੱਸ ਕੇ ਮੁਆਫ਼ੀ ਨਹੀਂ ਮੰਗਦੇ ਤਦ ਤੱਕ ਸੰਗਤਾਂ ਨੇ ਮੁਆਫ਼ ਨਹੀਂ ਕਰਨਾ। ਪਰ ਇਹ ਸ਼ਰਤ ਆਗੂਆਂ ਨੂੰ ਪ੍ਰਵਾਨ ਨਹੀਂ ਸੀ। ਜਦੋਂ ਸੰਗਤਾਂ ਨੇ ਇਨ੍ਹਾਂ ਨੂੰ ਪ੍ਰਵਾਨ ਨਾ ਕੀਤਾ ਤਾਂ 2022 'ਚ ਦੂਜੀ ਵਾਰ ਆਏ ਤਾਂ ਗਿਆਨੀ ਹਰਪ੍ਰੀਤ ਸਿੰਘ ਨੇ ਆਪਣਾ ਪਹਿਲਾ ਸਵਾਲ ਦੁਹਰਾਇਆ। ਠੀਕ ਸਲਾਹ ਮੰਨਣ ਦੀ ਥਾਂ 16 ਜੂਨ 2023 ਨੂੰ ਗਿਆਨੀ ਹਰਪ੍ਰੀਤ ਸਿੰਘ ਦੀ ਥਾਂ ਗਿਆਨੀ ਰਘਬੀਰ ਸਿੰਘ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪੱਕਾ ਜਥੇਦਾਰ ਲਾ ਦਿੱਤਾ। 2024 'ਚ ਜਦੋਂ ਲੋਕ ਸਭਾ ਦੀਆਂ 13 ਸੀਟਾਂ 'ਚੋਂ ਕੇਵਲ ਇੱਕ ਸੀਟ ਹੀ ਹੱਥ ਲੱਗੀ ਅਤੇ 10 ਸੀਟਾਂ ਤੋਂ ਜਮਾਨਤਾਂ ਜ਼ਬਤ ਕਰਵਾ ਬੈਠੇ ਤਾਂ ਅਕਾਲੀ ਦਲ ਦੇ ਅੱਧੇ ਆਗੂ ਲਿਖਤੀ ਤੌਰ 'ਤੇ ਪੱਤਰ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਕਿ ਅਕਾਲੀ ਸਰਕਾਰ ਦੌਰਾਨ ਇਹ ਗਲਤੀਆਂ ਹੋਈਆਂ ਹਨ; ਉਸ ਸਮੇਂ ਉਨ੍ਹਾਂ ਨੂੰ ਵਿਰੋਧ ਕਰਨਾ ਚਾਹੀਦਾ ਸੀ ਪਰ ਚੁੱਪ ਰਹੇ ਇਸ ਲਈ ਸਾਨੂੰ ਤਨਖ਼ਾਹ ਲਾ ਕੇ ਸੁਰਖ਼ਰੂ ਕੀਤਾ ਜਾਵੇ। ਕੋਈ ਚਾਰਾ ਚਲਦਾ ਨਾ ਵੇਖ ਆਖਰ ਅਕਾਲੀ ਦਲ 'ਤੇ ਕਾਬਜ ਧੜਾ ਵੀ ਆ ਪੇਸ਼ ਹੋਇਆ ਅਤੇ ਆਖਣ ਲੱਗੇ ਨਿਮਾਣੇ ਸਿੱਖ ਵਜੋਂ ਅਸੀਂ ਸਾਰੀਆਂ ਗਲਤੀਆਂ ਆਪਣੀ ਝੋਲ਼ੀ ਪਵਾਉਂਦੇ ਹਾਂ ਸਾਨੂੰ ਮੁਆਫ਼ ਕਰ ਦਿੱਤਾ ਜਾਵੇ।

ਪਰ ਜਦੋਂ 5 ਸਿੰਘ ਸਾਹਿਬਾਨ ਨੇ 2 ਦਸੰਬਰ 2024 ਨੂੰ ਉਨ੍ਹਾਂ ਤੋਂ ਇਕੱਲੀ ਇਕੱਲੀ ਗਲਤੀ ਦਾ ਇਕਬਾਲ ਕਰਵਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਫੈਸਲਾ ਸੁਣਾਇਆ ਤਾਂ ਤਕਰੀਬਨ ਸਮੁੱਚੇ ਪੰਥ ਨੇ ਤਸੱਲੀ ਪ੍ਰਗਟ ਕੀਤੀ ਕਿ ਲੰਬੇ ਸਮੇਂ ਤੋਂ ਪਹਿਲੀ ਵਾਰ ਪੰਥਕ ਭਾਵਨਾ ਅਨੁਸਾਰ ਫੈਸਲਾ ਹੋਇਆ ਹੈ ਜਿਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਅਤੇ ਸਰਬਉੱਚਤਾ ਸਹੀ ਮਾਅਨਿਆਂ 'ਚ ਬਹਾਲ ਹੋਵੇਗਾ। ਸੁਖਬੀਰ ਬਾਦਲ ਸਮੇਤ ਉਸ ਦਾ ਧੜਾ ਉਸ ਸਮੇਂ ਭਾਵੇਂ ਸੱਤ ਬਚਨ ਕਹਿੰਦਾ ਰਿਹਾ ਪਰ ਅੰਦਰੇ ਅੰਦਰ ਅਜਿਹੇ ਸਵਾਲ ਕਰਨ ਵਾਲੇ ਜਥੇਦਾਰਾਂ ਨੂੰ ਸਬਕ ਸਿਖਾਉਣ ਦੀਆਂ ਸਕੀਮਾਂ ਘੜਦੇ ਰਹੇ। ਆਖਰ ਇਕ 18 ਸਾਲ ਪੁਰਾਣਾ ਘਰੇਲੂ ਝਗੜਾ; ਜਿਸ ਦਾ ਅਦਾਲਤ 'ਚ ਫੈਸਲਾ ਹੋ ਚੁੱਕਾ ਸੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੀ ਉਸ ਦੀ

ਪੜਤਾਲ ਕਰਵਾ ਕੇ ਫਾਈਲ ਕੀਤਾ ਜਾ ਚੁੱਕਾ ਸੀ; ਨੂੰ ਮੁੜ ਚੁੱਕ ਲਿਆ ਅਤੇ ਇਸ ਬਹਾਨੇ 25 ਦਸੰਬਰ 2024 ਨੂੰ ਗਿਆਨੀ ਹਰਪ੍ਰੀਤ ਸਿੰਘ 'ਤੇ 5 ਸਿੰਘ ਸਾਹਿਬਾਨ ਦੀ ਮੀਟਿੰਗ 'ਚ ਭਾਗ ਲੈਣ 'ਤੇ ਰੋਕ ਲਾ ਦਿੱਤੀ ਅਤੇ 10 ਫ਼ਰਵਰੀ 2025 ਨੂੰ ਬਰਖਾਸਤ ਕਰ ਦਿੱਤਾ ਗਿਆ। ਅਸਲ ਵਿਚ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਨੇ ਇਹ ਘਿਨਾਉਣੀ ਕਾਰਵਾਈ ਇਸ ਕਾਰਨ ਕੀਤੀ ਕਿਉਂਕਿ ਉਹ ਬਾਕੀ ਦੇ ਜਥੇਦਾਰਾਂ ਤੋਂ 2 ਦਸੰਬਰ 2024 ਦਾ ਫੈਸਲਾ ਬਦਲਾਉਣਾ ਚਾਹੁੰਦੇ ਸਨ। ਪਰ ਜਦੋਂ ਬਾਕੀ ਦੇ ਜਥੇਦਾਰ ਫੈਸਲਾ ਬਦਲਣਾ ਨਾ ਮੰਨੇ ਤਾਂ 7 ਮਾਰਚ ਨੂੰ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗਿਆਨੀ ਸੁਲਤਾਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਵੀ ਅਹੁੱਦੇ ਤੋਂ ਹਟਾ ਦਿੱਤਾ। ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਤਖ਼ਤ ਸ੍ਰੀ ਕੇਸਗੜ੍ਹ ਦਾ ਜਥੇਦਾਰ ਲਾਏ ਜਾਣ ਤੋਂ ਇਲਾਵਾ ਕਾਰਜਕਾਰੀ ਜਥੇਦਾਰ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਵਾਧੂ ਚਾਰਜ ਦੇ ਦਿੱਤਾ। ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਬਚਾਉਣ ਅਤੇ ਸਵ: ਪ੍ਰਕਾਸ਼ ਸਿੰਘ ਬਾਦਲ ਦਾ ਖੁੱਸਿਆ ਹੋਇਆ "ਪੰਥ ਰਤਨ, ਫ਼ਖਰ-ਏ-ਕੌਮ" ਅਵਾਰਡ ਬਹਾਲ ਕਰਵਾਉਣ ਲਈ ਕੇਵਲ 25 ਦਿਨਾਂ 'ਚ 3 ਜਥੇਦਾਰ ਹਟਾਏ ਜਾਣ ਦੀ ਘਿਨਾਉਣੀ ਕਾਰਵਾਈ ਦਾ ਸਮੁੱਚੀਆਂ ਪੰਥਕ ਧਿਰਾਂ ਵੱਲੋਂ ਜਬਰਦਸਤ ਵਿਰੋਧ ਹੋ ਰਿਹਾ ਹੈ। ਜਦ ਇਸ ਤਰ੍ਹਾਂ ਜਥੇਦਾਰ ਲਾਏ ਅਤੇ ਹਟਾਏ ਜਾਣ ਦੀ ਤਾਕਤ ਕੇਵਲ ਇੱਕ ਹੀ ਆਦਮੀ ਦੇ ਹੱਥ ਹੋਵੇ ਤਾਂ ਸਰਬਉੱਚ ਪ੍ਰਚਾਰੇ ਜਾ ਰਹੇ ਸ੍ਰੀ ਅਕਾਲ ਤਖ਼ਤ ਤੋਂ ਨਿਰਪੱਖਤਾ ਵਾਲੇ ਅਤੇ ਗੁਰਮਤਿ ਅਨੁਸਾਰੀ ਫੈਸਲਿਆਂ ਦੀ ਉਮੀਦ ਕਿੱਥੋਂ ਰੱਖੀ ਜਾ ਸਕਦੀ ਹੈ?

**ਸੁਧਾਰ ਲਈ ਸੁਝਾਉ**

1. ਅਕਾਲੀ ਦਲ ਦੀ ਮੌਜੂਦਾ ਅਧੋਗਤੀ ਦਾ ਮੁੱਖ ਕਾਰਨ ਇਹ ਹੈ ਕਿ ਬਾਦਲ ਪਰਿਵਾਰ ਨੇ ਰਾਜਸੀ ਸਤਾ ਹਥਿਆਉਣ ਲਈ ਪੰਥਕ ਰਵਾਇਤਾਂ ਅਤੇ ਗੁਰਮਤਿ ਅਸੂਲਾਂ ਦੀ ਅਣਦੇਖੀ ਕਰ ਪੰਥ ਦੀਆਂ ਤਿੰਨਾਂ ਸਿਰਮੌਰ ਸੰਸਥਾਵਾਂ ਦੀ ਰੱਜ ਕੇ ਦੁਰਵਰਤੋਂ ਕੀਤੀ। ਇਸ ਲਈ ਤਿੰਨੇ ਸੰਸਥਾਵਾਂ 'ਤੇ ਏਕਾਧਿਕਾਰ ਖਤਮ ਕਰਨ ਲਈ ਇੱਕ ਦੀ ਬਜਾਏ ਦੋ ਪਾਰਟੀਆਂ ਬਣਾਈਆਂ ਜਾਣ ਜਿਨ੍ਹਾਂ 'ਚੋਂ ਇੱਕ ਦਾ ਕਾਰਜ ਖੇਤਰ ਧਾਰਮਿਕ ਅਤੇ ਅਤੇ ਦੂਸਰੀ ਦਾ ਕਾਰਜ ਖੇਤਰ ਰਾਜਨੀਤਕ ਹੋਵੇ। ਕੋਈ ਵੀ ਨੀਤੀਗਤ ਫੈਸਲਾ ਕਰਨ ਦਾ ਅਧਿਕਾਰ ਕੇਵਲ ਪ੍ਰਧਾਨ ਦੀ ਬਜਾਏ ਪੰਚ ਪ੍ਰਧਾਨੀ ਸਿਸਟਮ ਪਾਸ ਹੋਵੇ। ਦੋਵਾਂ ਪਾਰਟੀਆਂ ਦਾ ਸਿਧਾਂਤਕ ਤੌਰ 'ਤੇ ਆਪਸੀ ਤਾਲਮੇਲ ਤਾਂ ਹੋਵੇ ਪਰ ਕੋਈ ਵੀ ਵਿਅਕਤੀ ਦੋਵਾਂ 'ਚੋਂ ਕੇਵਲ ਇੱਕ ਦੀ ਚੋਣ ਕਰ ਸਕਦਾ ਹੈ ਭਾਵ ਰਾਜਨੀਤਕ ਅਕਾਲੀ ਦਲ ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਲਈ ਉਮੀਦਵਾਰਾਂ ਦੀਆਂ ਟਿਕਟਾਂ ਵੰਡਣ ਅਤੇ ਪ੍ਰਧਾਨ ਦੀ ਚੋਣ ਲਈ ਉਮੀਦਵਾਰ ਐਲਾਨਣ ਦਾ ਕੋਈ ਹੱਕ ਨਾ ਹੋਵੇ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ 'ਤੇ ਕੋਈ ਵੀ ਰਾਜਨੀਤਕ ਚੋਣ ਲੜਨ 'ਤੇ ਪਾਬੰਦੀ ਹੋਵੇ।

2. ਜਿਸ ਤਰ੍ਹਾਂ ਹਰ ਦੇਸ਼ ਦੀ ਰਾਜਨੀਤਕ ਚੋਣ ਲੜਨ ਲਈ ਉਸ ਦੇਸ਼ ਦਾ ਸ਼ਹਿਰੀ ਹੋਣਾ ਅਤੇ ਸੰਵਿਧਾਨ ਮੰਨਣਾ ਜਰੂਰੀ ਹੈ ਉਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਮੈਂਬਰ ਦੇ ਉਮੀਦਵਾਰ ਲਈ ਅੰਮ੍ਰਿਤਧਾਰੀ ਸਿੱਖ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਜਾ ਰਹੀ ਸਿੱਖ ਰਹਿਤ ਮਰਿਆਦਾ ਦਾ ਧਾਰਨੀ ਹੋਣਾ ਲਾਜ਼ਮੀ ਹੋਵੇ।

3. (ੳ) ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮਾ ਨੰ: 219 ਏ.ਟੀ. 00 ਮਿਤੀ 29.3.2000 'ਤੇ ਹੂ-ਬਹੂ ਅਮਲ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਪਾਬੰਦ ਹੋਵੇ ਭਾਵ ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲੇ ਮਾਹਰਾਂ ਦੀ ਕਮੇਟੀ ਦੀ ਸਥਾਪਨਾ ਕਰਕੇ ਤਖ਼ਤ ਸਾਹਿਬਾਨ ਦੇ ਜਥੇਦਾਰ ਅਤੇ ਮੁੱਖ ਗ੍ਰੰਥੀ ਸਾਹਿਬਾਨ ਦੇ ਸੇਵਾ ਨਿਯਮ; ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜਿੰਮੇਵਾਰੀਆਂ, ਸੇਵਾ ਮੁਕਤੀ ਅਦਿ ਦੇ ਨਿਯਮ ਨਿਰਧਾਰਤ ਕੀਤੇ ਜਾਣ ਅਤੇ ਇਸ ਦੇ ਨਾਲ ਹੀ ਸਮੇਂ ਸਮੇਂ ਪੇਸ਼ ਆਉਣ ਵਾਲੀਆਂ ਪੰਥਕ ਸਮੱਸਿਆਵਾਂ ਦੇ ਸਮਾਧਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦਾ ਸਪਸ਼ਟ ਵਿਧੀ ਵਿਧਾਨ ਸੁਨਿਸ਼ਚਤ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੱਲੋਂ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਨਿਜੀ ਹਿਤਾਂ ਲਈ ਵਰਤੋਂ ਦੀ ਸੰਭਾਵਨਾਂ ਹੀ ਨਾ ਰਹੇ ਅਤੇ ਖ਼ਾਲਸਾ ਪੰਥ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਮੇਂ ਸਮੇਂ ਜਾਰੀ ਕੀਤੇ ਹੁਕਮਨਾਮਿਆਂ ਦੀ ਮਾਨਤਾ ਅਤੇ ਪਵਿੱਤਰਤਾ ਕਾਇਮ ਰਵ੍ਹੇ।

(ਅ) ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮਨਾਮਾ ਕੇਵਲ ਸ਼੍ਰੋਮਣੀ ਅਕਾਲੀ ਦਲ 'ਤੇ ਹੀ ਨਹੀਂ ਬਲਕਿ ਦੇਸ਼ ਵਿਦੇਸ਼ 'ਚ ਵਸ ਰਹੇ ਅਤੇ ਹਰ ਰਾਜਨੀਤਕ ਪਾਰਟੀ 'ਚ ਵਿਚਰ ਰਹੇ ਸਿੱਖਾਂ 'ਤੇ ਇੱਕ ਸਾਰ ਲਾਗੂ ਹੁੰਦਾ ਹੈ; ਇਸ ਲਈ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਬਰਖਾਸਤਗੀ ਦਾ ਅਧਿਕਾਰ ਕੇਵਲ ਸ਼੍ਰੋਮਣੀ ਕਮੇਟੀ ਦਾ ਨਹੀਂ ਬਲਕਿ ਗੁਰਮਤਿ ਪ੍ਰਚਾਰ ਕਰ ਰਹੀਆਂ ਸਮੁੱਚੀਆਂ ਜਥੇਬੰਦੀਆਂ ਅਤੇ ਦੇਸ਼ ਵਿਦੇਸ਼ ਦੀਆਂ ਸਮੁੱਚੀਆਂ ਚੁਣੀਆਂ ਹੋਈਆਂ ਗੁਰਦੁਆਰਾ ਪ੍ਰੰਧਕ ਕਮੇਟੀਆਂ ਦੇ ਨੁੰਮਾਇੰਦਿਆਂ ਵੱਲੋਂ ਸਰਬ ਸੰਮਤੀ ਨਾਲ ਹੀ ਹੋਵੇ। ਹਰ ਸੂਬੇ/ਦੇਸ਼ ਨੂੰ ਨੁੰਮਾਇੰਦਗੀ ਉੱਥੋਂ ਦੀ ਸਿੱਖ ਵਸੋਂ ਦੀ ਗਿਣਤੀ ਦੇ ਅਧਾਰ 'ਤੇ ਮਿਲੇ।

(ੲ) ਜੇ ਹੁਕਮਨਾਮਾ ਜਾਰੀ ਕਰਨ ਦਾ ਅਧਿਕਾਰ ਕੇਵਲ ਪੰਜਾਂ ਨੂੰ ਦੇ ਦਿੱਤਾ ਜਾਵੇ ਤਾਂ ਕੋਈ ਵੀ ਜਥੇਦਾਰ ਸਤਾ ਦੇ ਪ੍ਰਭਾਵ ਹੇਠ ਆ ਕੇ ਜਾਂ ਕਿਸੇ ਏਜੰਸੀ ਵੱਲੋਂ ਖਰੀਦੇ ਜਾਣ ਦੀ ਸੰਭਾਵਨਾ ਅਧੀਨ ਸਰਬਰਾਹ ਅਰੂੜ ਸਿੰਘ, ਗਿਆਨੀ ਪੂਰਨ ਸਿੰਘ ਅਤੇ ਗਿਆਨੀ ਗੁਰਬਚਨ ਸਿੰਘ ਵਾਂਙ ਅਜਿਹੇ ਹੁਕਮਨਾਮੇ ਜਾਰੀ ਕਰ ਸਕਦੇ ਹਨ ਜਿਨ੍ਹਾਂ ਦੇ ਮੰਨਣ ਨਾਲ ਸਿੱਖ ਮਰਿਆਦਾ ਅਤੇ ਪੰਥਕ ਮਾਨ ਸਨਮਾਨ ਦਾਅ 'ਤੇ ਲੱਗ ਸਕਦੀ ਹੈ। ਇਸ ਲਈ ਹੁਕਮਨਾਮਾ ਜਾਰੀ ਕਰਨ ਦਾ ਅਧਿਕਾਰ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜਾਂ ਪੰਜਾਂ ਜਥੇਦਾਰਾਂ ਕੋਲ ਨਾ ਹੋਵੇ। ਜਦੋਂ ਵੀ ਕੋਈ ਪੰਥਕ ਮਸਲਾ ਆਵੇ ਤਾਂ ਪੰਜੇ ਜਥੇਦਾਰ ਆਪਸੀ ਸਲਾਹ ਪਿੱਛੋਂ ਦੇਸ਼ ਵਿਦੇਸ਼ ਦੀਆਂ ਸੁਮੱਚੀਆਂ ਸਿੱਖ ਜਥੇਬੰਦੀਆਂ ਅਤੇ ਪੰਥਕ ਵਿਦਵਾਨਾਂ ਦਾ ਨੁਮਾਇੰਦਾ ਇਕੱਠ ਸੱਦਣ ਜੋ ਗੁਰੂ ਗ੍ਰੰਥ ਸਾਹਿਬ ਜੀ ਅਤੇ ਸਿੱਖ ਇਤਿਹਾਸ ਦੀ ਰੌਸ਼ਨੀ 'ਚ ਫੈਸਲਾ ਕਰਨ। ਇਸ ਤਰ੍ਹਾਂ ਦੇ ਫੈਸਲੇ ਦਾ ਪੰਜ ਸਿੰਘ ਸਾਹਿਬਾਨ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਫ਼ਸੀਲ ਤੋਂ ਐਲਾਨ ਕਰਨ; ਜੋ ਹਰ ਸਿੱਖ ਲਈ ਮੰਨਣਾ ਲਾਜ਼ਮੀ ਹੋਵੇ।

4. ਸ਼੍ਰੋਮਣੀ ਅਕਾਲੀ ਦਲ (ਰਾਜਨੀਤਕ) ਦਾ ਮੈਂਬਰ ਗੁਰੂ ਗ੍ਰੰਥ ਸਾਹਿਬ ਜੀ ਦੀ ਵੀਚਾਰਧਾਰਾ 'ਤੇ ਅਮਲ ਕਰਨ ਵਾਲਾ ਪੰਜਾਬ ਦਾ ਹਰ ਉਹ ਵਸਨੀਕ ਬਣ ਸਕਦਾ ਹੈ ਜੋ ਪੰਜਾਬ ਦੇ ਆਰਥਿਕ ਅਤੇ ਰਾਜਨੀਤਕ ਮੁੱਦਿਆਂ ਲਈ ਹਰ ਕੁਰਬਾਨੀ ਦੇਣ ਲਈ ਤਿਆਰ ਹੋਵੇ। ਕੋਈ ਵੀ ਮੈਂਬਰ ਸਿੱਖ ਧਰਮ ਤੋਂ ਇਲਾਵਾ ਆਪਣੇ ਪਿੱਤਰੀ ਧਰਮ ਦੀ ਪਾਲਨਾ ਤਾਂ ਕਰ ਸਕਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਢਲੇ ਸਿਧਾਂਤ **ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (1349)** ਅਤੇ **ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ ॥ (1127)** 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਵਾਲਾ ਹੋਵੇ। ਭਾਵ ਸਮਾਜ 'ਚ ਧਰਮ ਅਤੇ ਜਾਤ ਅਧਾਰਤ ਵੰਡੀਆਂ ਪਾ ਕੇ ਨਫ਼ਰਤਾਂ ਫੈਲਾਉਣ ਵਾਲਾ ਕਦਾਚਿਤ ਬਰਦਾਸ਼ਤ ਨਾ ਕੀਤਾ ਜਾਵੇ।

5. ਕਿਸੇ ਇੱਕ ਪਾਰਟੀ ਨੂੰ ਦੁਸ਼ਮਨ ਮੰਨ ਕੇ ਉਕਤ ਨੰ: 4 'ਚ ਵਰਨਣ ਕੀਤੇ ਸਿਧਾਂਤ ਦੀ ਅਸੂਲਨ ਤੌਰ 'ਤੇ ਵਿਰੋਧੀ ਪਾਰਟੀ ਨੂੰ ਬਿਨਾਂ ਸ਼ਰਤ ਹਿਮਾਇਤ ਦੇਣੀ ਪੰਥ ਅਤੇ ਪੰਜਾਬ ਦੇ ਆਰਥਿਕ ਅਤੇ ਰਜਨੀਤਕ ਹਿਤਾਂ ਨੂੰ ਢਾਹ ਲਾਉਣ ਦੇ ਤੁਲ ਹੈ। ਇਸ ਲਈ ਸ਼੍ਰੋਮਣੀ ਅਕਾਲੀ ਦਾ ਮੁੱਖ ਰਾਜਨੀਤਕ ਏਜੰਡਾ ਦੇਸ਼ ਦੀਆਂ ਸਮੂਹ ਖੇਤਰੀ ਪਾਰਟੀਆਂ ਨੂੰ ਇੱਕ ਸਾਂਝੇ ਮੁਹਾਜ 'ਤੇ ਇਕੱਤਰ ਕਰਕੇ ਉਸ ਕੌਮੀ ਰਾਜਨੀਤਕ ਪਾਰਟੀ ਨਾਲ ਗੱਠਜੋੜ ਕਰਨਾ ਹੋਵੇ; ਜੋ ਬਹੁ ਕੌਮੀ ਸੂਬਿਆਂ ਦੇ ਆਪਣੇ ਵਿਲੱਖਣ ਸਭਿਆਚਾਰ, ਮਾਤ ਭਾਸ਼ਾ ਅਤੇ ਆਰਥਿਕ/ਰਾਜਨੀਤਕ ਹਿਤਾਂ ਦੀ ਪੂਰਤੀ ਲਈ ਭਾਰਤ ਸਰਕਾਰ ਵੱਲੋਂ ਸਾਰੀਆਂ ਸ਼ਕਤੀਆਂ ਦੇ ਕੇਂਦਰੀਕਰਨ ਦਾ ਵਿਰੋਧ ਅਤੇ ਵਿਕੇਂਦਰੀਕਰਨ (Fedral System) ਲਾਗੂ ਕਰਨ ਦੀ ਹਾਮੀ ਭਰੇ।

-0-

# ਪੰਜ ਪਿਆਰੇ

-ਬਲਜੀਤ ਕੌਰ

**ਅੰਮ੍ਰਿਤਸਰ :** ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਆਵਾਜ਼ 'ਤੇ ਆਪਣਾ ਸਿਰ ਧਰਮ ਤੇ ਕੌਮ ਲਈ ਪੇਸ਼ ਕਰ ਪੰਜ ਪਿਆਰਿਆਂ ਦਾ ਖਿਤਾਬ ਹਾਸਲ ਕਰਨ ਵਾਲੇ ਯੋਧਿਆਂ 'ਚ ਪਹਿਲਾ ਨਾਂ ਭਾਈ ਦਇਆ ਸਿੰਘ ਜੀ ਦਾ ਆਉਂਦਾ ਹੈ। ਭਾਈ ਦਇਆ ਸਿੰਘ ਜੀ ਜਨਮ 1 ਫਰਵਰੀ 1668 ਲਾਹੌਰ (ਹੁਣ ਪਾਕਿਸਤਾਨ 'ਚ) ਨੂੰ ਹੋਇਆ। ਉਹ 13 ਸਾਲ ਦੀ ਉਮਰ 'ਚ ਗੁਰੂ ਘਰ ਨਾਲ ਜੁੜੇ। 18 ਸਾਲ ਤਕ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ। ਇਨ੍ਹਾਂ ਦਾ ਵਿਆਹ ਬੀਬੀ ਦਿਆਲੀ ਕੌਰ ਨਾਲ 25 ਮਈ 1684 ਨੂੰ ਹੋਇਆ। ਇਨ੍ਹਾਂ ਦੀਆਂ 4 ਸੰਤਾਨਾਂ ਸਨ। ਗੁਰੂ ਸਾਹਿਬਾਨ ਦੀ ਆਵਾਜ਼ 'ਤੇ ਸਭ ਤੋਂ ਪਹਿਲਾਂ ਉੱਠਣ ਵਾਲੇ ਭਾਈ ਦਇਆ ਸਿੰਘ ਜੀ ਹੀ ਸਨ। ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਸਾਰੀਆਂ ਵੱਡੀਆਂ ਜੰਗਾਂ 'ਚ ਹਿੱਸਾ ਲਿਆ। 21 ਦਸੰਬਰ 1708 ਨੂੰ ਭਾਈ ਦਇਆ ਸਿੰਘ ਨਾਂਦੇੜ ਵਿਖੇ ਅਕਾਲ ਚਲਾਣਾ ਕਰ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਜ਼ਫਰਨਾਮਾ ਲਿਖਿਆ ਸੀ ਉਸ ਨੂੰ ਔਰੰਗਜ਼ੇਬ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਭਾਈ ਦਇਆ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਨੂੰ ਸੌਂਪੀ ਗਈ ਸੀ। ਭਾਈ ਦਇਆ ਸਿੰਘ ਜੀ ਨੇ ਉਨ੍ਹਾਂ ਦਿਨਾਂ 'ਚ ਔਰੰਗਾਬਾਦ ਦੇ ਧਾਮੀ ਮੁਹੱਲੇ 'ਚ ਕੁਝ ਦਿਨ ਬਿਤਾਏ ਸਨ ਜਿੱਥੇ ਉਨ੍ਹਾਂ ਦੀ ਯਾਦ 'ਚ ਗੁਰਦੁਆਰਾ ਭਾਈ ਦਇਆ ਸਿੰਘ ਜੀ ਸੁਸ਼ੋਭਿਤ ਹੈ। ਯਾਦ ਰਹੇ ਕਿ ਗੁਰੂ ਜੀ ਦਾ ਲਿਖਿਆ ਅਸਲ ਜ਼ਫਰਨਾਮਾ ਵੀ ਇੱਥੇ ਰੱਖਿਆ ਹੋਇਆ ਹੈ। ਇਨ੍ਹਾਂ ਦੇ ਵੰਸ਼ਜ਼ ਲੁਧਿਆਣਾ ਜ਼ਿਲੇ ਦੇ ਦੋਰਾਹਾ ਤੇ ਆਸਟਰੇਲੀਆ 'ਚ ਰਹਿੰਦੇ ਹਨ।

**ਭਾਈ ਧਰਮ ਸਿੰਘ ਜੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਆਵਾਜ਼ 'ਤੇ ਆਪਣਾ ਸਿਰ ਧਰਮ ਤੇ ਕੌਮ ਲਈ ਪੇਸ਼ ਕਰ ਪੰਜ ਪਿਆਰਿਆਂ ਦਾ ਖਿਤਾਬ ਹਾਸਲ ਕਰਨ ਵਾਲੇ ਯੋਧਿਆਂ 'ਚ ਦੂਜਾ ਨਾਂ ਭਾਈ ਧਰਮ ਸਿੰਘ ਜੀ ਦਾ ਆਉਂਦਾ ਹੈ। ਭਾਈ ਧਰਮ ਸਿੰਘ ਜੀ ਦਾ ਜਨਮ 12 ਅਪ੍ਰੈਲ 1670, ਹਸਤਿਨਾਪੁਰ (ਉੱਤਰ ਪ੍ਰਦੇਸ਼) 'ਚ ਹੋਇਆ। ਭਾਈ ਧਰਮ ਸਿੰਘ ਜੀ 25 ਸਾਲ ਦੀ ਉਮਰ 'ਚ ਗੁਰੂ ਘਰ ਨਾਲ ਜੁੜੇ ਤੇ 4 ਸਾਲ ਤਕ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ। ਇਨ੍ਹਾਂ ਦਾ ਵਿਆਹ ਬੀਬੀ ਸੁਖਵੰਤ ਕੌਰ ਨਾਲ 9 ਮਾਰਚ 1687 ਨੂੰ ਹੋਇਆ ਤੇ ਇਨ੍ਹਾਂ ਦੀਆਂ 4 ਸੰਤਾਨਾਂ ਸਨ। ਗੁਰੂ ਸਾਹਿਬ ਦੀ ਆਵਾਜ਼ 'ਤੇ ਉੱਠਣ ਵਾਲੇ ਇਹ ਦੂਸਰੇ ਸਖਸ਼ ਭਾਈ ਧਰਮ ਸਿੰਘ ਜੀ ਹੀ ਸਨ। ਇਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਾਰੀਆਂ ਵੱਡੀਆਂ ਜੰਗਾਂ 'ਚ ਹਿੱਸਾ ਲਿਆ। ਇਨ੍ਹਾਂ ਦਾ ਅਕਾਲ ਚਲਾਣਾ ਨਾਂਦੇੜ ਵਿਖੇ 14 ਜੂਨ 1711 ਨੂੰ ਹੋਇਆ। ਇਨ੍ਹਾਂ ਦੀ ਯਾਦ 'ਚ 'ਗੁਰਦੁਆਰਾ ਪੰਜ ਪਿਆਰੇ ਭਾਈ ਧਰਮ ਸਿੰਘ ਜੀ ਜਨਮ ਅਸਥਾਨ' ਹਸਤਿਨਾਪੁਰ ਤੋਂ 3 ਕਿ.ਮੀ. ਦੂਰ ਪਿੰਡ ਸੈਫਪੁਰ ਕਰਮ ਚੰਦ ਪੁਰ 'ਚ ਬਣਿਆ ਹੋਇਆ ਹੈ। ਇੱਥੇ ਭਾਈ ਧਰਮ ਸਿੰਘ ਜੀ ਦਾ ਘਰ ਸੀ ਜੋ ਅੱਜ ਵੀ ਮੌਜੂਦ ਹੈ। ਇੱਥੇ ਭਾਈ ਜੀ ਦੇ ਵੰਸ਼ਜ਼ ਵੀ ਰਹਿੰਦੇ ਹਨ। ਉਸ ਘਰ ਦੀਆਂ ਕੰਧਾਂ 5 ਫੁੱਟ ਚੌੜੀਆਂ ਹਨ। ਅੱਜ-ਕੱਲ ਉੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ।

**ਭਾਈ ਹਿੰਮਤ ਸਿੰਘ ਜੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਆਵਾਜ਼ 'ਤੇ ਆਪਣਾ ਸਿਰ ਧਰਮ ਤੇ ਕੌਮ ਲਈ ਪੇਸ਼ ਕਰ ਪੰਜ ਪਿਆਰਿਆਂ ਦਾ ਖਿਤਾਬ ਹਾਸਲ ਕਰਨ ਵਾਲੇ ਯੋਧਿਆਂ 'ਚ ਤੀਜਾ ਨਾਂ ਭਾਈ ਹਿੰਮਤ ਸਿੰਘ ਜੀ ਦਾ ਆਉਂਦਾ ਹੈ। ਭਾਈ ਹਿੰਮਤ ਸਿੰਘ ਜੀ ਦਾ ਜਨਮ 17 ਮਈ 1664 ਪੁਰੀ (ਉਡਿਸ਼ਾ) ਵਿਖੇ ਹੋਇਆ। ਭਾਈ ਹਿੰਮਤ ਸਿੰਘ ਜੀ 14 ਸਾਲ ਦੀ ਉਮਰ 'ਚ ਗੁਰੂ ਘਰ ਨਾਲ ਜੁੜੇ ਤੇ 21 ਸਾਲ ਤਕ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ। ਇਨ੍ਹਾਂ ਦਾ ਵਿਆਹ ਬੀਬੀ ਰਾਮ ਕੌਰ ਜੀ ਨਾਲ 11 ਨਵੰਬਰ 1684 ਨੂੰ ਹੋਇਆ ਤੇ ਇਨ੍ਹਾਂ ਦੀਆਂ 5 ਸੰਤਾਨਾਂ ਸਨ। ਗੁਰੂ ਸਾਹਿਬ ਜੀ ਦੀ ਆਵਾਜ਼ 'ਤੇ ਉੱਠਣ ਵਾਲੇ ਤੀਜੇ ਸਖਸ਼ ਭਾਈ ਹਿੰਮਤ ਸਿੰਘ ਜੀ ਸਨ। ਇਨ੍ਹਾਂ ਨੇ ਗੁਰੂ ਸਾਹਿਬ ਨਾਲ 5 ਵੱਡੀਆਂ ਤੇ ਅਣਗਿਣਤ ਛੋਟੀਆਂ ਜੰਗਾਂ 'ਚ ਹਿੱਸਾ ਲਿਆ ਤੇ ਜਿੱਤ ਹਾਸਲ ਕੀਤੀ। ਭਾਈ ਜੀ 6 ਦਸੰਬਰ 1704 ਨੂੰ ਜੰਗ ਦੇ ਮੈਦਾਨ 'ਚ ਜੂਝਦੇ ਹੋਏ ਸ਼ਹੀਦ ਹੋ ਗਏ। ਇਨ੍ਹਾਂ ਦੀ ਯਾਦ 'ਚ 'ਗੁਰਦੁਆਰਾ ਸ੍ਰੀ ਆਰਤੀ ਸਾਹਿਬ', ਮਰੀਨ ਡ੍ਰਾਈਵ ਰੋਡ, ਪੁਰੀ (ਓਡਿਸ਼ਾ) ਵਿਖੇ ਸਥਿਤ ਹੈ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮਨਾਮਾ ਰੱਖਿਆ ਹੈ ਜੋ ਉਨ੍ਹਾਂ ਨੇ ਭਾਈ ਹਿੰਮਤ ਸਿੰਘ ਜੀ ਨੂੰ ਦਿੱਤਾ ਸੀ। 3 ਮੰਜ਼ਿਲਾ ਇਸ ਗੁਰਦੁਆਰਾ ਸਾਹਿਬ ਵਿਖੇ ਹਰ ਸਾਲ ਵਿਸਾਖੀ ਦਾ ਪਾਵਨ ਤਿਓਹਾਰ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਹਜ਼ਾਰਾਂ ਦੀ ਗਿਣਤੀ 'ਚ ਸੰਗਤਾਂ ਪੁੱਜਦੀਆਂ ਹਨ। ਇਸ ਗੁਰੂ ਘਰ ਦੀ ਬਹੁਤ ਮਾਨਤਾ ਹੈ। ਇਨ੍ਹਾਂ ਦੇ ਵੰਸ਼ਜ਼ ਇੰਗਲੈਂਡ ਤੇ ਕੈਨੇਡਾ 'ਚ ਵਸੇ ਹੋਏ ਹਨ।

**ਭਾਈ ਮੋਹਕਮ ਸਿੰਘ ਜੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਆਵਾਜ਼ 'ਤੇ ਆਪਣਾ ਸਿਰ ਧਰਮ ਤੇ ਕੌਮ ਲਈ ਪੇਸ਼ ਕਰ ਪੰਜ ਪਿਆਰਿਆਂ ਦਾ ਖਿਤਾਬ ਹਾਸਲ ਕਰਨ ਵਾਲੇ ਯੋਧਿਆਂ 'ਚ ਚੌਥਾ ਨਾਂ ਬਾਈ ਮੋਹਕਮ ਸਿੰਘ ਜੀ ਦਾ ਆਉਂਦਾ ਹੈ। ਭਾਈ ਮੋਹਕਮ ਜੀ ਦਾ ਜਨਮ 7 ਮਾਰਚ 1679 ਦਵਾਰਕਾ (ਗੁਜਰਾਤ) ਵਿਖੇ ਹੋਇਆ। ਭਾਈ ਮੋਹਕਮ ਸਿੰਘ ਜੀ 15 ਸਾਲ ਦੀ ਉਮਰ 'ਚ ਗੁਰੂ ਘਰ ਨਾਲ ਜੁੜੇ ਤੇ 5 ਸਾਲ ਤਕ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ। ਇਨ੍ਹਾਂ ਦਾ ਵਿਆਹ ਬੀਬੀ ਸੁਖਦੇਵ ਕੌਰ ਨਾਲ 5 ਨਵੰਬਰ 1697 ਨੂੰ ਹੋਇਆ। ਇਨ੍ਹਾਂ ਦੀਆਂ 3 ਸੰਤਾਨਾਂ ਸਨ। ਗੁਰੂ ਸਾਹਿਬ ਦੀ ਆਵਾਜ਼ 'ਤੇ ਉੱਠਣ ਵਾਲੇ ਚੌਥੇ ਸਖਸ਼ ਭਾਈ ਮੋਹਕਮ ਸਿੰਘ ਜੀ ਹੀ ਸਨ। ਇਨ੍ਹਾਂ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਜੰਗਾਂ 'ਚ ਹਿੱਸਾ ਲਿਆ ਤੇ 6 ਦਸੰਬਰ 1704 ਨੂੰ ਚਮਕੌਰ ਸਾਹਿਬ ਦੀ ਜੰਗ ' ਸ਼ਹੀਦੀ ਪ੍ਰਾਪਤ ਕਰ ਗਏ। ਚੂੜਾਮਣੀ ਕਵੀ ਸੰਤੋਖ ਸਿੰਘ ਇਨ੍ਹਾਂ ਦੇ ਵੰਸ਼ ਵਿਚੋਂ ਹੋਏ ਸਨ। ਉਥੋਂ ਹੀ ਵੰਸ਼ ਅੱਗੇ ਵਧਿਆ ਹੈ। ਇਨ੍ਹਾਂ ਦੀ ਯਾਦ ਵਿਚ 'ਗੁਰਦੁਆਰਾ ਭਾਈ ਮੋਹਕਮ ਸਿੰਘ ਜੀ', ਬੇਟ (ਦਵਾਰਕਾ) 'ਚ ਓਖਾ ਰੇਲਵੇ ਸਟੇਸ਼ਨ ਦੇ ਕੋਲ ਸਥਿਤ ਹੈ। ਬੇਟ ਭਾਈ ਮੋਹਕਮ ਸਿੰਘ ਜੀ ਦਾ ਜਨਮ ਸਥਾਨ ਹੈ। ਗੁਰਦੁਆਰਾ ਸਾਹਿਬ ਦੇ ਪਿਛੇ ਉਨ੍ਹਾਂ ਦਾ ਘਰ ਅਜੇ ਵੀ ਹੈ। ਘਰ ਅਤੇ ਗੁਰਦੁਆਰਾ ਸਾਹਿਬ ਦੇ ਕੋਲ ਸੰਖ ਤਲਾਬ ਨਾਂ ਦਾ ਇਕ ਸਰੋਵਰ ਵੀ ਹੈ। ਇਸ ਪੂਰੀ ਜਗ੍ਹਾ ਨੂੰ 'ਸ੍ਰੀ ਗੁਰੂ ਨਾਨਕ ਸਾਹਿਬ ਦੀ ਖੂਹੀ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਥੇ ਇਕ ਮਿੱਠੇ ਪਾਣੀ ਦਾ ਖੂਹ ਹੈ।

**ਭਾਈ ਸਾਹਿਬ ਸਿੰਘ ਜੀ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਆਵਾਜ਼ 'ਤੇ ਆਪਣਾ ਸਿਰ ਧਰਮ ਤੇ ਕੌਮ ਲਈ ਪੇਸ਼ ਕਰ ਪੰਜ ਪਿਆਰਿਆਂ ਦਾ ਖਿਤਾਬ ਹਾਸਲ ਕਰਨ ਵਾਲੇ ਯੋਧਿਆਂ 'ਚ ਪੰਜਵਾਂ ਨਾਂ ਭਾਈ ਸਾਹਿਬ ਸਿੰਘ ਜੀ ਦਾ ਹੈ। ਭਾਈ ਸਾਹਿਬ ਸਿੰਘ ਜੀ ਦਾ ਜਨਮ 3 ਨਵੰਬਰ 1675 ਬਿਦਰ, ਕਰਨਾਟਕਾ ਵਿਖੇ ਹੋਇਆ। ਉਹ 11 ਸਾਲ ਦੀ ਉਮਰ 'ਚ ਗੁਰੂ ਘਰ ਨਾਲ ਜੁੜੇ ਅਤੇ 13 ਸਾਲ ਤੱਕ ਗੁਰਮਤਿ ਦੀ ਵਿੱਦਿਆ ਹਾਸਿਲ ਕੀਤੀ। ਇਨ੍ਹਾਂ ਦਾ ਵਿਆਹ ਬੀਬੀ ਨਿਰੰਜਨ ਕੌਰ ਨਾਲ 9 ਫਰਵਰੀ 1693 ਨੂੰ ਹੋਇਆ ਅਤੇ ਇਨ੍ਹਾਂ ਦੀਆਂ 3 ਸੰਤਾਨਾਂ ਸਨ। ਗੁਰੂ ਸਾਹਿਬ ਦੀ ਆਵਾਜ਼ 'ਤੇ ਉਠਣ ਵਾਲੇ ਪੰਜਵੇਂ ਸ਼ਖਸ ਭਾਈ ਸਾਹਿਬ ਸਿੰਘ ਜੀ ਹੀ ਸਨ। ਇਨ੍ਹਾਂ ਨੇ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਲਗਭਗ ਸਾਰੀਆਂ ਜੰਗਾਂ ਲੜੀਆਂ ਅਤੇ 6 ਦਸੰਬਰ 1704 ਨੂੰ ਚਮਕੌਰ ਸਾਹਿਬ ਦੀ ਜੰਗ 'ਚ ਸ਼ਹੀਦ ਹੋ ਗਏ। ਇਨ੍ਹਾਂ ਦੇ ਵੰਸ਼ ਬਾਰੇ ਪੁਖਤਾ ਜਾਣਕਾਰੀ ਨਹੀਂ ਹੈ। ਇਨ੍ਹਾਂ ਦੀ ਯਾਦ ਵਿਚ 'ਗੁਰਦੁਆਰਾ ਭਾਈ ਸਾਹਿਬ ਸਿੰਘ ਜੀ ਪੰਜ ਪਿਆਰੇ' ਬਿਦਰ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਜਨਵਾੜਾ ਰੋਡ 'ਤੇ ਸੁਸ਼ੋਭਿਤ ਹੈ। ਇਸ ਜਗ੍ਹਾ 'ਤੇ ਭਾਈ ਸਾਹਿਬ ਜੀ ਨਾਲ ਸਬੰਧਤ ਕਈ ਸ਼ਾਸਤਰ ਅਤੇ ਹੋਰ ਸਮੱਗਰੀ ਨਹੀਂ।

-0-

# ਗੁਰਸਿੱਖ ਨਵੀਂ ਪੀੜ੍ਹੀ ਲਈ ਵਿਆਹ ਬਾਰੇ ਕੁਝ ਸੁਝਾਅ

**–ਚਰਨਜੀਤ ਸਿੰਘ # 9464748116**

**ਵਿਆਹ ਦਾ ਮੁੱਖ ਮਕਸਦ ਇਹ ਹੈ ਕਿ ਦੋ ਮਨੁੱਖ ਜੀਵਨ ਭਰ ਲਈ ਇਕੱਠੇ ਹੋ ਕੇ ਇੱਕ ਦੂਜੇ ਦਾ ਸਾਥ ਨਿਭਾਉਣ। ਦੁੱਖ-ਸੁੱਖ ਵਿੱਚ ਇਕ ਦੂਜੇ ਦੀ ਮਦਦ ਕਰਨ ਅਤੇ ਸਹਿਯੋਗ ਦੇਣ ਦੀ ਇਹ ਇਕ ਅਦੁੱਤੀ ਪ੍ਰਕਿਰਿਆ ਹੈ। ਵਿਆਹ ਇੱਕ ਭਾਈਵਾਲੀ ਹੈ ਜਿਸ ਵਿੱਚ ਦੋ ਜੀਵਨ ਸਾਥੀ ਇਕੱਠੇ ਰਹਿ ਕੇ ਜੀਵਨ ਬਤੀਤ ਕਰਦੇ ਹਨ। ਲਾਵਾਂ ਤੋਂ ਲੈ ਕੇ ਅੰਤ ਤੱਕ, ਸਾਥ ਦੇਣਾ ਹੀ ਅਸਲ ਵਿਆਹ ਹੈ।**

ਸਿੱਖ ਧਰਮ ਵਿੱਚ ਵਿਆਹ ਇਕ ਬਹੁਤ ਹੀ ਪਵਿੱਤਰ ਬੰਧਨ ਹੈ। ਤਲਾਕ ਬਾਰੇ ਪਹਿਲਾਂ ਕੋਈ ਸੋਚਦਾ ਵੀ ਨਹੀਂ ਸੀ। ਅੱਜਕੱਲ੍ਹ ਸੋਸ਼ਲ ਮੀਡੀਆ ਅਤੇ ਪੱਛਮੀ ਸਭਿਅਤਾ ਦੀ ਚਕਾਚੌਂਧ ਕਰਕੇ ਸਾਡੀ ਨਵੀਂ ਪੀੜ੍ਹੀ ਕਾਫੀ ਭਟਕ ਚੁੱਕੀ ਹੈ। ਲਿਵ-ਇਨ ਰਿਲੇਸ਼ਨ ਅਤੇ ਕਈ ਸਾਥੀਆਂ ਨਾਲ ਸਬੰਧ ਬਣਾਉਣ ਕਰਕੇ ਅੱਜਕੱਲ੍ਹ ਦੀ ਪੀੜ੍ਹੀ ਵਿਆਹ ਬੰਧਨ ਵਿੱਚ ਘੁੱਟਣ ਮਹਿਸੂਸ ਕਰ ਰਹੀ ਹੈ।

ਥੋੜ੍ਹੇ ਦਿਨ ਪਹਿਲਾਂ ਮੈਂ ਸ. ਸਰਬਜੀਤ ਸਿੰਘ ਧੂੰਦਾ ਜੀ ਕੋਲੋਂ ਬਚਨ ਸੁਣਿਆ ਸੀ। ਇੱਕ ਵਾਰੀ ਇਕ ਵੱਡੇ ਜੱਜ ਨੇ ਭਾਈ ਸਾਹਿਬ ਨੂੰ ਕਿਹਾ ਕਿ, "ਆਪ ਜੀ ਕਥਾ ਤਾਂ ਬਹੁਤ ਵਧੀਆ ਕਰਦੇ ਹੋ, ਪਰ ਇਹ ਸਮਝ ਨਹੀਂ ਆਉਂਦੀ ਕਿ ਅੱਜ ਕੱਲ੍ਹ ਅਦਾਲਤ ਵਿੱਚ 'ਸਿੰਘ' ਤੇ 'ਕੌਰ' ਵਾਲੇ ਮੁਕਦਮੇ ਕਿਉਂ ਵੱਧ ਰਹੇ ਹਨ?" ਇਹ ਇੱਕ ਗੰਭੀਰ ਮਸਲਾ ਹੈ ਜਿਸ ਬਾਰੇ ਸਾਨੂੰ ਆਤਮ ਪੜਚੋਲ ਕਰਨ ਦੀ ਲੋੜ ਹੈ।

ਸਾਡੀ ਮਨਸਾ ਵਾਚਣਾ ਅਤੇ ਕਰਮਣਾ ਵਿੱਚ ਇੱਕ ਸੁਰਤਾ ਨਹੀਂ ਰਹੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਿਆਹ ਬਾਰੇ ਕਈ ਪਵਿੱਤਰ ਤੁਕਾਂ ਦਰਜ ਹਨ। ਗੁਰੂ ਨਾਨਕ ਸਾਹਿਬ ਜੀ ਉਚਾਰਨ ਕਰਦੇ ਹਨ:

**ਖੇਲੁ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ॥**
**ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ॥**
**ਹਮਰੈ ਘਰਿ ਆਇਆ ਜਗਜੀਵਨੁ ਭਤਾਰੁ॥** (351)

ਇਹਨਾਂ ਬਚਨਾਂ ਰਾਹੀਂ ਸਤਿਗੁਰੂ ਜੀ ਜਿੱਥੇ ਵਿਆਹ ਦੀ ਖੁਸ਼ੀ ਦਰਸਾਉਂਦੇ ਹਨ, ਉੱਥੇ "ਸਹੇਲਿਓ ਵਿਚਾਰ ਅਤੇ ਵਿਵੇਕ ਵਾਲੇ ਗੀਤ ਗਾਓ" ਜਿਹਾ ਉਪਦੇਸ਼ ਵੀ ਦਿੰਦੇ ਹਨ। ਦੋ ਜੀਵਨ ਸਾਥੀਆਂ ਨੂੰ ਇਹ ਗੱਲ ਪੱਕੀ ਕਰਨੀ ਚਾਹੀਦੀ ਹੈ ਕਿ ਕੋਈ ਵੀ ਵਿਅਕਤੀ ਸੰਪੂਰਨ ਨਹੀਂ ਹੁੰਦਾ। ਇਸ ਕਰਕੇ ਦੋਨਾਂ ਦੇ ਵਿਚਾਰ, ਆਦਤਾਂ, ਅਤੇ ਸੁਭਾਅ ਕਦੇ ਵੀ ਬਰਾਬਰ ਨਹੀਂ ਹੋ ਸਕਦੇ।

ਜੇਕਰ ਇੱਕ ਪੱਖ ਨਾਰਾਜ਼ ਹੋ ਜਾਏ ਤਾਂ ਦੂਜੇ ਪਾਸੇ ਨੂੰ ਮਾਫੀ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਗੁਰੂ ਜੀ ਲਿਖਦੇ ਹਨ:

**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥** (359)

ਖਿਮਾ ਕਰਨ ਨਾਲ ਹੀ ਪਤੀ-ਪਤਨੀ ਆਪਸੀ ਪਿਆਰ ਨਾਲ ਜੀ ਸਕਦੇ ਹਨ। ਇਕ ਗੱਲ ਸਦਾ ਲਈ ਆਪਣੇ ਮਨ ਵਿੱਚ ਵਸਾ ਲਵੋ—ਵਿਆਹ ਪ੍ਰੇਮ ਲਈ ਨਹੀਂ, ਸਿਰਫ ਸੰਭੋਗ ਲਈ ਨਹੀਂ, ਨਾ ਹੀ ਸਿਰਫ ਬੱਚੇ ਪੈਦਾ ਕਰਨ ਲਈ ਹੁੰਦਾ ਹੈ। ਭਾਵੇਂ ਵਿਆਹ ਵਿੱਚ ਪ੍ਰੇਮ ਵੀ ਹੁੰਦਾ ਹੈ, ਸੰਭੋਗ ਵੀ ਅਤੇ ਬੱਚੇ ਵੀ ਪੈਦਾ ਕੀਤੇ ਜਾਂਦੇ ਹਨ, ਪਰ ਇਹ ਸਭ ਵਿਆਹ ਦਾ ਮੁੱਖ ਉਦੇਸ਼ ਨਹੀਂ।

ਵਿਆਹ ਦਾ ਮੁੱਖ ਮਕਸਦ ਇਹ ਹੈ ਕਿ ਦੋ ਮਨੁੱਖ ਜੀਵਨ ਭਰ ਲਈ ਇਕੱਠੇ ਹੋ ਕੇ ਇੱਕ ਦੂਜੇ ਦਾ ਸਾਥ ਨਿਭਾਉਣ। ਦੁੱਖ-ਸੁੱਖ ਵਿੱਚ ਇਕ ਦੂਜੇ ਦੀ ਮਦਦ ਕਰਨ ਅਤੇ ਸਹਿਯੋਗ ਦੇਣ ਦੀ ਇਹ ਇਕ ਅਦੁੱਤੀ ਪ੍ਰਕਿਰਿਆ ਹੈ। ਵਿਆਹ ਇੱਕ ਭਾਈਵਾਲੀ ਹੈ ਜਿਸ ਵਿੱਚ ਦੋ ਜੀਵਨ ਸਾਥੀ ਇਕੱਠੇ ਰਹਿ ਕੇ ਜੀਵਨ ਬਤੀਤ ਕਰਦੇ ਹਨ। ਲਾਵਾਂ ਤੋਂ ਲੈ ਕੇ ਅੰਤ ਤੱਕ, ਸਾਥ ਦੇਣਾ ਹੀ ਅਸਲ ਵਿਆਹ ਹੈ।

ਇਸਤਰੀ ਨੂੰ ਕਦੇ ਵੀ ਆਪਣੇ ਤੋਂ ਨੀਵਾਂ, ਨੌਕਰਾਣੀ ਜਾਂ ਪੈਰ ਦੀ ਜੁੱਤੀ ਨਹੀਂ ਸਮਝਣਾ ਚਾਹੀਦਾ। ਦੋਹਾਂ ਪੱਖਾਂ ਨੂੰ ਇਕ ਦੂਜੇ ਦੇ ਮਾਤਾ-ਪਿਤਾ ਦਾ ਆਦਰ ਕਰਨਾ ਚਾਹੀਦਾ ਹੈ। ਵਿਆਹ ਕਰਵਾਉਂਦੇ ਸਮੇਂ ਜੋੜੇ ਨੂੰ ਇਹ ਸਿੱਖਾਇਆ ਜਾਣਾ ਚਾਹੀਦਾ ਹੈ ਕਿ ਜੀਵਨ ਇਕ ਸਮਝੌਤਾ ਹੈ — ਜਿਸ ਵਿੱਚ ਆਪਣੀਆਂ ਸਾਰੀਆਂ ਗੱਲਾਂ ਮਨਵਾਈਆਂ ਨਹੀਂ ਜਾ ਸਕਦੀਆਂ। ਸਹਿਮਤੀ ਅਤੇ ਸੰਜੋਗ ਨਾਲ ਜੀਵਨ ਜਿਉਣਾ ਸਿੱਖਣਾ ਪੈਂਦਾ ਹੈ। ਗੁਰੂ ਜੀ ਲਿਖਦੇ ਹਨ:

**ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥** (788)

ਇਸਦਾ ਅਰਥ ਇਹ ਹੈ ਕਿ ਸਿਰਫ ਇਕੱਠੇ ਰਹਿਣ ਨਾਲ ਹੀ ਪਤੀ-ਪਤਨੀ ਨਹੀਂ ਬਣ ਜਾਂਦੇ ਹਨ। ਅਸਲ ਵਿਆਹ ਉਹ ਹੈ ਜਿੱਥੇ ਦੋ ਸਰੀਰਾਂ ਵਿੱਚ ਇੱਕ ਜੋਤ ਵਸਦੀ ਹੋਵੇ।



ਅੱਜ ਕਲ੍ਹ ਦੇ ਵਿਆਹਾਂ ਵਿੱਚ ਵੀ ਅਸੀਂ ਦੇਖਦੇ ਹਾਂ ਕਿ ਲਾਵਾਂ/ਫੇਰਿਆਂ ਵਿੱਚ ਸਿਰਫ 10% ਮਹਿਮਾਨ ਹੀ ਸ਼ਾਮਲ ਹੁੰਦੇ ਹਨ—ਜਦਕਿ ਰੈਸਪਸ਼ਨ ਜਾਂ ਦੌਲਤ ਦੀ ਨੁਮਾਇਸ਼ ਵਾਲੇ ਸਮਾਗਮਾਂ ਵਿੱਚ ਭੀੜ ਲੱਗੀ ਹੁੰਦੀ ਹੈ। ਇਹ ਦਰਸਾਉਂਦਾ ਹੈ ਕਿ ਅਸੀਂ ਗੁਰੂ ਦੀ ਹਾਜ਼ਰੀ ਦੀ ਕਦਰ ਘਟਾ ਬੈਠੇ ਹਾਂ। ਅੱਜ ਕਲ੍ਹ ਕਈਆਂ ਨੇ ਤਾਂ ਵਿਆਹ ਨੂੰ ਵੀ ਵਪਾਰ ਬਣਾ ਲਿਆ ਹੈ। ਬਾਹਰਲੇ ਦੇਸ਼ਾਂ ਵਿੱਚ ਜਾਣ ਅਤੇ ਪੱਕੇ ਹੋਣ ਵਾਸਤੇ ਸੌਦੇਬਾਜੀ ਕਰਕੇ ਜਾਂ ਕਹੁ ਝੂਠੇ ਵਿਆਹ ਕਰਵਾਏ ਜਾਂਦੇ ਹਨ ਅਤੇ ਲੜਕੀ ਵਾਲੇ ਕੋਈ ਨਾ ਕੋਈ ਬਹਾਨਾ ਲਗਾ ਕੇ ਵਿਆਹ ਤੋੜਨ ਲੱਗੇ ਸਮਾਂ ਨਹੀਂ ਲਾਉਂਦੇ। ਪਹਿਲਾਂ ਲਈ ਰਕਮ ਹਜਮ ਕਰ ਜਾਂਦੇ ਹਨ ਅਤੇ ਦੂਸਰੇ ਤਲਾਕ ਲੈਣ ਲਈ ਲੜਕੇ ਵਾਲੇ ਤੋਂ ਮੋਟੀ ਰਕਮ ਪ੍ਰਾਪਤ ਕਰਦੇ ਹਨ। ਇਹ ਵਰਤਾਰਾ ਮਨੁੱਖ ਜਾਤੀ ਲਈ ਬਹੁਤ ਹੀ ਸ਼ਰਮਨਾਕ ਤੇ ਬੇਹੂਦਾ ਹੈ।

ਵਿਆਹੁਤਾ ਜੀਵਨ ਖੁਸ਼ੀ ਅਤੇ ਸੁੱਖ ਨਾਲ ਬਤੀਤ ਕਰਨ ਲਈ ਘਰ-ਘਰ 'ਸਹਿਜ ਪਾਠ' ਦੀ ਰੀਤ ਸ਼ੁਰੂ ਕਰਨੀ ਚਾਹੀਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਮਝ ਕੇ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ ਤਾਂ ਜੋ ਅਸੀਂ ਗੁਰੂ ਦੇ ਆਦੇਸ਼ ਅਨੁਸਾਰ ਆਪਣਾ ਜੀਵਨ ਗੁਜ਼ਾਰ ਸਕੀਏ। -0-

# ਕਿਉਂ ਖਾਲੀ ਹੋ ਰਿਹਾ ਪੰਜਾਬ?




**ਡਾ. ਗੁਰਨਾਮ ਸਿੰਘ 88472-82812**

ਆਧੁਨਿਕ ਸਮਾਜਿਕ, ਆਰਥਿਕ ਅਤੇ ਵਿਦਿਅਕ ਵਿਵਸਥਾ, ਜਿਸ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੈ, ਉਹ ਮੰਡੀ ਦੀ ਵਸਤ ਅਤੇ ਅਤ੍ਰਿਪਤੀ ਦੀ ਅੱਗ ਵਿੱਚ ਝੁਲਸਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਸਮਾਜਿਕ ਜੀਵਨ ਦਾ ਮਿਆਰ: ਸਬਰ-ਸੰਤੋਖ ਅਤੇ ਆਪਸੀ ਪਿਆਰ ਮਿਲਵਰਤਣ ਨਾ ਹੋ ਕੇ ਪਦਾਰਥਕ ਬਹੁਤਾਤ ਉੱਪਰ ਨਿਰਭਰ ਹੈ। ਸ਼ਾਇਦ ਇਹੀ ਕਾਰਨ ਹੈ ਕਿ ਬਚਪਨ ਤੋਂ ਹੀ ਬੱਚੇ ਨੂੰ ਮੰਡੀ ਲਈ ਤਿਆਰ ਕੀਤਾ ਜਾਣ ਲੱਗ ਪਿਆ ਹੈ। ਆਧੁਨਿਕ ਵਿਦਿਅਕ ਢਾਂਚਾ ਵੀ ਕਿਸੇ ਨੈਤਿਕ ਦ੍ਰਿਸ਼ਟੀਕੋਣ ਦੀ ਸਿਰਜਣਾ ਕਰਨ ਦੀ ਬਜਾਏ, ਵਿੱਦਿਆ ਦੇ ਵਪਾਰੀਕਰਨ ਵਾਲੇ ਪਾਸੇ ਵਧੇਰੇ ਰੁਚਿਤ ਹੈ।

ਵਿੱਦਿਅਕ ਅਦਾਰਿਆਂ ਦਾ ਨਿੱਜੀਕਰਨ ਹੋਣ ਕਰਕੇ, ਜਿੱਥੇ ਸਕੂਲਾਂ ਦੀਆਂ ਫੀਸਾਂ ਵਿੱਚ ਵੱਡੀ ਮਾਤਰਾ 'ਚ ਵਾਧਾ ਹੋਇਆ ਹੈ, ਉੱਥੇ ਹੀ ਵਿੱਦਿਆ ਦਾ ਮਿਆਰ ਵੀ ਪਹਿਲਾਂ ਨਾਲੋਂ ਨਿਰੰਤਰ ਹੇਠਾਂ ਡਿੱਗਦਾ ਜਾ ਰਿਹਾ ਹੈ। ਵਿੱਦਿਆ ਸਿੱਖਣ ਜਾਂ ਸਿਖਾਉਣ ਦਾ ਮੰਤਵ ਚੰਗੀ ਨੈਤਿਕ ਸਿੱਖਿਆ ਜਾਂ ਚੰਗੇ ਕਿਰਦਾਰ ਪੈਦਾ ਕਰਨਾ ਨਹੀਂ ਹੈ, ਬਲਕਿ ਬੱਚਿਆਂ ਨੂੰ ਆਪਣੀਆਂ ਖਾਹਿਸ਼ਾਂ ਮਗਰ ਭੱਜਣ ਅਤੇ ਮੰਡੀ ਦੀ ਵਸਤੂ ਬਣਨ ਲਈ ਪ੍ਰੇਰਿਤ ਕਰਨਾ ਹੈ। ਇਸ ਦੇ ਬਹੁਤ ਸਾਰੇ ਨਕਾਰਾਤਮਕ ਨਤੀਜੇ ਅੱਜ ਸਾਡੇ ਸਾਹਮਣੇ ਪ੍ਰਤੱਖ ਹਨ। ਬੱਚੇ ਨੇਕ ਇਨਸਾਨ ਬਣ ਕੇ ਦੇਸ਼ ਦੀ ਸੇਵਾ ਕਰਨ ਲਈ ਵਿੱਦਿਆ ਪ੍ਰਾਪਤ ਨਹੀਂ ਕਰਦੇ ਬਲਕਿ ਜ਼ਮਾਨੇ ਦੇ ਦੌਰ ਅਨੁਸਾਰ ਆਪਣਾ ਵਿਸ਼ਾ ਜਾਂ ਫੀਲਡ ਚੁਣਦੇ ਹਨ ਕਿ ਸਮਾਜ ਵਿੱਚ ਡਾਕਟਰ ਦੀ ਜ਼ਿਆਦਾ ਮੰਗ ਹੈ ਜਾਂ ਇੰਜੀਨੀਅਰ ਦੀ। ਇਹ ਮੰਗ ਅੱਜ ਬਹੁਤ ਸਾਰੇ ਪੜ੍ਹੇ-ਲਿਖੇ ਡਾਕਟਰ, ਇੰਜੀਨੀਅਰ, ਅਫ਼ਸਰ ਅਤੇ ਲੀਡਰ ਤਾਂ ਪੈਦਾ ਕਰ ਰਹੀ ਹੈ, ਪਰ ਇਨ੍ਹਾਂ ਵਿੱਚ ਇਨਸਾਨੀਅਤ ਦੀ ਘਾਟ ਹੈ। ਅਜਿਹੀ ਮਨੁੱਖੀ ਭਾਵਨਾ ਦੂਜਿਆਂ ਲਈ ਸੁਹਿਰਦਤਾ ਅਤੇ ਸਦਭਾਵਨਾ ਨਾਲ ਕਿਵੇਂ ਵਿਚਰ ਸਕਦੀ ਹੈ, ਜਦਕਿ ਸਕੂਲ ਤੋਂ ਹੀ ਬੱਚਿਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਤੇਰਾ ਸਾਥੀ ਹੀ ਤੇਰਾ ਵਿਰੋਧੀ ਹੈ।

ਸਾਡੇ ਮਨਾਂ ਵਿੱਚ ਤਾਂ ਦੂਜਿਆਂ ਲਈ ਈਰਖਾ ਭਰੀ ਜਾਂਦੀ ਹੈ, ਸਾਨੂੰ ਖੋਹਣਾ ਸਿਖਾਇਆ ਜਾਂਦਾ ਹੈ, ਦੇਣਾ ਤਾਂ ਅਸੀਂ ਕਦੇ ਸਿੱਖੇ ਹੀ ਨਹੀਂ। ਬੱਚਿਆਂ ਵਿੱਚੋਂ ਸਬਰ-ਸੰਤੋਖ, ਵੱਡਿਆਂ ਦਾ ਸਤਿਕਾਰ ਸਭ ਕੁਝ ਵਿਸਰਦਾ ਜਾ ਰਿਹੈ। ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਦੇ ਰੁਝਾਨ ਨੇ ਪਰਿਵਾਰਾਂ ਵਿੱਚ ਇਸ ਕਦਰ ਦੂਰੀਆਂ ਪੈਦਾ ਕੀਤੀਆਂ ਹਨ ਕਿ ਸਰੀਰਕ ਪੱਧਰ 'ਤੇ ਇੱਕ ਬਿਸਤਰ ਉੱਤੇ ਬੈਠੇ ਹੋਣ ਦੇ ਬਾਵਜੂਦ ਵੀ ਮਾਨਸਿਕ ਤੌਰ 'ਤੇ ਇੱਕ ਦੂਜੇ ਤੋਂ ਕੋਹਾਂ ਦੂਰ ਹੁੰਦੇ ਹਾਂ। ਸਾਨੂੰ ਸਿਖਾਇਆ ਜਾ ਰਿਹੈ ਕਿ ਸੁਖੀ ਜੀਵਨ ਦੀ ਕਾਮਨਾ ਪਦਾਰਥਕ ਸੱਤਾ ਦੁਆਰਾ ਹੀ ਸੰਭਵ ਹੋ ਸਕਦੀ ਹੈ ਅਤੇ ਇਸ ਨੇ ਬੱਚਿਆਂ ਤੋਂ ਉਨ੍ਹਾਂ ਦੀ ਮੌਲਿਕਤਾ ਖੋਹ ਲਈ ਹੈ।

ਮੌਜੂਦਾ ਸਿੱਖਿਆ ਪ੍ਰਣਾਲੀ ਵਿੱਚ ਜਿੱਥੇ ਨੰਬਰ ਜਾਂ ਗ੍ਰੇਡ ਹੀ ਸਭ ਕੁਝ ਨੇ, ਇੱਥੇ ਕਿਤਾਬਾਂ ਵਿੱਚ ਲਿਖੇ ਅੱਖਰ ਹੀ ਮਿਆਰ ਨੇ, ਜਿਨ੍ਹਾਂ ਨੇ ਸਾਡੀ ਆਜ਼ਾਦ ਸੋਚ ਉੱਪਰ ਵੀ ਪ੍ਰਸ਼ਨ ਚਿੰਨ੍ਹ ਲਗਾ ਦਿੱਤੇ ਹਨ। ਛੋਟੀਆਂ ਉਮਰਾਂ ਵਿੱਚ ਹੀ ਕਿਤਾਬਾਂ ਦੇ ਬੋਝ ਨੇ ਬੱਚਿਆਂ ਤੋਂ ਬਚਪਨ ਖੋਹ ਲਿਆ ਹੈ। ਵਿੱਦਿਅਕ ਅਦਾਰਿਆਂ ਨੇ ਖੂਬ ਫੀਸਾਂ ਲੈ ਕੇ ਬੱਚਿਆਂ ਨੂੰ ਕੋਰਸ ਕਰਵਾਏ, ਪਰ ਜਦੋਂ ਨੌਕਰੀ ਦੇਣ ਦੀ ਵਾਰੀ ਆਈ...? ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹੈ ਕਿ ਪੀਐੱਚ.ਡੀ ਕਰਕੇ ਵੀ ਨੌਜੁਆਨ ਮੁੰਡੇ-ਕੁੜੀਆਂ 12-15 ਹਜ਼ਾਰ ਦੀ ਨੌਕਰੀ ਲਈ ਤਰਲੇ ਕੱਢਦੇ ਫਿਰਦੇ ਹਨ। ਜ਼ਿੰਦਗੀ ਦੇ 30-32 ਸਾਲ ਗਾਲ ਕੇ ਵੀ ਜਦੋਂ ਨੌਕਰੀ ਨਹੀਂ ਮਿਲਦੀ ਤਾਂ ਉੱਚ-ਵਿੱਦਿਅਕ ਸੰਸਥਾਵਾਂ ਅਤੇ ਉੱਚ ਵਿੱਦਿਆ ਗ੍ਰਹਿਣ ਕਰਨ ਵਾਲਿਆਂ ਦੀ ਬੇਵਸੀ ਤੇ ਮਜਬੂਰੀ ਪ੍ਰਗਟ ਹੋ ਜਾਂਦੀ ਹੈ। ਵਰਤਮਾਨ ਵਿੱਚ ਤਾਂ ਭ੍ਰਿਸ਼ਟਾਚਾਰ ਇਸ ਕਦਰ ਫੈਲਿਆ ਹੋਇਆ ਹੈ ਕਿ ਲਿਆਕਤ ਦੀ ਤਾਂ ਕੋਈ ਥਾਂ ਹੀ ਨਹੀਂ ਬਚੀ। ਸਿਫਾਰਿਸ਼ ਹੋਣੀ ਬਹੁਤ ਜ਼ਰੂਰੀ ਹੈ, ਬਿਨਾਂ ਸਿਫਾਰਿਸ਼ ਇੱਥੇ ਕੋਈ ਕਿਸੇ ਨੂੰ ਨਹੀਂ ਪੁੱਛਦਾ।

ਇੱਕ ਪੋਸਟ ਨਿਕਲਦੀ ਹੈ ਤਾਂ ਸੈਂਕੜੇ ਲੋਕ ਆਪਣੀ ਕਿਸਮਤ ਅਜ਼ਮਾਉਣ ਤੁਰ ਪੈਂਦੇ ਹਨ, ਪਰ ਨੌਕਰੀ ਜਾਂ ਤਾਂ ਕਿਸੇ ਅਫ਼ਸਰ ਦੇ ਬੱਚੇ ਜਾਂ ਪਰਿਵਾਰ ਦੇ ਮੈਂਬਰ ਨੂੰ ਮਿਲਦੀ ਹੈ। ਇਹ ਭ੍ਰਿਸ਼ਟਾਚਾਰ ਸਿਸਟਮ ਵਿੱਚ ਨਹੀਂ ਬਲਕਿ ਖ਼ੂਨ ਵਿੱਚ ਹੈ। ਸਾਡਾ ਸਿਸਟਮ ਸਾਨੂੰ ਭ੍ਰਿਸ਼ਟ ਨਹੀਂ ਕਰਦਾ, ਭ੍ਰਿਸ਼ਟ ਉਹ ਸੋਚ ਕਰਦੀ ਹੈ ਜੋ ਸਾਨੂੰ ਵਿੱਦਿਅਕ ਸੰਸਥਾਵਾਂ ਵੱਲੋਂ ਦਿੱਤੀ ਜਾਂਦੀ ਹੈ। ਕਰੋੜਾਂ ਰੁਪਈਆ ਖ਼ਰਚ ਕਰਕੇ ਜਦੋਂ ਕੋਈ ਡਾਕਟਰ ਬਣਦੈ ਤਾਂ ਉਹ ਸਮਾਜ ਵਿੱਚ ਸੇਵਾ ਕਰਨ ਲਈ ਨਹੀਂ ਆਉਂਦਾ। ਸਭ ਤੋਂ ਪਹਿਲਾਂ ਤਾਂ ਉਹ ਆਪਣੀ ਰਕਮ ਪੂਰੀ ਕਰਦਾ ਹੈ ਜੋ ਉਸ ਨੇ ਪੜ੍ਹਾਈ 'ਤੇ ਖਰਚ ਕੀਤੀ ਸੀ। ਇਹ ਹਾਲ ਸਿਰਫ਼ ਡਾਕਟਰ ਦਾ ਨਹੀਂ, ਹਰ ਕਿੱਤੇ ਦੇ ਲੋਕਾਂ ਦਾ ਹੈ ਕਿਉਂਕਿ ਲੋਕਾਂ ਦੀਆਂ ਨਿੱਜੀ ਲੋੜਾਂ ਵੀ ਪੂਰੀਆ ਨਹੀਂ ਹੋ ਰਹੀਆਂ। ਸਰਕਾਰੀ ਸਕੂਲਾਂ ਦੇ ਬਾਹਰ ਲਿਖਿਆ ਪੜ੍ਹਦੇ ਸਾਂ, 'ਸਿੱਖਣ ਲਈ ਆਓ, ਸੇਵਾ ਲਈ ਜਾਓ, 'ਵਿਦਿਆ ਮਨੁੱਖ ਦੀ ਤੀਜੀ ਅੱਖ ਹੈ' ਅਤੇ 'ਵਿੱਦਿਆ ਵੀਚਾਰੀ ਤਾਂ ਪਰਉਪਕਾਰੀ', ਪਰ ਅਫ਼ਸੋਸ ਕਿ ਅੱਜ ਵਿੱਦਿਆ ਵੀ ਕੇਵਲ ਇੱਕ ਧੰਦਾ ਹੈ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ 'ਆਸ਼ਕੀ' ਦੇ ਅੱਡੇ ਬਣਦੇ ਜਾ ਰਹੇ ਹਨ, ਜਿੱਥੋਂ ਅਸੀਂ ਚੰਗੇ ਕਿਰਦਾਰ ਪੈਦਾ ਕਰਨੇ ਸਨ। ਅਧਿਆਪਕਾਂ ਅਤੇ ਪ੍ਰੋਫੈਸਰਾਂ ਦੇ ਮਿਆਰ ਡਿੱਗਦੇ ਨਜ਼ਰ ਆ ਰਹੇ ਹਨ, ਜਿਨ੍ਹਾਂ ਨੇ ਸਾਨੂੰ ਸਿੱਖਿਅਤ ਕਰਨਾ ਸੀ।

ਬੇਰੁਜ਼ਗਾਰੀ ਇਸ ਕਦਰ ਵਧੀ ਹੈ ਕਿ ਵੱਧ-ਪੜ੍ਹੇ ਲਿਖੇ ਲੋਕ ਹੀ ਸਭ ਤੋਂ ਵੱਧ ਬੇਰੁਜ਼ਗਾਰ ਨੇ, ਘੱਟ ਪੜ੍ਹੇ ਲਿਖੇ ਕੀ ਕਰਨ? ਉਨ੍ਹਾਂ ਨੇ ਦੇਸ਼ ਛੱਡਣਾ ਹੀ ਪ੍ਰਵਾਨ ਕਰ ਲਿਆ। ਅੱਜ ਪੰਜਾਬ ਦੀ ਹਾਲਤ ਇਹ ਹੋਈ ਪਈ ਹੈ ਕਿ ਦਸਵੀਂ ਕਰਨ ਤੋਂ ਬਾਅਦ ਹਰ ਕੋਈ ਆਇਲਟਸ ਕਰਕੇ ਇੱਥੋਂ ਨਿਕਲ ਜਾਣਾ ਚਾਹੁੰਦੈ। ਸਭ ਤੋਂ ਵੱਡਾ ਸਵਾਲ ਤਾਂ ਇਹ ਹੈ ਬਈ ਇੱਥੇ ਕਰਨ ਕੀ? ਕਈ ਨਿੱਜੀ ਸਕੂਲਾਂ ਅਤੇ ਕਾਲਜਾਂ ਵਿੱਚ ਅਧਿਆਪਕਾਂ ਦੇ ਖਾਤਿਆਂ ਵਿੱਚ ਪਾਈ ਜਾਂਦੀ ਤਨਖਾਹ ਵਿੱਚ ਵੀ ਘਾਲਾ-ਮਾਲਾ ਕੀਤਾ ਜਾਂਦਾ ਹੈ। ਉਹ ਅਧਿਆਪਕ ਕੀ ਸਿੱਖਿਆ ਦੇਣਗੇ ਜੋ ਆਪ ਸਿਫਾਰਸ਼ ਨਾਲ ਭਰਤੀ ਹੋਏ ਹਨ। ਕੀ ਉਹ ਬੱਚਿਆਂ ਨੂੰ ਇਮਾਨਦਾਰੀ ਅਤੇ ਲਿਆਕਤ ਨਾਲ ਚੱਲਣ ਦੀ ਪ੍ਰੇਰਣਾ ਦੇ ਸਕਣਗੇ?

ਕਿਉਂ ਨਾ ਨੌਜੁਆਨ ਦੇਸ਼ ਛੱਡ ਕੇ ਭੱਜਣ, ਜਿੱਥੇ ਇੰਨੇ ਪੜ੍ਹਿਆ-ਲਿਖਿਆਂ ਦੀ ਐਨੀ ਦੁਰਦਸ਼ਾ ਹੈ, ਉੱਥੇ ਘੱਟ ਪੜ੍ਹਿਆ ਬੰਦਾ ਆਪਣੇ ਲਈ ਕੀ ਆਸ ਰੱਖੇ। ਇਹ ਬਹੁਤ ਵੱਡਾ ਦੁਖਾਂਤ ਹੈ, ਜਿਸ ਬਾਬਤ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਅੱਜ ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਨੇ, ਕੀ ਸਰਕਾਰ ਇਹੀ ਚਾਹੁੰਦੀ ਹੈ? ਨੌਜੁਆਨਾਂ ਲਈ ਵਿੱਦਿਆ ਦਾ ਉੱਚਾ ਮਿਆਰ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ ਤਾਂ ਦੇਸ਼ ਖੁਸ਼ਹਾਲ ਹੋਵੇਗਾ। ਨਹੀਂ ਤਾਂ ਅਸੀਂ ਮੰਡੀ ਦੀ ਵਸਤ ਵਾਂਗ ਥਾਂ-ਥਾਂ ਭਟਕ ਕੇ ਆਪਣੀ ਕੀਮਤ ਪਵਾਉਣ ਵਿੱਚ ਹੀ ਜ਼ਿੰਦਗੀ ਗੁਜ਼ਾਰ ਦੇਵਾਂਗੇ। -0-




## ਸ਼ਹਿਦ ਖਰਾਬ ਕਿਉਂ ਨਹੀਂ ਹੁੰਦਾ ?

ਕਰਨੈਲ ਸਿੰਘ ਰਾਮਗੜ੍ਹ ਸੰਪਰਕ: 79864-99563
-ਸਾਇੰਸ ਮਾਸਟਰ, ਖ਼ਾਲਸਾ ਸਕੂਲ, ਖੰਨਾ।

ਬੱਚਿਓ! ਜੇ ਸ਼ਹਿਦ ਨੂੰ ਸੰਭਾਲ ਕੇ ਰੱਖਿਆ ਜਾਵੇ ਤਾਂ ਇਹ ਹਜ਼ਾਰਾਂ ਸਾਲਾਂ ਬਾਅਦ ਵੀ ਖ਼ਰਾਬ ਨਹੀਂ ਹੁੰਦਾ। ਇਸ ਵਿਚ ਅਜਿਹੇ ਗੁਣ ਹਨ ਜਿਹੜੇ ਇਸਨੂੰ ਖ਼ਰਾਬ ਹੋਣ ਤੋਂ ਬਚਾਉਂਦੇ ਹਨ। ਸ਼ਹਿਦ ਵਿਚ ਸ਼ੂਗਰ ਬਹੁਤ ਗਾੜ੍ਹੀ ਹੁੰਦੀ ਹੈ। ਇਸਦਾ ਗਾੜ੍ਹਾਪਨ ਬੈਕਟੀਰੀਆ ਅਤੇ ਉੱਲੀ ਦੇ ਸੈੱਲਾਂ ਵਿਚੋਂ ਪਾਣੀ ਨੂੰ ਬਾਹਰ ਕੱਢ ਦਿੰਦਾ ਹੈ ਜਿਸ ਕਾਰਨ ਉਹ ਮਰ ਜਾਂਦੇ ਹਨ। ਇਹ ਤੇਜ਼ਾਬੀ ਸੁਭਾਅ ਦਾ ਵੀ ਹੁੰਦਾ ਹੈ। ਇਸ ਵਿਚ ਫਾਰਮਿਕ ਤੇਜ਼ਾਬ, ਸਿਟਰਿਕ ਤੇਜ਼ਾਬ ਅਤੇ ਗੁਲੂਕੋਨਿਕ ਤੇਜ਼ਾਬ ਪਾਏ ਜਾਂਦੇ ਹਨ। ਜਿਹੜੇ ਇਸਨੂੰ ਤੇਜ਼ਾਬੀ ਬਣਾਉਂਦੇ ਹਨ। ਇਹ ਤੇਜ਼ਾਬ ਬੈਕਟੀਰੀਆ ਅਤੇ ਉੱਲੀਆਂ ਨੂੰ ਮਾਰ ਦਿੰਦੇ ਹਨ।

ਸ਼ਹਿਦ ਵਿਚ ਪਾਣੀ ਦੀ ਮਾਤਰਾ ਬਹੁਤ ਘੱਟ ਸਿਰਫ਼ 17 ਫ਼ੀਸਦੀ ਹੁੰਦੀ ਹੈ। ਪਾਣੀ ਦੀ ਘੱਟ ਮਾਤਰਾ ਵਿਚ ਸੂਖਮ ਜੀਵ ਵਾਧਾ ਨਹੀਂ ਕਰ ਸਕਦੇ। ਇਸ ਵਿਚ ਹਾਈਡਰੋਜਨ ਪਰਆਕਸਾਈਡ ਵੀ ਹੁੰਦੀ ਹੈ। ਇਹ ਸੂਖਮ ਜੀਵਾਂ ਦੇ ਵਾਧੇ ਨੂੰ ਰੋਕਦੀ ਹੈ। ਸ਼ਹਿਦ ਇਨ੍ਹਾਂ ਗੁਣਾਂ ਕਰਕੇ ਖ਼ਰਾਬ ਨਹੀਂ ਹੁੰਦਾ ਅਤੇ ਸਦੀਆਂ ਤਕ ਵਰਤੋਂ ਯੋਗ ਰਹਿੰਦਾ ਹੈ।

## ਸ਼ਬਦ ਅੰਗਰੇਜ਼ੀ (QUIT) ਅਰਥ ਪੰਜਾਬੀ

ਪਿਆਰੇ ਬੱਚਿਓ! 'ਕੁਇੱਟ' (Quit) ਅੰਗਰੇਜ਼ੀ ਭਾਸ਼ਾ ਦਾ ਵਿਸ਼ੇਸ਼ ਸ਼ਬਦ ਹੈ। ਇਸਦੀ ਢੁਕਵੀਂ ਉਪਯੋਗਤਾ ਨੂੰ ਇਸਦੇ ਬਹੁਤ ਸਾਰੇ ਤੱਥ ਤੇ ਪੱਖ ਸਪੱਸ਼ਟ ਰੂਪ ਨਾਲ ਸਾਡੇ ਸਾਹਮਣੇ ਪੇਸ਼ ਕਰਦੇ ਹਨ।

'ਕੁਇੱਟ' ਸ਼ਬਦ ਤੋਂ ਭਾਵ ਹੈ 'ਛੱਡਣਾ'। ਇਸ ਦੇ ਕੁਝ ਹੋਰ ਵੀ ਸਮਾਨਅਰਥਕ ਸ਼ਬਦ ਹਨ ਜਿਵੇਂ ਸੁਤੰਤਰ ਕਰਨਾ, ਨਿਜਾਤ ਦੇਣਾ ਆਦਿ। ਜਦੋਂ ਕੋਈ ਵੀ ਕਿਸੇ ਵੀ ਪ੍ਰਸਥਿਤੀ ਵਿੱਚ ਕਿਸੇ ਤਰੀਕੇ ਨਾਲ ਘਰ, ਜਗ੍ਹਾ, ਦੇਸ਼, ਹਾਲਾਤ ਤੇ ਰਾਸ਼ੀ ਆਦਿ ਛੱਡ ਦਿੰਦਾ ਹੈ ਤਾਂ ਇਸ ਹਾਲਤ ਨੂੰ 'ਕੁਇੱਟ' ਕਹਿੰਦੇ ਹਾਂ। ਇਸਨੂੰ 'ਕੁਇੱਟ' ਕਰਕੇ ਹੀ ਉਚਾਰਿਆ ਅਤੇ ਲਿਖਿਆ ਜਾਂਦਾ ਹੈ।

-ਮਾ. ਜਗੀਰ ਸਿੰਘ ਸਫਰੀ

## ਸਕੂਲਾਂ 'ਚ ਬਾਲ ਸਾਹਿਤ ਕਿਹੋ ਜਿਹਾ ਹੋਵੇ

ਸਠਿਆਲਾ 81460-04540



ਰੋਚਿਕ ਬਾਲ ਸਾਹਿਤ ਬੱਚਿਆਂ ਦਾ ਵਧੀਆ ਸਾਥੀ ਹੁੰਦਾ ਹੈ। ਪਰ ਅਜੋਕੇ ਸਮੇਂ ਵਿਚ ਸਾਰਾ ਸੰਸਾਰ ਟੀ.ਵੀ. ਅਤੇ ਮੋਬਾਈਲ ਦੀ ਜਕੜ ਵਿਚ ਫਸ ਚੁੱਕਾ ਹੈ। ਕਿਸੇ ਕੋਲ ਕੋਈ ਚੰਗੀ ਕਿਤਾਬ ਜਾਂ ਰਸਾਲਾ ਪੜ੍ਹਨ ਦਾ ਵਿਹਲ ਨਹੀਂ ਹੈ। ਪੜ੍ਹਨ ਦੀ ਰੁਚੀ ਦਾ ਮੁੱਖ ਕਾਰਨ ਹੈ ਕਿ ਸਸਤਾ ਸਾਹਿਤ ਉਪਲਬਧ ਨਹੀਂ ਹੈ। ਪੁਰਾਣੇ ਸਮੇਂ ਦੀਆਂ ਬਾਤਾਂ ਪਰੀਆਂ, ਰਾਜੇ-ਰਾਣੀਆਂ, ਜਾਦੂਗਰ, ਦੇਵਤਿਆਂ, ਦੈਂਤਾਂ ਅਲਾਦੀਨ ਦਾ ਚਿਰਾਗ , ਅਲੀ ਬਾਬਾ ਚਾਲੀ ਚੋਰ ਵਰਗੇ ਪਾਤਰਾਂ ਨਾਲ ਭਰਪੂਰ ਹੁੰਦੀਆਂ ਸਨ। ਬਾਤਾਂ ਬੱਚਿਆਂ ਵਿਚ ਜਗਿਆਸਾ ਪੈਦਾ ਕਰਦੀਆ ਸਨ। ਦਾਦੀਆਂ ਵਲੋਂ ਸੁਣਾਈਆਂ ਬਾਤਾਂ ਨਾਲ ਬੱਚੇ ਵਿਚ ਡਰ, ਵਹਿਮ ਪੈਦਾ ਹੁੰਦੇ ਸਨ। ਪ੍ਰਸਿੱਧ ਮਨੋਵਿਗਿਆਨੀ ਫਰਾਈਡ ਕਹਿੰਦਾ ਹੈ ਕਿ ਬੱਚੇ ਦੀ ਉਮਰ ਦੇ ਮੁੱਢਲੇ ਪੰਜ ਸਾਲ ਬੜੇ ਹੀ ਮਹੱਤਵਪੂਰਨ ਹੁੰਦੇ ਹਨ। ਬੱਚੇ ਮੋਮ ਦਾ ਨੱਕ ਹੁੰਦੇ ਹਨ, ਜਿਸ ਪਾਸੇ ਮੋੜਾਂਗਾ, ਉਸ ਪਾਸੇ ਹੀ ਮੁੜ ਜਾਵੇਗਾ। ਬਾਲ ਸਾਹਿਤ ਤੋਂ ਬੱਚਾ ਕਿਹੋ ਜਿਹਾ ਸਾਹਿਤ ਮੰਗਦਾ ਹੈ। ਬੱਚਾ ਚਾਹੁੰਦਾ ਹੈ ਕਿ ਲੇਖਕ ਦੀ ਕਹਾਣੀ, ਨਾਵਲ, ਉਸ ਨੂੰ ਉਂਗਲੀ ਲਾ ਕੇ ਆਪਣੇ ਨਾਲ ਤੋਰ ਲਵੇ, ਮਨੋਰੰਜਨ ਕਰੇ, ਕੁਝ ਸਮਝਾਵੇ, ਤਾਰਿਆਂ ਨਾਲ ਗੱਲਾਂ ਕਰੇ। ਬੱਚਾ ਉਹੋ ਕੁਝ ਸਿੱਖਦਾ ਹੈ, ਜੋ ਉਸ ਨੂੰ ਸਕੂਲ ਵਿਚ ਸਿਖਾਇਆ ਜਾਂਦਾ ਹੈ। ਅੱਜ ਦਾ ਬਾਲ ਸਾਹਿਤ ਬੱਚਿਆਂ ਦੀਆਂ ਭਾਵਨਾਵਾਂ ਨਹੀਂ ਸਮਝਦਾ, ਬੱਚਿਆਂ ਦੇ ਸੁਭਾਅ ਵਿਚ ਵਿਗਾੜ ਆ ਰਹੇ ਹਨ। ਬੱਚਿਆਂ ਦੇ ਹੱਥਾਂ ਵਿਚ ਮੋਬਾਈਲਾਂ ਨੇ ਜਗ੍ਹਾ ਲੈ ਲਈ ਹੈ। ਬੱਚਿਆਂ ਵਿਚ ਸਾਹਿਤ ਪੜ੍ਹਨ ਦੀ ਰੁਚੀ ਘਟ ਗਈ ਹੈ। ਇਕ ਮਾਂ ਆਪਣੇ ਬੱਚੇ ਨੂੰ ਆਹਰੇ ਲਾਉਣ ਲਈ ਉਸ ਦੇ ਹੱਥ ਵਿਚ ਮੋਬਾਈਲ ਫੜਾ ਦਿੰਦੀ ਹੈ ਤਾਂ ਕਿ ਬੱਚਾ ਖੇਡਣ ਲੱਗ ਜਾਵੇ 'ਤੇ ਉਹ ਘਰ ਦਾ ਕੰਮ ਕਰ ਸਕੇ। ਜਿਸ ਨਾਲ ਸਰੀਰਕ ਵਿਕਾਸ 'ਤੇ ਵੀ ਬੁਰਾ ਪ੍ਰਭਾਵ ਪੈ ਰਿਹਾ ਹੈ। ਬਾਲ ਸਾਹਿਤ ਦੇ ਲੇਖਕ ਬਲਜਿੰਦਰ ਮਾਨ ਨੇ ਕਿਹਾ ਹੈ ਕਿ ਇਕ ਮਾਂ ਵਿਚ ਯੂਨੀਵਰਸਿਟੀ ਹੁੰਦੀ ਹੈ ਭਾਵ ਬੱਚੇ ਨੂੰ ਸਰਬਪੱਖੀ ਗਿਆਨ ਮਾਂ ਪਾਸੋਂ ਹੀ ਮਿਲਣਾ ਹੁੰਦਾ ਹੈ, ਮਾਪਿਆਂ ਨੂੰ ਚਾਹੀਦਾ ਹੈ ਕਿ ਬੱਚਿਆਂ ਦੀ ਸੋਚ ਨੂੰ ਉਸਾਰੂ ਦਿਸ਼ਾ ਵੱਲ ਤੋਰਨ ਲਈ ਬਾਲ ਸਾਹਿਤ ਦਾ ਘਰ ਵਿਚ ਭੰਡਾਰ ਹੋਣਾ ਚਾਹੀਦਾ ਹੈ। ਪੰਜਾਬ ਵਿਚ ਤਿੰਨ ਰਸਾਲੇ ਛਪ ਰਹੇ ਹਨ। ਜੋ ਕਿ ਬੁਹਤ ਥੋੜ੍ਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਤੋਂ ਪ੍ਰਾਇਮਰੀ ਸਿੱਖਿਆ ਅਤੇ ਪੰਖੜੀਆਂ ਛਪ ਰਹੇ ਹਨ। ਪੰਜਾਬੀ ਮਾਂ ਬੋਲੀ ਪ੍ਰਤੀ ਬੱਚਿਆਂ ਦਾ ਮੋਹ ਪਾਉਣ ਲਈ ਸਕੂਲਾਂ ਦੀ ਲਾਇਬ੍ਰੇਰੀ 'ਚ ਹੋਰ ਰਸਾਲੇ ਲਾਏ ਜਾਣ ਤਾਂ ਕਿ ਬੱਚਿਆਂ ਦਾ ਰੁਝਾਨ ਬਾਲ ਸਾਹਿਤ ਪੜ੍ਹਨ ਲਈ ਵਧ ਸਕੇ। ਸਿੱਖਿਆ ਅਤੇ ਬਾਲ ਸਾਹਿਤ ਦਾ ਖ਼ੂਬਸੂਰਤ ਤਾਲਮੇਲ ਹੋਵੇ। ਜੇਕਰ ਸਾਹਿਤ ਬੱਚੇ ਦੀ ਇੱਛਾ ਅਨੁਸਾਰ ਦਿਲਚਸਪ ਹੋਵੇਗਾ ਤਾਂ ਅਸੀਂ ਬੱਚਿਆਂ ਨੂੰ ਗਿਆਨਵਿਗਿਆਨ ਦੀ ਗੱਲ ਸਿਖਾ ਸਕਦੇ ਹਾਂ, ਨਹੀਂ ਤਾਂ ਅਸੀਂ ਆਪਣੇ ਉਦੇਸ਼ ਵਿਚ ਕਾਮਯਾਬ ਨਹੀਂ ਹੋ ਸਕਦੇ। ਸਕੂਲਾਂ ਵਿਚ ਮੈਗਜ਼ੀਨ ਵੱਡੇ ਅੱਖਰਾਂ ਵਿਚ ਛਪਿਆ ਹੋਵੇ ਅਤੇ ਤਸਵੀਰਾਂ ਨਾਲ ਭਰਪੂਰ ਸਾਹਿਤ ਹੋਣਾ ਚਾਹੀਦਾ ਹੈ ਤੇ ਰੰਗ-ਬਰੰਗੀਆਂ ਤਸਵੀਰਾਂ ਵੇਖ ਕੇ ਬੱਚੇ ਦਾ ਮਨ ਵੀ ਖਿੜ ਉਠਦਾ ਹੈ ਅਤੇ ਇਹ ਵਧੀਆ ਉਪਰਾਲਾ ਹੈ। ਬਾਲ ਸਾਹਿਤ ਪ੍ਰਤੀ ਸਰਕਾਰਾਂ ਵੀ ਸੁਚੇਤ ਨਹੀਂ ਕਿਉਂਕਿ ਬਾਲ ਵੋਟਰ ਨਹੀਂ ਹਨ। ਇਹ ਉਨ੍ਹਾਂ ਲੋਕਾਂ ਪ੍ਰਤੀ ਸੁਚੇਤ ਹੁੰਦੀਆਂ ਹਨ ਜਿਥੋਂ ਇਨ੍ਹਾਂ ਨੂੰ ਫਾਇਦਾ ਹੋਵੇ।

-0-

ਇਕ ਨਿੱਕਾ ਜਿਹਾ ਸਕਿਉਰਟੀ ਗਾਰਡ,
ਜਿਸ ਦੀ ਬਾਡੀ ਬਹੁਤ ਹੀ ਹਾਰਡ।
ਘਰਾਂ, ਦੁਕਾਨਾਂ ਦੀ ਰਾਖੀ ਕਰਦਾ,
ਗਰਮੀ-ਸਰਦੀ ਉਹ ਤਨ 'ਤੇ ਜਰਦਾ।
ਨਾ ਤਨਖਾਹ ਨਾ ਹੀ ਭੱਤਾ ਲੈਂਦਾ,
ਪਰ ਬੂਹੇ ਅੱਗੇ ਉਹ ਡਟਿਆ ਰਹਿੰਦਾ।
ਮਾਲਕ ਦੇ ਆਉਣ ਤੱਕ ਨਾ ਛੱਡਦਾ,

## ਬੁਝਾਰਤ

ਜਸਵੀਰ ਸਿੰਘ ਭਲੂਰੀਆ
ਪਿੰਡ ਤੇ ਡਾਕ: ਭਲੂਰ
(ਮੋਗਾ)।
99159-95505

ਕੁੰਡੇ ਨੂੰ ਜੱਫੀ ਪਾ ਕੇ ਰੱਖਦਾ। ਜਦ ਕੋਈ ਚੋਰ-ਉਚੱਕਾ ਆਉਂਦਾ,
ਕੱਟਿਆ ਜਾਂਦਾ ਪਰ ਫਰਜ਼ ਨਿਭਾਉਂਦਾ।
ਅਲੀਗੜ੍ਹ ਇਹਦੇ ਪੁਰਖੇ ਰਹਿੰਦੇ,
ਫਰਜ਼ ਨਿਭਾਉਣ ਲਈ ਜੋ ਨੇ ਕਹਿੰਦੇ।
ਭਲੂਰੀਏ ਇਹ ਬਾਤ ਹੈ ਜੋੜੀ, ਦਿਮਾਗੀ ਕਸਰਤ ਕਰੋ ਹੁਣ ਥੋੜ੍ਹੀ।
-0-

ਸੋਨੀ ਕਹਿੰਦਾ ਦੱਸ ਹੁਣ ਬਿੰਦਰਾ, ਬਿੰਦਰ ਕਹਿੰਦਾ ਇਹ ਹੈ ਜਿੰਦਰਾ।

# ਸਮੇਂ ਦੀ ਘੰਟੀ ਵਜਾਉਂਦੇ ਘੰਟਾ ਘਰ

ਬੂਟਾ ਸਿੰਘ ਵਾਕਫ਼ #98762-24461

'ਘੰਟਾ ਘਰ' ਇਮਾਰਤਸਾਜ਼ੀ ਦਾ ਵਿਲੱਖਣ ਨਮੂਨਾ ਹਨ। ਕਿਸੇ ਸਮੇਂ ਇਨ੍ਹਾਂ ਦਾ ਬੇਹੱਦ ਮਹੱਤਵ ਸੀ, ਪਰ ਅੱਜ ਇਹ ਸਿਰਫ਼ ਪੁਰਾਤਨ ਇਮਾਰਤਸਾਜ਼ੀ ਦੀ ਨੁਮਾਇਸ਼ ਬਣ ਕੇ ਹੀ ਰਹਿ ਗਏ ਹਨ।

ਘੰਟਾ ਘਰ ਇਕ ਬੁਰਜ਼ (ਟਾਵਰ) ਰੂਪੀ ਉੱਚੀ ਇਮਾਰਤ ਹੁੰਦੀ ਹੈ ਜਿਸ ਦੇ ਚਾਰੇ ਦਿਸ਼ਾਵਾਂ ਵਿਚ ਸਮਾਂ ਦੱਸਣ ਲਈ ਵੱਡ ਆਕਾਰੀ ਘੜੀਆਂ ਲੱਗੀਆਂ ਹੁੰਦੀਆਂ ਹਨ। 18ਵੀਂ ਸਦੀ ਦੇ ਸ਼ੁਰੂ ਤਕ ਬਹੁਤੇ ਲੋਕਾਂ ਕੋਲ ਸਮਾਂ ਦੇਖਣ ਲਈ ਘੜੀਆਂ ਨਹੀਂ ਹੁੰਦੀਆਂ ਸਨ ਤੇ ਨਾ ਹੀ ਘਰਾਂ ਵਿਚ ਦੀਵਾਰ ਘੜੀਆਂ ਸਨ। ਜੇ ਕਿਧਰੇ ਘੜੀ ਹੁੰਦੀ ਵੀ ਸੀ ਤਾਂ ਉਸ ਦੇ ਸੂਈਆਂ ਨਹੀਂ ਹੁੰਦੀਆਂ ਸਨ। ਇਹ ਘੜੀਆਂ ਨਿਸ਼ਚਿਤ ਸਮੇਂ ਬਾਅਦ ਆਵਾਜ਼ ਪੈਦਾ ਕਰਦੀਆਂ ਸਨ। ਇਸ ਤਰ੍ਹਾਂ ਸਮੇਂ ਦਾ ਅੰਦਾਜ਼ਾ ਲਗਾਇਆ ਜਾਂਦਾ ਸੀ। ਅਜਿਹੀਆਂ ਵੱਡ ਆਕਾਰੀ ਘੜੀਆਂ/ ਘੰਟੀਆਂ ਨੂੰ ਸ਼ਹਿਰ ਦੇ ਲਗਪਗ ਵਿਚਕਾਰ ਕਿਸੇ ਉੱਚੀ ਥਾਂ 'ਤੇ ਲਗਾਇਆ ਜਾਂਦਾ ਸੀ ਤਾਂ ਜੋ ਸਾਰੇ ਲੋਕਾਂ ਨੂੰ ਇਸ ਦੀ ਆਵਾਜ਼ ਸੁਣਾਈ ਦੇ ਸਕੇ। ਹੌਲੀ-ਹੌਲੀ ਇਸ ਮਕਸਦ ਦੀ ਪੂਰਤੀ ਲਈ ਉੱਚੇ ਟਾਵਰਾਂ ਦਾ ਨਿਰਮਾਣ ਕੀਤਾ ਜਾਣ ਲੱਗਾ। ਜਿਵੇਂ-ਜਿਵੇਂ ਸਮਾਂ ਬੀਤਦਾ ਗਿਆ, ਘੰਟੀਆਂ ਦੀ ਥਾਂ ਸੂਈਆਂ ਵਾਲੀਆਂ ਘੜੀਆਂ ਨੇ ਲੈ ਲਈ। ਇਸ ਤਰ੍ਹਾਂ ਲੋਕ ਜਦੋਂ ਚਾਹੁਣ ਸਮਾਂ ਦੇਖ ਸਕਣ ਦੇ ਸਮਰੱਥ ਹੋ ਗਏ।



ਦੁਨੀਆਂ ਦੇ ਸਭ ਤੋਂ ਪਹਿਲੇ ਘੰਟਾ ਘਰ ਦਾ ਨਿਰਮਾਣ ਯੂਨਾਨ ਦੇ ਸ਼ਹਿਰ ਏਥਨਜ਼ ਵਿਚ ਕੀਤਾ ਗਿਆ ਸੀ। ਇਸ ਘੰਟਾ ਘਰ ਨੂੰ 'ਟਾਵਰ ਆਫ ਵਿੰਡਜ਼' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਇਹ ਕਰੀਬ 12 ਮੀਟਰ ਉੱਚਾ ਸੀ। ਇਸ ਵਿਚ ਸਮਾਂ ਦੱਸਣ ਲਈ ਵਰਤੀ ਗਈ ਘੜੀ ਵਿਚ ਅੱਠ ਸੂਰਜੀ ਕੋਣਾਂ ਦੀ ਵਰਤੋਂ ਕੀਤੀ ਗਈ ਸੀ। ਇਹ ਘੜੀ ਧੁੱਪ ਵਿਚ ਹੀ ਕੰਮ ਕਰਦੀ ਸੀ। ਇਸ ਦੇ ਅੰਦਰ ਪਾਣੀ ਵਾਲੀ ਘੜੀ ਤੋਂ ਇਲਾਵਾ ਹਵਾ ਦੀ ਦਿਸ਼ਾ ਦੱਸਣ ਲਈ ਦਿਸ਼ਾ ਸੂਚਕ ਯੰਤਰ ਵੀ ਲੱਗਾ ਹੋਇਆ ਸੀ। ਇਸ ਦਾ ਨਿਰਮਾਣ ਦੂਸਰੀ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ। ਸਾਲ 2014 ਵਿਚ ਇਸ ਦਾ ਪੁਨਰ ਨਿਰਮਾਣ ਕੀਤਾ ਗਿਆ।

ਸਾਲ 1088 ਵਿਚ ਚੀਨ ਦੇ ਸ਼ਹਿਰ ਕੇਫੈਂਗ ਵਿਚ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ ਜਿਸ ਵਿਚ ਸਮਾਂ ਮਾਪਣ ਲਈ ਤਰਲ ਪਦਾਰਥ ਦੀ ਵਰਤੋਂ ਕੀਤੀ ਗਈ ਸੀ। 1288 ਵਿਚ ਇੰਗਲੈਂਡ ਵਿਚ ਵੀ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ। 1306 ਵਿਚ ਯੂਰੋਪ ਵਿਚ ਘੰਟਾ ਘਰ ਸਥਾਪਿਤ ਕੀਤਾ ਗਿਆ।

ਘੰਟਾ ਘਰਾਂ ਦੀ ਮਹੱਤਤਾ ਨੂੰ ਵੇਖਦਿਆਂ ਹੌਲੀ ਹੌਲੀ ਦੁਨੀਆਂ ਦੇ ਹੋਰਨਾਂ ਖੇਤਰਾਂ ਵਿਚ ਵੀ ਇਨ੍ਹਾਂ ਦਾ ਨਿਰਮਾਣ ਹੋਣ ਲੱਗਾ। ਦੁਨੀਆਂ ਦਾ ਸਭ ਤੋਂ ਉੱਚਾ ਘੰਟਾ ਘਰ ਲੰਡਨ ਵਿਚ ਹੈ ਜਿਸ ਨੂੰ 'ਬਿੱਗ ਬੈੱਨ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਟਾਵਰ 315 ਫੁੱਟ ਉੱਚਾ ਹੈ ਜਿਸ ਦੇ ਸਿਖਰ ਤਕ ਪਹੁੰਚਣ ਲਈ 334 ਪੌੜੀਆਂ ਦਾ ਨਿਰਮਾਣ ਕੀਤਾ ਗਿਆ ਹੈ। ਇਸ ਘੰਟਾ ਘਰ ਦਾ ਡਿਜ਼ਾਇਨ ਅੰਗਰੇਜ਼ ਕਾਰੀਗਰ ਅਗਸਟਸ ਪੁਗਿਨ ਨੇ ਤਿਆਰ ਕੀਤਾ ਸੀ। ਇਸ ਦਾ ਨਿਰਮਾਣ 1859 ਵਿਚ ਹੋਇਆ ਸੀ। ਸਮਾਂ ਦੱਸਣ ਲਈ ਇਸ ਦੇ ਚਾਰੇ ਪਾਸੇ 23 ਫੁੱਟ ਵਿਆਸ ਦੇ ਡਾਇਲ ਵਾਲੀਆਂ ਘੜੀਆਂ ਲਗਾਈਆਂ ਗਈਆਂ। 2012 ਵਿਚ ਇਸ ਘੰਟਾ ਘਰ ਦਾ ਨਾਂ ਬਦਲ ਕੇ ਐਲਿਜ਼ਬੈੱਥ ਟਾਵਰ ਰੱਖਿਆ ਗਿਆ। ਅਗਸਤ 2017 ਵਿਚ ਇਸ ਦੀ ਮੁੜ ਸਾਂਭ ਸੰਭਾਲ ਦਾ ਕੰਮ ਸ਼ੁਰੂ ਕੀਤਾ ਗਿਆ।

ਸਾਊਦੀ ਅਰਬ ਵਿਚ ਸਥਾਪਿਤ ਮੱਕਾ ਰਾਇਲ ਕਲਾਕ ਟਾਵਰ ਅੱਜ ਦੁਨੀਆਂ ਦਾ ਸਭ ਤੋਂ ਉੱਚਾ ਫਾਈਵ ਸਟਾਰ ਹੋਟਲ ਹੈ ਜਿਸ ਦੇ ਸਿਖਰ 'ਤੇ ਘੰਟਾ ਘਰ ਸਥਾਪਿਤ ਕੀਤਾ ਗਿਆ ਹੈ। ਇਸ ਹੋਟਲ ਦੀ ਉਚਾਈ 1972 ਫੁੱਟ ਹੈ। ਮੀਨਾਰ ਰੂਪੀ ਇਸ ਹੋਟਲ ਵਿਚ ਜ਼ਮੀਨ ਤੋਂ 1480 ਫੁੱਟ ਦੀ ਉਚਾਈ 'ਤੇ 141 ਫੁੱਟ ਦੇ ਡਾਇਲ ਵਾਲੀਆਂ ਵੱਡ ਆਕਾਰੀ ਘੜੀਆਂ ਸਥਾਪਿਤ ਕੀਤੀਆਂ ਗਈਆਂ ਹਨ।

ਨੇਪਾਲ ਦੀ ਰਾਜਧਾਨੀ ਕਾਠਮੰਡੂ ਦੇ ਕੇਂਦਰ ਵਿਚ ਸਥਾਪਿਤ ਘੰਟਾ ਘਰ ਅਜਿਹਾ ਪਹਿਲਾ ਜਨਤਕ ਘੰਟਾ ਘਰ ਹੈ ਜਿਸ ਨੂੰ ਦੇਖਣ ਲਈ ਸੈਲਾਨੀ ਦੂਰੋਂ-ਦੂਰੋਂ ਆਉਂਦੇ ਹਨ। ਇਹ ਨੇਪਾਲ ਦੇ ਪ੍ਰਧਾਨ ਮੰਤਰੀ ਰਾਣਾ ਬੀਰ ਸ਼ਮਸ਼ੇਰ ਨੇ ਲੰਡਨ ਦੇ 'ਬਿੱਗ ਬੈੱਨ' ਘੰਟਾ ਘਰ ਦੇ ਨਮੂਨੇ ਦੇ ਆਧਾਰ 'ਤੇ ਤਿਆਰ ਕਰਾਇਆ ਸੀ। ਇਹ ਘੰਟਾ ਘਰ 1934 ਵਿਚ ਭੂਚਾਲ ਨਾਲ ਤਬਾਹ ਹੋ ਗਿਆ ਸੀ ਜਿਸ ਉਪਰੰਤ ਉੱਥੇ ਪਹਿਲੇ ਡਿਜ਼ਾਇਨ ਦੇ ਆਧਾਰ 'ਤੇ ਨਵੇਂ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ।

ਭਾਰਤ ਦਾ ਸਭ ਤੋਂ ਵੱਡਾ ਘੰਟਾ ਘਰ ਹੁਸੈਨਾਬਾਦ ਘੰਟਾ ਘਰ ਲਖਨਊ ਵਿਖੇ ਹੈ। ਇਸਦਾ ਨਿਰਮਾਣ 1881 ਵਿਚ ਕਰਾਇਆ ਗਿਆ ਸੀ। ਇਹ 219 ਫੁੱਟ ਉੱਚਾ ਹੈ। ਇਹ ਘੰਟਾ ਘਰ ਅਵਧ ਦੇ ਪਹਿਲੇ ਲੈਫਟੀਨੈਂਟ ਗਵਰਨਰ ਸਰ ਜਾਰਜ ਕੂਪਰ ਦੀ ਆਮਦ 'ਤੇ ਤਿਆਰ ਕਰਾਇਆ ਗਿਆ ਸੀ। ਉਸ ਸਮੇਂ ਇਸ 'ਤੇ ਕੁੱਲ 1.75 ਲੱਖ ਰੁਪਏ ਦੀ ਰਾਸ਼ੀ ਖ਼ਰਚ ਹੋਈ ਸੀ।

ਪੰਜਾਬ ਵਿਚ ਫ਼ਰੀਦਕੋਟ ਤੇ ਲੁਧਿਆਣਾ ਵਿਚ ਵੀ ਪ੍ਰਸਿੱਧ ਘੰਟਾ ਘਰ ਹਨ। ਫ਼ਰੀਦਕੋਟ ਦੇ ਘੰਟਾ ਘਰ ਦਾ ਨਿਰਮਾਣ ਮਹਾਰਾਣੀ ਵਿਕਟੋਰੀਆ ਦੀ ਯਾਦ ਵਿਚ ਕੀਤਾ ਗਿਆ ਸੀ। ਇਹ ਕਰੀਬ 115 ਫੁੱਟ ਉੱਚਾ ਹੈ ਜਿਸ ਦੀ ਸਾਰੀ ਮਸ਼ੀਨਰੀ ਸਵਿਟਜ਼ਰਲੈਂਡ ਤੋਂ ਮੰਗਵਾਈ ਗਈ ਸੀ। ਰਜਵਾੜਾਸ਼ਾਹੀ ਸਮੇਂ ਫ਼ਰੀਦਕੋਟ ਰਿਆਸਤ ਦੇ ਲੋਕਾਂ ਨੂੰ ਸਮਾਂ ਦੱਸਣ ਲਈ ਇਹ ਘੰਟਾ ਘਰ ਮੁੱਖ ਸਾਧਨ ਸੀ। ਲੁਧਿਆਣਾ ਵਿਚ ਵੀ ਬਰਤਾਨਵੀ ਸਾਮਰਾਜ ਸਮੇਂ ਰਾਣੀ ਵਿਕਟੋਰੀਆ ਦੇ ਰਾਜ ਵਿਚ ਸਿਲਵਰ ਜੁਬਲੀ ਸਮਾਗਮਾਂ ਸਮੇਂ ਇਕ ਘੰਟਾ ਘਰ ਦਾ ਨਿਰਮਾਣ ਕੀਤਾ ਗਿਆ ਸੀ। ਇਹ ਦੋਵੇਂ ਘੰਟਾ ਘਰ ਅੱਜ ਵੀ ਪੁਰਾਤਨ ਵਿਰਾਸਤ ਦਾ ਨਮੂਨਾ ਹਨ।

ਅੱਜ ਘੜੀਆਂ, ਵਾਲ ਕਲਾਕ, ਮੋਬਾਈਲ ਫੋਨ, ਕੰਪਿਊਟਰ ਤੇ ਹੋਰ ਇਲੈੱਕਟ੍ਰੌਨਿਕ ਯੰਤਰਾਂ ਦੀ ਆਮਦ ਕਾਰਨ ਭਾਵੇਂ ਇਨ੍ਹਾਂ ਘੰਟਾ ਘਰਾਂ ਦਾ ਬਹੁਤਾ ਮਹੱਤਵ ਨਹੀਂ ਰਿਹਾ, ਪਰ ਫਿਰ ਵੀ ਬਹੁਤੇ ਘੰਟਾ ਘਰਾਂ ਨੂੰ ਪੁਰਾਤਨ ਵਿਰਾਸਤ ਦਾ ਦਰਜਾ ਦੇ ਕੇ ਸਾਂਭ ਸੰਭਾਲ ਕੀਤੀ ਜਾ ਰਹੀ ਹੈ। ਘੰਟਾ ਘਰਾਂ ਦੀ ਬਾਹਰੀ ਦਿੱਖ ਨੂੰ ਆਕਰਸ਼ਕ ਬਣਾਉਣ ਲਈ ਇਨ੍ਹਾਂ 'ਤੇ ਮੀਨਾਕਾਰੀ ਕਰਕੇ ਇਨ੍ਹਾਂ ਨੂੰ ਵਿਲੱਖਣ ਇਮਾਰਤਸਾਜ਼ੀ ਦੇ ਨਮੂਨਿਆਂ ਵਜੋਂ ਪੇਸ਼ ਕੀਤਾ ਗਿਆ ਹੈ। -0-

# ਮੁਸੀਬਤ ਸਮੇਂ ਖਾਲਸਈ ਕਰਤੱਵ

**ਕਰਮ ਸਿੰਘ ਹਿਸਟੋਰੀਅਨ**

ਖਾਲਸੇ ਦਾ ਜਨਮ ਮੁਸੀਬਤ ਦੇ ਸਮੇਂ ਹੋਇਆ ਸੀ, ਇਸ ਲਈ ਖਾਲਸਾ ਕਦੇ ਮੁਸੀਬਤ ਤੋਂ ਨਹੀਂ ਘਬਰਾਇਆ, ਸਮੇਂ ਦਾ ਕੰਮ ਹੈ ਆਉਂਦਾ ਹੈ ਅਤੇ ਤੁਰਿਆ ਜਾਂਦਾ ਹੈ, ਸਮਾਂ ਕਦੇ ਖੜੋਤਾ ਨਹੀਂ ਰਹਿੰਦਾ। ਇਸੇ ਤਰ੍ਹਾਂ ਮੁਸੀਬਤ ਕਦੇ ਖੜੋਤੀ ਨਹੀਂ ਰਹਿ ਸਕਦੀ ਆਉਂਦੀ ਹੈ ਤੁਰਦੀ ਜਾਂਦੀ ਹੈ।

ਇਕ ਸਿਆਣੇ ਦਾ ਕਥਨ ਹੈ ਕਿ ਮੁਸੀਬਤ ਨਾਲ ਜੇ ਕਰ ਮਖੌਲ ਕਰੀਏ ਤਾਂ ਮੁਸੀਬਤ ਦਾ ਅਸਰ ਘਟ ਜਾਂਦਾ ਹੈ। ਖਾਲਸੇ ਨੇ ਮੁਸੀਬਤ ਨੂੰ ਆਪਣੇ ਸਾਹਮਣੇ ਵੇਖਿਆ ਅਤੇ ਉਸ ਨਾਲ ਰੱਜ ਕੇ ਮਖੌਲ ਕੀਤਾ, ਜਿਸ ਕਰ ਕੇ ਖਾਲਸੇ ਉੱਤੇ ਮੁਸੀਬਤ ਦਾ ਰਤਾ ਅਸਰ ਨਾ ਹੋਇਆ। ਮੁਸੀਬਤ ਨੇ ਖਾਲਸੇ ਦਾ ਲੰਗਰ ਬੰਦ ਕਰ ਦਿੱਤਾ, ਖਾਲਸੇ ਨੇ ਲੰਗਰ ਮਸਤ ਕਰ ਦਿੱਤਾ । ਮੁਸੀਬਤ ਨੇ ਖਾਲਸੇ ਪਾਸੋਂ ਬਦਾਮ ਖੋਹ ਕੇ ਮੁੱਠੀ ਛੋਲੇ ਹਵਾਲੇ ਕੀਤੇ, ਖਾਲਸੇ ਨੇ ਉਸੇ ਨੂੰ ਬਦਾਮ ਬਣਾ ਲਿਆ। ਸਮੇਂ ਨੇ ਖਾਲਸੇ ਨੂੰ ਸਭ ਤਰ੍ਹਾਂ ਦੇ ਦੁੱਖ ਦਿੱਤੇ ਪਰ ਖਾਲਸਾ ਸਦਾ ਚੜ੍ਹਦੀਆਂ ਕਲਾਂ ਵਿਚ ਰਿਹਾ, ਹਰ ਮੁਸੀਬਤ ਸਮੇਂ ਉਸ ਨੇ ਜੈਕਾਰਾ ਗਜਾਇਆ। ਮੁਸੀਬਤ ਸਾਹਮਣੇ ਨੂੰ ਵੇਖ ਕੇ ਜੈਕਾਰਾ ਗਜਾਉਣਾ, ਮੁਸੀਬਤ ਨੂੰ ਵੰਗਾਰਨਾ ਹੈ ਕਿ ਤੂੰ ਆਪਣਾ ਜ਼ੋਰ ਲਾ ਲੈ, ਅਸਾਂ ਚੜ੍ਹਦੀਆਂ ਕਲਾਂ ਵਿਚ ਹੀ ਰਹਿਣਾ ਹੈ। ਮੁਸੀਬਤ ਦਾ ਦਾਰੂ ਜੈਕਾਰਾ ਹੈ, ਇਹ ਭੇਤ ਖਾਲਸੇ ਨੇ ਜੰਗਲਾਂ ਵਿਚ ਰਹਿ ਕੇ ਲੱਭਾ ਸੀ। ਹਰ ਕੋਈ ਪਰਤਾਆ ਕੇ ਵੇਖ ਸਕਦਾ ਹੈ ਕਿ ਮੁਸੀਬਤ ਦੇ ਸਮੇਂ ਜੇ ਕਰ ਦਿਲ ਖੋਲ੍ਹ ਕੇ ਜੈਕਾਰਾ ਗਜਾਇਆ ਜਾਵੇ ਤਾਂ ਮੁਸੀਬਤ ਦਾ ਅਸਰ ਕਿਤਨਾ ਕੁ ਘਟ ਜਾਂਦਾ ਹੈ।

ਸ੍ਰੀ ਦਸਮੇਸ਼ ਜੀ ਜੋਤੀ ਜੋਤ ਸਮਾ ਗਏ ਅਤੇ ਬੰਦਾ ਬਹਾਦਰ ਪੰਜਾਬ ਵੱਲ ਆਇਆ, ਖਾਲਸੇ ਨੇ ਹੁਲਾਰਾ ਮਾਰਿਆ ਅਤੇ ਕਰਨਾਲ ਤੋਂ ਲੈ ਕੇ ਲਾਹੌਰ ਤੀਕ ਦਾ ਸਭ ਇਲਾਕਾ ਸਾਂਭ ਲਿਆ। ਹਿੰਦੁਸਤਾਨ ਦੀ ਸਭ ਸੈਨਾ ਦੱਖਣ ਵੱਲ ਜਮ੍ਹਾਂ ਹੋਈ ਸੀ। ਬਾਦਸ਼ਾਹ ਸਾਰੀ ਸੈਨਾ ਲਈ ਦਿੱਲੀ ਨੂੰ ਆ ਰਿਹਾ ਸੀ ਕਿ ਪੰਜਾਬ ਦੇ ਮੁਸਲਮਾਨ ਅਜਮੇਰ ਜਾ ਹਾਜ਼ਰ ਹੋਏ ਅਤੇ ਬਾਦਸ਼ਾਹ ਪਾਸ ਹੋਈਆਂ ਅਣ-ਹੋਈਆਂ ਸੌ-ਸੌ ਗੱਲਾਂ ਕਹੀਆਂ। ਸੋ ਪਾਤਸ਼ਾਹ ਸਾਰੀ ਸੈਨਾ ਲੈ ਕੇ ਪੰਜਾਬ ਵੱਲ ਆਇਆ ਅਤੇ ਬੰਦੇ ਬਹਾਦਰ ਨੂੰ ਲੋਹਗੜ੍ਹ ਦੇ ਕਿਲ੍ਹੇ ਵਿਚ ਘੇਰ ਲਿਆ।

ਛੇ ਮਹੀਨੇ ਲੜਾਈ ਹੋਈ ਅਤੇ ਅੰਤ ਨੂੰ ਬੰਦਾ ਪਹਾੜਾਂ ਵੱਲ ਨੱਸ ਗਿਆ।.ਬਾਦਸ਼ਾਹ ਲਾਹੌਰ ਵੱਲ ਆਇਆ ਅਤੇ ਇਹ ਸੁਣ ਕੇ ਕਿ ਸਿੱਖਾਂ ਦੀ ਨਿਸ਼ਾਨੀ ਕੇਸ ਅਤੇ ਦਾਹੜਾ ਹੈ ਹੁਕਮ ਦਿੱਤਾ ਕਿ ਜਿਸ ਦਾ ਦਾਹੜਾ ਕੇਸ ਵੇਖੋ ਮਾਰ ਦੇਵੋ। ਇਸ ਸਮੇਂ ਸ਼ਾਹੀ ਫੌਜ ਵਿਚ ਭੀ ਕਈ ਹਜ਼ਾਰ ਹਿੰਦੂ ਸਨ, ਜਿਨ੍ਹਾਂ ਨੇ ਸੁਹੱਪਣ ਦੀ ਖਾਤਰ ਹੀ ਦਾਹੜੀ ਅਤੇ ਕੇਸ ਰੱਖੇ ਹੋਏ ਸਨ, ਸਭਸ ਨੇ ਮੁਨਵਾ ਦਿੱਤੇ।

ਛੋਟੇ ਹਾਕਮਾਂ ਦੀ ਹੁਣ ਚੜ੍ਹ ਮਚੀ। ਸਿੱਖਾਂ ਨਾਲ ਅਸਿੱਖ ਭੀ ਮਾਰੇ ਗਏ। ਸ਼ਾਹੀ ਸੜਕ ਉੱਤੇ ਜੋ ਜੋ ਚੁਰੱਸਤਾ ਸੀ, ਰੁੱਖਾਂ ਨਾਲ ਸਿੱਖ ਕੇਸਾਂ ਨਾਲ ਬੱਧੇ ਹੋਏ ਲਟਕ ਰਹੇ ਸਨ। ਦਿੱਲੀ ਦੀ ਹਕੂਮਤ ਉਸ ਸਮੇਂ ਆਪਣੇ ਜੋਬਨ ਉੱਤੇ ਸੀ। ਲੱਖਾਂ ਸਿਪਾਹੀ ਬਿਆਸਾ ਤੇ ਰਾਵੀ ਵਿਚਕਾਰ ਪਏ ਸਨ, ਸੋ ਇਹਨਾਂ ਆਪਣੀ ਜਾਚੇ ਸਿੱਖੀ ਦਾ ਖੁਰਾ-ਖੋਜ ਮਿਟਾ ਦਿੱਤਾ।

ਸ੍ਰੀ ਦਸਮੇਸ਼ ਜੀ ਤੋਂ ਮਗਰੋਂ ਸਿੱਖਾਂ ਉੱਤੇ ਇਹ ਪਹਿਲੀ ਮੁਸੀਬਤ ਸੀ। ਜਦ ਬੰਦੇ ਦੀ ਚੜ੍ਹਦੀ ਕਲਾ ਸੀ, ਤਾਂ ਅਣ-ਪੁੱਛੇ ਹਜ਼ਾਰਾਂ ਜ਼ਿਮੀਂਦਾਰ ਸਿੱਖ ਬਣ ਗਏ ਸਨ, ਪਰ ਜਦ ਪਰਖ ਦਾ ਸਮਾਂ ਆਇਆ ਅਤੇ ਕੁਠਾਲੀ ਵਿਚ ਕੰਮ ਨੂੰ ਪਰਖ ਦਿੱਤਾ ਗਿਆ, ਤਾਂ ਕੱਚੇ ਪਿਲੇ ਧੂੰਆਂ ਬਣ ਕੇ ਉੱਡ ਗਏ ਤੇ ਖਾਲਸਾ ਖਾਲਸ ਕੁੰਦਨ ਰਹਿ ਗਿਆ। ਕੀ ਜਾਣੀਏ ਇਹ ਮੁਸੀਬਤ ਸੀ, ਕਿ ਖਾਲਸੇ ਵਿਚੋਂ ਖੋਟ ਕੱਢਣ ਦੀ ਇਕ ਕਰਤਾਰੀ ਕਾਰ !

ਲਾਹੌਰ ਦੇ ਸੂਬੇ ਜ਼ਬਰਦਸਤ ਖਾਂ ਨੇ ਖਾਲਸੇ ਦੀ ਸਾਰੀ ਖੋਟ ਕੱਢ ਦਿੱਤੀ, ਪਰ ਖਾਲਸੇ ਦਾ ਉਹ ਕੁਝ ਨਾ ਵਿਗਾੜ ਸਕਿਆ। ਕੁੰਦਨ ਨੂੰ ਸੌ ਪਰਖ ਦੇਵੇ ਕੁੰਦਨ ਨਾ ਘਟਦਾ ਹੈ, ਨਾ ਸੜਦਾ ਹੈ, ਸਗੋਂ ਹਰ ਪਰਖ ਮਗਰੋਂ ਰੰਗ ਰੂਪ ਵਿਚ ਅੱਗੇ ਨਾਲੋਂ ਚੜ੍ਹਦਾ ਨਿਕਲਦਾ ਹੈ। ਸੂਬੇ ਨੇ ਦੋ ਸਾਲ ਕੁਠਾਲੀ ਤਪਾਈ ਰੱਖੀ, ਸੰਮਤ 1768 ਤੋਂ ਸੰਮਤ 1770 ਤੀਕ ਆਪਣੀ ਵੱਲੋਂ ਆਪਣੇ ਸੂਬੇ ਨੂੰ ਸਿੱਖਾਂ ਤੋਂ ਸਾਫ ਕਰ ਦਿੱਤਾ ਅਤੇ ਪਰਜਾ ਉੱਤੇ ਅਜਿਹਾ ਰੋਹਬ ਜਮਾਇਆ, ਕਿ ਹੁਣ ਕਿਸੇ ਵਿਚ ਚੂੰ ਕਰਨ ਦੀ ਆਸ ਤਕ ਨਾ ਰਹੀ।

ਪਰ ਇਸ ਸਮੇਂ ਜਗਤ ਸਿੰਘ ਸੂਰਮਾ ਬੜ੍ਹਕਿਆ ਅਤੇ ਰਿਆੜਕੀ ਵਿਚ ਭਬਕਾਰਾ ਮਾਰ ਕੇ ਕਿੜੀ-ਪਠਾਣ ਤੇ ਗਿਰਦ ਨਵਾਹੀ ਦੇ ਪੰਜਾਹ ਸੱਠ ਪਿੰਡ ਉਗਰਾਹ ਲਏ। ਦਿੱਲੀ ਤੀਕ ਰੌਲਾ ਪੈ ਗਿਆ ਕਿ ਸਿੱਖ ਅਜੇ ਤੀਕ ਜੀਉਂਦੇ ਹਨ ਅਤੇ ਚੰਗੀ ਤਰ੍ਹਾਂ ਦਰੜੇ ਨਹੀਂ ਗਏ। ਜ਼ਬਰਦਸਤ ਖਾਂ ਹਟਾ ਦਿੱਤਾ ਗਿਆ ਅਤੇ ਉਸ ਦੀ ਥਾਂ ਦਲੇਰ ਜੰਗ ਸੂਬਾ ਹੋ ਕੇ ਆਇਆ, ਮੁਹੰਮਦ ਅਮੀਨ ਖਾਂ ਭੀ ਬਹੁਤ ਸਾਰੀ ਸੈਨਾ ਲੈ ਕੇ ਦਿੱਲੀ ਤੋਂ ਆਇਆ ਅਤੇ ਅੰਮ੍ਰਿਤਸਰ ਚੋ ਗਿਰਦੇ ਫੇਰ ਸਿੰਘਾਂ ਦੀ ਕਤਲੇ-ਆਮ ਆਰੰਭ ਹੋ ਗਈ।

ਦੋ ਸਾਲ ਰਾਮ ਰੌਲਾ ਰਿਹਾ। ਬਾਦਸ਼ਾਹੀ ਫੌਜਾ ਸਿੰਘਾਂ ਨੂੰ ਮਾਰਦੀਆਂ ਫਿਰਦੀਆਂ ਅਤੇ ਸਿੰਘ ਸਮਾਂ ਵੇਖ ਕੇ ਸਾਰੀ ਰਿਆੜਕੀ ਉਗਰਾਹ ਲੈਂਦੇ। ਦਿੱਲੀ ਤੋਂ ਸੈਨਾ ਆਈ. ਪੰਜਾਬ ਦੀ ਸਾਰੀ ਫੌਜ ਇਕੱਠੀ ਹੋਈ, ਕਈ ਮਹੀਨੇ ਬੰਦੇ ਨੂੰ ਘੇਰੀ ਰਖਿਆ ਅਤੇ ਅੰਤ ਨੂੰ ਫੜ ਲਿਆ। ਇਹ ਗੱਲ ਆਰੰਭ ਮੱਘਰ ਸੰਮਤ 1772 ਦੀ ਹੈ।

ਇਸ ਤੋਂ ਮਗਰੋਂ ਸਿੰਘਾਂ ਨਾਲ ਕੀ ਬੀਤੀ, ਇਸ ਦਾ ਹਾਲ ਮੈਂ ਆਪਣੀ ਲਿਖੀ ਕਿਤਾਬ ਬੰਦਾ ਬਹਾਦਰ' ਵਿਚੋਂ ਦਿੰਦਾ ਹਾਂ। ਇਸ ਤੋਂ ਪਤਾ ਲੱਗ ਜਾਵੇਗਾ ਕਿ ਐਸੀ ਫੜੋ-ਫੜੀ ਦੇ ਸਮੇਂ ਕਿਸ ਤਰ੍ਹਾਂ ਦੋਸ਼ੀਆਂ ਨਾਲ ਬੇ-ਦੋਸ਼ੇ ਭੀ ਫੜੇ ਜਾਂਦੇ ਹਨ ਅਤੇ ਸਰਕਾਰਾਂ ਆਪਣਾ ਰੋਹਬ ਜਮਾਉਣ ਲਈ ਕੈਸੇ ਕੈਸੇ ਤਸੀਹੇ ਦੇ ਦਿਆ ਕਰਦੀਆਂ ਹਨ ਅਤੇ ਐਸੇ ਸਮੇਂ ਸਿੰਘਾਂ ਦਾ ਕੀ ਕਰਤੱਵ ਹੁੰਦਾ ਹੈ, ਉਹ ਮੁਸੀਬਤ ਵੇਖ ਕੇ ਆਪਣੇ ਕੀਤੇ ਉੱਤੇ ਪਛਤਾਵਾ ਕਰਦੇ ਹਨ, ਕਿ ਖਿੜੇ ਮੱਥੇ ਹਰ ਤਰ੍ਹਾਂ ਦੀ ਮੁਸੀਬਤ ਨੂੰ 'ਜੀ ਆਇਆਂ' ਆਖਦੇ ਹਨ?

"ਲਾਹੌਰੋਂ ਤੁਰਿਆਂ ਜ਼ਕਰੀਆ ਖਾਂ ਨੂੰ ਸੂਝ ਫੁਰੀ, ਕਿ ਦੋ ਸੌ ਕੈਦੀ ਤਾਂ ਬਹੁਤ ਹੀ ਥੋੜ੍ਹਾ ਹੈ, ਘਟ ਤੋਂ ਘੱਟ ਹਜ਼ਾਰ ਤਾਂ ਹੋਵੇ। ਬਸ, ਸੋਚ ਦੀ ਹੀ ਢਿੱਲ ਸੀ ਰੋਜ਼ ਬੇ-ਗੁਨਾਹ ਸਿੰਘ ਫੜੇ ਆਉਣ ਲੱਗ ਪਏ ਅਤੇ ਦਿਨਾਂ ਵਿਚ ਹੀ ਇਹਨਾਂ ਦੀ ਗਿਣਤੀ ਹਜ਼ਾਰ ਦੇ ਲਗ-ਭਗ ਅੱਪੜ ਗਈ। ਇਸ ਵੇਲੇ ਸਿੰਘਾਂ ਉੱਤੇ ਬੜੀ ਔਕੜ ਬਣੀ ਹੋਈ ਸੀ। ਵੈਰੀਆਂ ਨੂੰ ਬਦਲੇ ਲੈਣ ਦਾ ਸਮਾਂ ਲੱਭਾ, ਮੁਖਬਰੀਆਂ ਕਰ ਕਰ ਕੇ ਖੁਰਾ-ਖੋਜ ਮੁਕਾਉਣਾ ਚਾਹਿਆ ਅਤੇ ਦਿਨਾਂ ਵਿਚ ਹਜ਼ਾਰਾਂ ਸਿੰਘ ਸ਼ਹੀਦ ਕੀਤੇ ਗਏ। ਇਹ ਪਹਿਲਾ ਸਮਾਂ ਹੈ ਕਿ ਸਿੰਘਾਂ ਨੂੰ ਆਪਣੇ ਘਰ-ਬਾਰ ਛੱਡ ਕੇ ਜੂਹਾਂ ਵਿਚ ਪਨਾਹ ਲੈਣੀ ਪਈ।"

'ਜਦ ਇਹ ਡੇਰਾ ਸਰਹੰਦ ਪੁੱਜਾ ਤਾਂ ਲੋਕਾਂ ਨੂੰ ਵਿਖਾਉਣ ਲਈ ਸਾਰੇ ਕੈਦੀ ਸ਼ਹਿਰ ਦੇ ਬਜ਼ਾਰਾਂ ਵਿਚ ਫੇਰੇ ਗਏ। ਹਰ ਇਕ ਸਿੰਘ ਦੇ ਪੈਰੀਂ ਬੇੜੀ, ਗਲ ਤੌਕ, ਹੱਥ ਹੱਥਕੜੀ ਤੇ ਲੱਕ ਜ਼ੰਜੀਰ ਸੀ, ਲੱਕ ਦੇ ਸੰਗਲ ਨਾਲ ਦੋ-ਦੋ ਤਿੰਨ-ਤਿੰਨ ਸਿੰਘ ਜੂੜ ਕੇ ਗੱਡਿਆਂ ਉੱਤੇ ਸੁੱਟੇ ਹੋਏ ਸਨ। ਅਤੇ ਇਸੇ ਹਾਲਤ ਵਿਚ ਬਜ਼ਾਰਾਂ ਵਿਚ ਵਿਖਾਏ ਜਾਂਦੇ ਸਨ। ਜਿਹਨਾਂ ਆਦਮੀਆਂ ਦੇ ਘਰ ਲੁੱਟੇ ਗਏ ਸਨ ਉਹਨਾਂ ਨੇ ਆਪਣਾ ਗੱਚ ਕੱਢਿਆ ਅਤੇ ਬੱਧੇ ਹੋਏ ਕੈਦੀਆਂ ਨੂੰ ਗਾਲ੍ਹਾਂ ਦੇ ਕੇ ਅਤੇ ਇੱਟਾਂ-ਵੱਟੇ ਮਾਰ ਕੇ ਆਪਣਾ ਦਿਲ ਠੰਢਾ ਕੀਤਾ।"

"ਸਰਹੰਦੋਂ ਤੁਰ ਜਦ 24 ਮਾਘ ਸੰਮਤ 1772 ਬਿਕ੍ਰਮੀ ਨੂੰ ਦਿੱਲੀ ਪਾਸ

ਪੁੱਜੇ ਤਾਂ ਬਾਦਸ਼ਾਹ ਨੇ ਮੁਹੰਮਦ ਅਮੀਨ ਖਾਂ ਨੂੰ ਅੱਗੋਂ ਭੇਜਿਆ ਕਿ ਸਭ ਕੈਦੀਆਂ ਨੂੰ ਕਿਸੇ ਖਾਸ ਢੰਗ ਨਾਲ ਲਿਆਵੇ। ਤਿੰਨ ਹਜ਼ਾਰ ਸਿੰਘਾਂ ਦੇ ਸਿਰ ਜੋ ਬਰਛੀਆਂ ਉੱਤੇ ਟੰਗੇ ਹੋਏ ਸਨ, ਸਭ ਨਾਲੋਂ ਅੱਗੇ ਕਰ ਕੇ ਅਤੇ ਕੈਦੀਆਂ ਦਾ ਮੂੰਹ ਕਾਲਾ ਕਰ ਕੇ ਤੇ ਸਿਰਾਂ ਉੱਤੇ ਕਾਠ ਦੀ ਟੋਪੀ ਰੱਖ ਕੇ ਬੰਦੇ ਨੂੰ ਕਾਠ ਦੇ ਪਿੰਜਰੇ ਵਿਚ ਪਾ ਕੇ ਅਤੇ ਬਾਕੀਆਂ ਨੂੰ ਗੱਡਿਆਂ ਉੱਤੇ ਬਿਠਾ ਕੇ ਸ਼ਹਿਰ ਵਿਚ ਲਿਆਵੇ। ਲਾਹੌਰੀ ਦਰਵਾਜ਼ਿਓਂ ਕੋਤਵਾਲੀ ਤੀਕ ਆਦਮ ਹੀ ਆਦਮ ਖੜਾ ਸੀ ਅਤੇ ਅਜੀਬ ਕੈਦੀਆਂ ਨੂੰ ਦੇਖ ਕੇ ਹਰ ਕੋਈ ਖੁਸ਼ ਹੋ ਰਿਹਾ ਸੀ। ਜਦ ਬਾਦਸ਼ਾਹ ਦੇ ਹਜ਼ੂਰ ਗਏ ਤਾਂ ਉਸ ਨੇ ਹੁਕਮ ਦਿੱਤਾ ਕਿ ਬੰਦਾ ਬਹਾਦਰ, ਉਸ ਦਾ ਪੁੱਤਰ ਅਤੇ ਦੋ ਤਿੰਨ ਉਸ ਦੇ ਮੋਹਤਬਾਰਾਂ ਨੂੰ ਤਾਂ ਕਿਲ੍ਹੇ ਵਿਚ ਕੈਦ ਕੀਤਾ ਜਾਵੇ ਅਤੇ ਬਾਕੀ ਸਿੰਘ ਕੋਤਵਾਲੀ ਅੰਦਰ ਬੰਦ ਕੀਤੇ ਜਾਣ !

ਨਾਲ ਹੀ ਇਹ ਵੀ ਹੁਕਮ ਦਿੱਤਾ ਕਿ ਕੈਦੀਆਂ ਵਿਚੋਂ ਸੌ-ਸੌ ਰੋਜ਼ ਕੋਤਵਾਲੀ ਦੇ ਸਾਹਮਣੇ ਕਿਲ੍ਹੇ ਦੇ ਦਰਵਾਜ਼ੇ ਅੱਗੇ ਅਤੇ ਵੱਡੇ-ਵੱਡੇ ਬਜ਼ਾਰਾਂ ਦੇ ਚੁਰੱਸਤਿਆਂ ਵਿਚ ਕਤਲ ਕੀਤੇ ਜਾਇਆ ਕਰਨ ਅਤੇ ਜੇਹੜਾ ਕੈਦੀ ਮੁਸਲਮਾਨ ਹੋਣਾ ਮਨਜ਼ੂਰ ਕਰ ਲਵੇ ਉਹ ਛੱਡ ਦਿੱਤਾ ਜਾਵੇ, ਪਰ ਵਾਹ ਖਾਲਸਈ ਹੌਸਲਾ ! ਕਿ ਅੱਠ ਨੌਂ ਸੌ ਕੈਦੀਆਂ ਵਿਚੋਂ ਇਕ ਨੇ ਵੀ ਦਿਲ ਨਾ ਡੁਲਾਇਆ ਅਤੇ ਕਤਲ ਹੋਣ ਵਿਚ ਇਕ ਨਾਲੋਂ ਦੂਜਾ ਸਿੰਘ ਪਹਿਲ ਕਰਨੀ ਚਾਹੁੰਦਾ ਰਿਹਾ। ਖਾਫੀ ਖਾਂ ਲਿਖਦਾ ਹੈ ਕਿ ਮੈਂ ਇਹਨਾਂ ਸਿੰਘਾਂ ਦੇ ਨਿਸਚੇ ਦੀਆਂ ਐਸੀਆਂ-ਐਸੀਆਂ ਗੱਲਾਂ ਸੁਣੀਆਂ ਹਨ, ਜਿਹਨਾਂ ਨੂੰ ਅਕਲ ਮੰਨ ਨਹੀਂ ਸਕਦੀ, ਪਰ ਜੋ ਕੁਝ ਮੈਂ ਆਪਣੀ ਅੱਖੀਂ ਵੇਖਿਆ ਹੈ। ਉਹ ਲਿਖਦਾ ਹਾਂ ਕਿ ਇਹਨਾਂ ਕੈਦੀਆਂ ਵਿਚ ਇਕ ਦਾੜ੍ਹੀ ਮੁੱਛ ਫੁੱਟਦਾ ਲੜਕਾ ਸੀ, ਉਸ ਦੀ ਮਾਤਾ ਨੇ ਵਸੀਲਾ ਪਾ ਕੇ ਆਪਣੇ ਕਿਸੇ ਹਮਾਇਤੀ ਦੀ ਰਾਹੀਂ ਬਾਦਸ਼ਾਹ ਅਤੇ ਉਸ ਦੇ ਵਜ਼ੀਰ ਸੱਯਦ ਅਬਦੁੱਲਾ ਪਾਸ ਰੋ-ਰੋ ਬੇਨਤੀ ਕੀਤੀ ਕਿ ਮੇਰਾ ਪੁੱਤਰ ਇਹਨਾਂ ਕੈਦੀਆਂ ਵਿਚ ਹੈ। ਇਕ ਵਾਰ ਸਿੰਘ ਲੁੱਟ-ਮਾਰ ਨੂੰ ਆਏ, ਇਸ ਨੂੰ ਫੜ ਕੇ ਲੈ ਗਏ ਸਨ। ਉਦੋਂ ਦਾ ਹੀ ਇਹ ਇਹਨਾਂ ਨਾਲ ਹੈ ਅਤੇ ਬੇ-ਦੋਸ਼ਾ ਹੀ ਕਤਲ ਕੀਤਾ ਚਲਿਆ ਹੈ।

ਬਾਦਸ਼ਾਹ ਨੂੰ ਤਰਸ ਆ ਗਿਆ ਅਤੇ ਉਸ ਦੇ ਪੁੱਤਰ ਦੀ ਰਿਹਾਈ ਵਾਸਤੇ ਆਪਣੇ ਹਜ਼ੂਰੋਂ ਇਕ ਆਦਮੀ ਘੱਲਿਆ। ਉਹ ਤ੍ਰੀਮਤ ਖਲਾਸੀ ਦਾ ਹੁਕਮ ਲੈ ਕੇ ਐਨ ਉਸ ਸਮੇਂ ਪੁੱਜੀ ਜਦ ਕਿ ਜੱਲਾਦ ਲਹੂ ਨਾਲ ਭਿੱਜੀ ਹੋਈ ਤਲਵਾਰ ਖਿੱਚੀ ਉਸ ਨੂੰ ਵੱਢਣ ਵਾਲਾ ਹੀ ਸੀ। ਉਸ ਦੇ ਪੁੱਤਰ ਨੇ ਰੌਲਾ ਪਾਇਆ ਕਿ ਮੇਰੀ ਮਾਤਾ ਝੂਠ ਬੋਲਦੀ ਹੈ, ਮੈਂ ਤਨੋਂ-ਮਨੋਂ ਆਪਣੇ ਗੁਰੂ ਤੋਂ ਘੋਲੀ ਹਾਂ, ਮੈਨੂੰ ਝੱਬਦੇ ਮੇਰੇ ਸਾਥੀਆਂ ਪਾਸ ਪੁਚਾਓ।"

ਤਾਰੀਖ ਮੁਹੰਮਦ ਸ਼ਾਹੀ ਦੇ ਲੇਖਕ ਨੇ ਇਸ ਸਾਖੀ ਨੂੰ ਹੋਰ ਤਰ੍ਹਾਂ ਹੀ ਦਿੱਤਾ ਹੈ। ਉਸ ਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਜਦ ਜ਼ਕਰੀਆ ਖਾਂ ਸਿੰਘਾਂ ਨੂੰ ਲੈ ਕੇ ਦਿੱਲੀ ਪਾਸ ਪੁੱਜਾ ਤਾਂ ਪਤਾ ਲੱਗਾ ਕਿ ਆਹ ! ਸਾਹਮਣੇ ਪਿੰਡ ਦੀ ਇਕ ਛੋਕਰਾ ਸਿੰਘ ਸੱਜ ਗਿਆ ਹੈ। ਉਸੇ ਵੇਲੇ ਉਸ ਨੂੰ ਫੜ ਕੇ ਮੰਗਵਾਉਣ ਦਾ ਹੁਕਮ ਦਿੱਤਾ ਅਤੇ ਕੁਝ ਆਦਮੀ ਉਸ ਪਿੰਡ ਵੱਲ ਘੱਲੇ ਗਏ। ਕਰਤਾਰ ਦੀ ਕੁਦਰਤ ਉਹ ਅਜੇ ਵਿਆਹ ਕਰਵਾ ਕੇ ਆਇਆ ਹੀ ਸੀ ਕਿ ਇਹ ਜਮਦੂਤ ਅੱਪੜ ਪਏ। ਡੋਲਾ ਅਜੇ ਘਰ ਵੀ ਨਹੀਂ ਪੁੱਜਾ ਸੀ ਕਿ ਇਹ ਵਿਚਾਰਾ ਫੜ ਲਿਆ ਗਿਆ ਅਤੇ ਘਰ ਵਾਲਿਆਂ ਦੀ ਖੁਸ਼ੀ ਸੋਗ ਵਿਚ ਬਦਲ ਗਈ। ਵਿਚਾਰੇ ਦਾ ਪਿਤਾ ਮਰ ਚੁੱਕਾ ਸੀ ਜੇ ਇਸ ਵੇਲੇ ਸਹਾਇਤਾ ਕਰਦਾ ਅਤੇ ਜਾਂਞੀਆਂ ਦਾ ਜਾਂ ਪਿੰਡ ਵਿਚੋਂ ਹੋਰ ਕਿਸੇ ਆਦਮੀ ਦਾ ਹੌਸਲਾ ਨਾ ਪਿਆ ਕਿ ਇਸ ਬੇ-ਦੋਸ਼ ਨੂੰ ਛੁਡਾਉਣ ਦੀ ਕੋਸ਼ਿਸ਼ ਕੀਤੀ ਜਾਵੇ ਵਿਧਵਾ ਮਾਤਾ ਆਪਣੀ ਨਵੀਂ ਨੂੰਹ ਨੂੰ ਨਾਲ ਲੈ ਕੇ ਦਿੱਲੀ ਵੱਲ ਵਗੀ ਅਤੇ ਪਾਤਸ਼ਾਹ ਦੀ ਕਚਹਿਰੀ ਅੱਗੇ ਜਾ ਦੁਹਾਈ ਪਾਈ। ਕਹਿਰ ਦਾ ਸਮਾਂ ! ਸੱਚ ਬੋਲਿਆਂ ਛੁਟਕਾਰਾ ਨਹੀਂ ਹੋਣਾ ਸੀ, ਜੇ ਕਰ ਆਖ ਦੇਵੇ ਕਿ ਮੇਰੇ ਪੁੱਤਰ ਨੂੰ ਬਦੋ-ਬਦੀ ਫੜ ਲਿਆ ਹੈ ਤਾਂ ਪੁੱਤਰ ਦੇ ਨਾਲ ਆਪਣਾ ਅੰਤ ਹੈ। ਇਸ ਲਈ ਉਸ ਨੇ ਇਹ ਸਾਖੀ ਘੜੀ ਕਿ ਇਕ ਵਾਰ ਸਿੰਘਾਂ ਨੇ ਪਿੰਡ ਚ ਲੁੱਟਿਆ ਤਾਂ ਮੇਰਾ ਨਵਾਂ ਵਿਆਹਿਆ ਪੁੱਤਰ ਵੀ ਲੁੱਟ ਵਿਚ ਹੀ ਲੈ ਗਏ ਉਸ ਦੀ ਵਹੁਟੀ ਦੇ ਹੱਥਾਂ ਪੈਰਾਂ ਦੀ ਮਹਿੰਦੀ ਅਜੇ ਉਸੇ ਤਰ੍ਹਾਂ ਹੈ ਅਤੇ ਗਾਨਾ ਅਜੇ ਤੀਕ ਕਿਸੇ ਨਹੀਂ ਖੋਲ੍ਹਿਆ।

ਬੁੱਢੀ ਦੇ ਵਿਰਲਾਪ ਨੇ ਪੱਥਰ ਦਿਲ ਹਾਕਮਾਂ ਨੂੰ ਮੋਮ ਕਰ ਦਿੱਤਾ ਅਤੇ ਬਾਦਸ਼ਾਹ ਤੋਂ ਅੰਤ ਨੂੰ ਹੁਕਮ ਲੈ ਹੀ ਲਿਆ ਕਿ ਇਸ ਦਾ ਪੁੱਤਰ ਛੱਡ ਦਿੱਤਾ ਜਾਵੇ। ਇਹ ਹੁਕਮ ਲੈ ਕੇ ਜਦ ਉਹ ਦਰੋਗੇ ਪਾਸ ਪੁੱਜੀ ਤਾਂ ਕੀ ਵੇਖਦੀ ਹੈ ਕਿ ਕੋਤਵਾਲੀ ਦੇ ਸਾਹਮਣੇ ਸਿੰਘਾਂ ਦੀ ਕਤਾਰ ਬੈਠੀ ਹੈ, ਇਕ ਇਕ ਸਿੰਘ ਨੂੰ ਮੁਸਲਮਾਨ ਹੋਣ ਲਈ ਕਿਹਾ ਜਾਂਦਾ ਹੈ। ਜਦ ਉਹ ਨਹੀਂ ਮੰਨਦਾ ਤਾਂ ਕਈ ਪਰਕਾਰ ਦੇ ਤਸੀਹੇ ਦੇ ਕੇ ਕਤਲ ਕੀਤਾ ਜਾਂਦਾ ਹੈ। ਉਸ ਵੇਲੇ ਉਸ ਦੇ ਪੁੱਤਰ ਦੀ ਵਾਰੀ ਸੀ ਅਤੇ ਜਲਾਦ ਲਹੂ ਭਰੀ ਤਲਵਾਰ ਧੂਹੀ ਤਿਆਰ ਹੀ ਸੀ ਕਿ ਆਪਣਾ ਕੰਮ ਆਰੰਭੇ, ਜੁ ਇਸ ਨੇ ਹਾਲ ਦੁਹਾਈ ਪਾਈ ਅਤੇ ਬਾਦਸ਼ਾਹ ਦੇ ਹਜ਼ੂਰ ਆਏ ਆਦਮੀ ਨੇ ਉਸ ਦੇ ਛੱਡ ਦਿੱਤੇ ਜਾਣ ਲਈ ਦਰੋਗੇ ਨੂੰ ਕਹਿ ਦਿੱਤਾ। ਸ਼ਹੀਦ ਹੋਣ ਲੱਗੇ ਬੱਚੇ ਨੇ ਕਿਹਾ, 'ਮੈਂ ਨਹੀਂ ਜਾਣਦਾ ਇਹ ਕਿਸ ਦੀ ਮਾਤਾ ਹੈ ਅਤੇ ਇਹ ਵਹੁਟੀ ਕਿਥੋਂ ਲਿਆਂਦੀ ਹੈ, ਇਹ ਕਿਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਮੇਰੇ ਸਾਥੀ ਤਾਂ ਗਏ, ਪਰ ਮੇਰੇ ਜਾਣ ਦਾ ਸਮਾਂ ਜਾ ਰਿਹਾ ਹੈ, ਢਿੱਲ ਮੈਨੂੰ ਅਤੇ ਤੁਹਾਨੂੰ ਦੋਹਾਂ ਨੂੰ ਦੁਖਦਾਈ ਹੈ। ਬੁੱਢੀ ਬਥੇਰਾ ਹੋਈ ਅਤੇ ਹਾਕਮਾਂ ਨੇ ਵੀ ਮਨ੍ਹਾ ਕੀਤਾ, ਪਰ ਉਹ ਮੁੰਡਾ ਨਹੀਂ ਮੰਨਿਆ ਅਤੇ ਅੰਤ ਨੂੰ ਆਪਣਾ ਸਿਰ ਸੱਚ ਤੋਂ ਵਾਰ ਦਿੱਤਾ।

ਸੱਤਾਂ ਕੁ ਦਿਨਾਂ ਵਿਚ ਸਾਰੇ ਸਿੰਘ ਮੁੱਕ ਗਏ, ਪਰ ਉਨ੍ਹਾਂ ਵਿਚੋਂ ਇਕ ਨੇ ਵੀ ਮੁਸਲਮਾਨੀ ਮੱਤ ਅੰਗੀਕਾਰ ਨਹੀਂ ਕੀਤਾ। ਜਿਸ ਦਿਨ ਆਖਰੀ ਜਥਾ ਕਤਲ ਕੀਤਾ ਗਿਆ ਉਸ ਦਿਨ ਫੱਗਣ ਦੀ ਸੰਗਰਾਂਦ ਸੀ । ਬੁੱਢੇ-ਬੁੱਢੇ ਆਦਮੀ ਦੱਸਦੇ ਹਨ ਕਿ ਅਜੇਹੀ ਖੂੰਰੇਜ਼ੀ ਅੱਗੇ ਕਦੇ ਨਹੀਂ ਦੇਖੀ, ਪਰ ਜ਼ੁਲਮ ਦੀ ਅਜੇ ਹੱਦ ਨਹੀਂ ਹੋਈ, ਸਭ ਸਿੰਘਾਂ ਨੂੰ ਕਤਲ ਕਰ ਕੇ ਉਨ੍ਹਾਂ ਦੇ ਸਿਰ ਸ਼ਹਿਰ ਦੇ ਰੁੱਖਾਂ ਨਾਲ ਲਟਕਾਏ ਗਏ, ਉਹਨਾਂ ਦੇ ਧੜਾਂ ਦੇ ਟੋਟੇ-ਟੋਟੇ ਕਰ ਕੇ ਕਿਤੇ ਲੱਤ, ਕਿਤੇ ਬਾਂਹ ਅਤੇ ਕਿਤੇ ਸਾਰਾ ਧੜ ਹੀ ਦਰਖ਼ਤ ਨਾਲ ਲਟਕਾ ਦਿੱਤਾ ਗਿਆ। ਕਈ ਥਾਈਂ ਜ਼ਮੀਨ ਵਿਚ ਨੇਜ਼ੇ ਤੇ ਬਰਛੀਆਂ ਗੱਡ ਕੇ ਸਿੰਘਾਂ ਦੇ ਸਿਰ ਟੰਗੇ ਹੋਏ ਸਨ। ਸਿੰਘਾਂ ਵਿਚੋਂ ਇਕ ਦੀ ਲੋਥ ਵੀ ਸਾੜੀ ਜਾਂ ਫੂਕੀ ਨਹੀਂ ਗਈ, ਸਾਰੀਆਂ ਇਸ ਤਰ੍ਹਾਂ ਸ਼ਹਿਰ ਦੇ ਵਿਚ ਜਾਂ ਇਰਦ-ਗਿਰਦ ਟੰਗੀਆਂ ਹੋਈਆਂ ਸਨ । ਚਾਰ ਕੁ ਹਜ਼ਾਰ ਸਿਰ ਅਤੇ ਇਤਨੀਆਂ ਹੀ ਲੱਤਾਂ, ਬਾਹਾਂ, ਧੜ ਰੁੱਖਾਂ ਨਾਲ ਲਟਕਾਏ, ਉਹਨਾਂ ਦੇ ਮਾਸ ਨੂੰ ਗਿਰਝਾਂ ਅਤੇ ਕਾਵਾਂ ਦਾ ਖਾਣਾ ਅਤੇ ਸਾਰੇ ਸ਼ਹਿਰ ਵਿਚ ਬਦਬੂ ਦਾ ਫੈਲਾਣਾ, ਬੜੇ ਭੈ-ਭੀਤ ਨਜ਼ਾਰੇ ਸਨ। ਇਸ ਤਰ੍ਹਾਂ ਹੀ ਕਈ ਦਿਨ ਲੰਘ ਗਏ ਅਤੇ ਅੰਤ ਨੂੰ ਜਦ ਹੱਡੀਆਂ ਰਹਿ ਗਈਆਂ ਤਾਂ ਹੌਲੀ-ਹੌਲੀ ਪਿੰਜਰ ਵੀ ਜ਼ਮੀਨ ਉੱਤੇ ਡਿੱਗ ਪਏ। ਐਸਾ ਕਰਨਾ ਉਸ ਵੇਲੇ ਦੀ ਆਮ ਰਸਮ ਸੀ ਅਤੇ ਇਸ ਲਈ ਕੀਤਾ ਜਾਂਦਾ ਸੀ ਕਿ ਐਸੇ ਨਜ਼ਾਰੇ ਵੇਖ ਕੇ ਲੋਕੀਂ ਡਰ ਜਾਣ ਅਤੇ ਕਿਸੇ ਵਿਚ ਬਗਾਵਤ ਕਰਨ ਦਾ ਹੌਸਲਾ ਨਾ ਪਵੇ।

ਖਾਲਸੇ ਲਈ ਮੁਸੀਬਤ ਦੀ ਇਹ ਪਹਿਲੀ ਲੜੀ ਸੀ । ਬੰਦਾ ਮਾਰਿਆ ਗਿਆ ਅਤੇ ਚੁਣਵੇ ਆਗੂ ਵੀ ਸਭ ਮਾਰੇ ਗਏ। ਹਾਕਮਾਂ ਜਾਣਿਆ ਹੁਣ ਕਿ ਇਹ ਲਹਿਰ ਮਰ ਗਈ ਹੈ, ਪਰ ਤਦ ਵੀ ਜੋ ਕਿਤੇ ਨਾਮ ਮਾਤਰ ਸਿੱਖ ਨਜ਼ਰ ਆਉਂਦਾ ਸੀ ਉਸੇ ਨੂੰ ਦਲੇਰ-ਜੰਗ ਮਾਰੀ ਗਿਆ। ਦਲੇਰ-ਜੰਗ ਮਾਰੀ ਜਾਂਦਾ ਸੀ, ਸਿੰਘ ਵਧਦੇ ਜਾਂਦੇ ਸਨ। ਉਸੇ ਹੀ ਸਮੇਂ ਸਰ ਬੁਲੰਦ ਖਾਂ ਕਾਬਲ ਦਾ ਸੂਬਾ ਹੋ ਕੇ ਦਿੱਲੀ ਵਲੋਂ ਆਇਆ। ਦਲੇਰ-ਜੰਗ ਨੇ ਉਸ ਪਾਸੋਂ ਭੀ ਸਹਾਇਤਾ ਮੰਗੀ ਤੇ ਦੋਹਾਂ ਨੇ ਰਲ ਕੇ ਖਾਲਸੇ ਦੇ ਲਹੂ ਨਾਲ ਹੱਥ ਰੰਗੇ, ਪਰ ਖਾਲਸਾ ਤਦ ਵੀ ਨਾ ਮੁੱਕਾ।

ਉਸ ਸਮੇਂ ਦਾ ਕੋਈ ਇਤਿਹਾਸਕਾਰ ਇਸ ਗੁੰਝਲ ਨੂੰ ਸਾਫ ਨਹੀਂ ਕਰ ਸਕਿਆ ਕਿ ਦਿੱਲੀ ਤੇ ਲਾਹੌਰ ਦਾ ਐਨਾ ਜਤਨ ਹੁੰਦਿਆਂ ਹੋਇਆ ਭੀ ਸਿੰਘ ਕਿਉਂ ਨਾ ਮੁੱਕੇ, ਜਾਂ ਸਰਕਾਰ ਦੇ ਅਨੁਸਾਰੀ ਕਿਉਂ ਨਾ ਹੋ ਗਏ। ਸੂਬੇ ਨੇ ਪੁੱਜ ਕੇ ਸਖਤੀ ਕਰ ਲਈ ਪਰ ਸਖਤੀ ਦਾ ਸਿੱਟਾ ਕੁਝ ਨਾ ਨਿਕਲਿਆ, ਇਸ ਕਰ ਕੇ ਸੂਬਾ ਚੁੱਪ ਹੋ ਗਿਆ।

ਦਲੇਰ-ਜੰਗ ਦਾ ਪੁੱਤਰ ਖਾਨ ਬਹਾਦਰ (ਜ਼ਕਰੀਆ ਖਾਨ) ਜਦ ਲਾਹੌਰ ਦਾ ਸੂਬਾ ਹੋਇਆ ਤਾਂ ਉਸ ਨੇ ਸਖਤੀ ਕਰਨੀ ਆਰੰਭੀ। ਉਸ ਨੇ ਕਾਇਦੇ ਨਾਲ

ਪਿੰਡ-ਪਿੰਡ ਨੂੰ ਸੋਧਿਆ। ਚੁਣ-ਚੁਣ ਕੇ ਸਿੰਘ ਮਾਰ। ਸਿੰਘ ਰਾਜ-ਧਰੋਹੀ ਸਮਝੇ ਜਾਂਦੇ ਸਨ, ਇਸ ਲਈ ਰਾਜ-ਧਰੋਹੀਆਂ ਦਾ ਖੁਰਾ-ਖੋਜ ਮਿਟਾਣਾ ਹੀ ਹਕੂਮਤ ਦਾ ਕੰਮ ਸੀ। ਸਿੰਘਾਂ ਦੇ ਸਿਰਾਂ ਦੇ ਇਨਾਮ ਰੱਖੇ ਹੋਏ ਸਨ। ਪਿੰਡ-ਪਿੰਡ ਸੂਹੀਏ ਫਿਰਦੇ ਸਨ, ਗਸ਼ਤੀ ਫੌਜਾਂ ਚੱਕਰ ਲਾਉਂਦੀਆਂ ਸਨ ਅਤੇ ਜਿਥੇ ਸਿੰਘਾਂ ਦਾ ਪਤਾ ਲੱਗਦਾ ਸੀ,ਜਾ ਸ਼ਿਕਾਰ ਕਰਦੀਆਂ ਸਨ।

ਖਾਨ ਬਹਾਦਰ ਇਸ ਤਰ੍ਹਾਂ ਸਿੰਘਾਂ ਨੂੰ ਮਿਟਾ ਰਿਹਾ ਸੀ, ਪਰ ਸਿੰਘ ਕੌੜੀ ਵੇਲ ਵਾਂਗ ਵਧਦੇ ਜਾਂਦੇ ਸਨ। ਜਿਉਂ-ਜਿਉਂ ਸਿੰਘਾਂ ਉੱਤੇ ਸਖਤੀ ਹੁੰਦੀ ਸੀ ਪਿੰਡਾਂ ਦੇ ਲੋਕੀਂ ਸਿੰਘਾਂ ਦੇ ਹਾਮੀ ਹੁੰਦੇ ਜਾਂਦੇ ਸਨ ਅਤੇ ਸਰਕਾਰ ਦੇ ਰਵੱਯੇ ਤੋਂ ਗੁੱਸੇ ਹੋ ਕੇ ਅਣਖ ਵਾਲੇ ਆਦਮੀ ਸਿੰਘ ਸਜਦੇ ਜਾਂਦੇ ਸਨ। ਖਾਨ ਬਹਾਦਰ ਆਪਣੀ ਵੱਲੋਂ ਐਤਨਾ ਜਤਨ ਕਰ ਰਿਹਾ ਸੀ, ਪਰ ਜਦ ਮਹਾਰਾਜਾ ਆਲਾ ਸਿੰਘ ਜੀ ਨੂੰ ਮੁਸਲਮਾਨਾਂ ਦੇ ਟਾਕਰੇ ਲਈ ਮਦਦ ਦੀ ਲੋੜ ਪਈ ਤਾਂ ਖਾਲਸਾ ਦਲ ਹੁੰਮ-ਹੁਮਾ ਕੇ ਬਰਨਾਲੇ ਆ ਪੁੱਜਾ ਅਤੇ ਚਾਲੀ ਹਜ਼ਾਰ ਮੁਸਲਮਾਨੀ ਸੈਨਾ ਨੂੰ ਭਜਾ ਦਿੱਤਾ। ਹੈਰਾਨੀ ਹੈ ਕਿ ਐਤਨਾ ਖਾਲਸਾ ਦਲ ਖਾਨ ਬਹਾਦਰ ਦੀ ਨਜ਼ਰੋਂ ਓਹਲੇ ਕੀਕੂੰ ਰਿਹਾ ਅਤੇ ਉਹ ਇਸ ਨੂੰ ਖੇਰੂੰ-ਖੇਰੂੰ ਕਿਉਂ ਨਾ ਕਰ ਸਕਿਆ।

ਖਾਨ ਬਹਾਦਰ ਨੇ ਤਾਰਾ ਸਿੰਘ ਵਾਈਏਂ ਦੇ ਜਥੇ ਨੂੰ ਸ਼ਹੀਦ ਕਰ ਕੇ ਇਹ ਸਮਝ ਲਿਆ ਸੀ ਕਿ ਮੈਂ ਸਿੰਘਾਂ ਨੂੰ ਮੁਕਾ ਚੁੱਕਾ ਹਾਂ, ਪਰ ਇਸ ਸਮੇਂ ਸ਼ਹੀਦ ਬਾਬਾ ਦੀਪ ਸਿੰਘ ਜੀ ਕਈ ਹਜ਼ਾਰ ਸਿੰਘਾਂ ਸਣੇ ਮਹਾਰਾਜ ਆਲਾ ਸਿੰਘ ਜੀ ਦੀ ਸਹਾਇਤਾ ਨੂੰ ਗਏ ਹੋਏ ਸਨ। ਸਿੰਘਾਂ ਦੀ ਹੋਂਦ ਦਾ ਖਾਨ ਬਹਾਦਰ ਨੂੰ ਕੇਵਲ ਉਦੋਂ ਪਤਾ ਲੱਗਾ, ਜਦ ਦਿੱਲੀਓਂ ਮੁੜਦੇ ਨਾਦਰ ਸ਼ਾਹ ਦਾ ਵਹੀਰ ਸਿੰਘਾਂ ਨੇ ਲੁੱਟ ਲਿਆ ਅਤੇ ਸੌ ਜਤਨ ਕਰਨ ਨਾਲ ਵੀ ਹੱਥ ਨਾ ਆਏ।

ਖਾਨ ਬਹਾਦਰ ਰੋਹ ਨਾਲ ਭਰ ਗਿਆ ਅਤੇ ਉਸ ਨੇ ਫੇਰ ਨਵੇਂ ਸਿਰਿਓਂ ਸਖਤੀ ਆਰੰਭੀ। ਇਹ ਨਾਦਰ ਤੋਂ ਇਕ ਸਾਲ ਪਹਿਲਾਂ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਚੁੱਕਾ ਸੀ। ਸ੍ਰੀ ਹਰਿਮੰਦਰ ਜੀ ਉੱਤੇ ਸਰਕਾਰੀ ਕਬਜ਼ਾ ਸੀ ਤੇ ਹਰ ਇਕ ਚੌਧਰੀ ਨੂੰ ਕਰੜੀ ਤਾਕੀਦ ਸੀ ਕਿ ਆਪਣੇ ਆਪਣੇ ਇਲਾਕੇ ਵਿਚੋਂ ਚੁਣ ਕੇ ਸਿੰਘ ਫੜੇ ਅਤੇ ਲਾਹੌਰ ਪਹੁਚਾਏ। ਇਸ ਸਮੇਂ ਛੀਨਿਆਂ ਦਾ ਚੌਧਰੀ ਕਰਮਾ ਛੀਨਾ, ਤਲਵੰਡੀ ਦਾ ਚੌਧਰੀ ਰਾਮਾ ਰੰਧਾਵਾ, ਜੋਧ ਨਗਰੀ ਦਾ ਚੌਧਰੀ ਧਰਮ ਦਾਸ ਟੋਪੀ, ਜੰਡਿਆਲੇ ਦਾ ਚੌਧਰੀ ਸਰਨ ਦਾਸ ਹੰਦਾਲੀਆ, ਨੁਸ਼ਹਿਰੇ ਢਾਲੇ ਦਾ ਚੌਧਰੀ ਸਾਹਿਬ ਰਾਇ, ਮੰਡਿਆਲੀ ਦਾ ਮੱਸਾ ਰੰਘੜ, ਨੁਸ਼ਹਿਰੇ ਪਨੂੰਆਂ ਤੇ ਮਜੀਠੇ ਦੇ ਚੌਧਰੀ ਸਿੰਘਾਂ ਦੇ ਵੈਰੀ ਹੋ ਰਹੇ ਸਨ। ਨਕਸ਼ਾ ਵੇਖਣ ਤੋਂ ਪਤਾ ਲੱਗ ਸਕਦਾ ਹੈ ਕਿ ਸ੍ਰੀ ਅਮ੍ਰਿਤਸਰ ਜੀ ਦੇ ਉਦਾਲੇ-ਉਦਾਲੇ ਇਹ ਸਰਕਾਰੀ ਮਦਦਗਾਰਾਂ ਦਾ ਇਕ ਕੁੰਡਲ ਬੱਝਾ ਹੋਇਆ ਸੀ। ਇਸ ਕੁੰਡਲ ਦੀ ਇਕ ਕੜੀ ਟੁੱਟੀ ਹੋਈ ਸੀ, ਅਰਥਾਤ ਚੁਭਾਲੀਆ ਚੌਧਰੀ ਸਿੰਘਾਂ ਦਾ ਵੈਰੀ ਨਹੀਂ ਸੀ । ਸਿੰਘ ਨਾ-ਮਿਲਵਰਤਣੀਏ ਸਨ ਤੇ ਚੁਭਾਲੀਆ ਚੌਧਰੀ ਮਿਲਵਰਤਣੀਆ ਸੀ।

ਇਹੋ ਧਰਤੀ ਹਠੀ ਤੇ ਸਿਰੜੀ ਸਿੰਘ ਪੈਦਾ ਕਰਨ ਵਾਲੀ ਸੀ । ਸੋ ਇਸੇ ਦੇ ਪ੍ਰਬੰਧ ਲਈ ਖਾਨ ਬਹਾਦਰ ਨੇ ਐਸਾ ਕੁੰਡਲ ਬਣਾ ਛੱਡਿਆ ਸੀ ਕਿ ਕੋਈ ਸਿੰਘ ਕਿਸੇ ਤਰ੍ਹਾਂ ਵੀ ਲੁਕ ਛਿੱਪ ਨਾ ਸਕਦਾ । ਇਹਨਾਂ ਚੌਧਰੀਆਂ ਨੂੰ ਸਹਾਇਤਾ ਦੇਣ ਵਾਲੇ ਸਰਕਾਰੀ ਸੂਹੀਏ ਅਤੇ ਗਸ਼ਤੀ ਫੌਜ ਦੇ ਸਿਪਾਹੀ ਸਨ। ਸਿੰਘਾਂ ਲਈ ਪੁੱਜ ਕੇ ਔਕੜ ਆ ਬਣੀ। ਲਾਚਾਰ ਹੈ, ਮਾਝਾ ਛੱਡ, ਮਾਲਵੇ ਚਲੇ ਗਏ। ਕਈ ਰਜਵਾੜਿਆਂ ਵਿਚ ਜਾ ਨੌਕਰ ਹੋਏ। ਜੈ ਪੁਰ ਤੀਕ ਸਿੰਘ ਚਲੇ ਗਏ ਅਤੇ ਮਾਝੇ ਵਿਚ ਕੋਈ ਬੇ-ਮਲੂਮਾਂ ਸਿੰਘ ਹੀ ਰਹਿ ਗਿਆ।

ਇਹ ਉਹ ਸਮਾਂ ਹੈ ਜਦ ਮੱਸਾ ਰੰਘੜ ਸ੍ਰੀ ਹਰਿਮੰਦਰ ਜੀ ਵਿਚ ਕੰਜਰੀਆਂ ਦਾ ਨਾਚ ਕਰਵਾਉਂਦਾ ਹੁੰਦਾ ਸੀ । ਭਾਈ ਮਤਾਬ ਸਿੰਘ ਮੀਰਾਂ ਕੋਟੀਏ ਨੇ ਜਦ ਜੈਪੁਰ ਵਿਚ ਪੰਥ ਦਾ ਇਹ ਹਾਲ ਅਤੇ ਸ੍ਰੀ ਹਰਿਮੰਦਰ ਜੀ ਦੀ ਐਸੀ ਬੇ-ਅਦਬੀ ਹੁੰਦੀ ਸੁਣੀ ਤਾਂ ਖਾਲਸਈ ਕਰਤੱਵ ਨੇ ਹੁਲਾਰਾ ਮਾਰਿਆ। ਸਿੰਘ ਸ਼ਹੀਦ ਹੋਣ ਲਈ ਤੁਰ ਪਿਆ। ਆਪ ਦੇ ਨਾਲ ਭਾਈ ਸੁੱਖਾ ਸਿੰਘ ਮਾੜੀ ਕੰਬੋ ਵਾਲਾ ਵੀ ਤੁਰਿਆ ਅਤੇ ਦੋਹਾਂ ਨੇ ਆ ਕੇ ਮੱਸੇ ਰੰਘੜ ਦਾ ਸਿਰ ਵੱਢ ਦਿੱਤਾ। ਇਸ ਸਮੇਂ ਭਾਈ ਬੋਤਾ ਸਿੰਘ ਨੇ ਸ਼ਾਹੀ ਸੜਕ ਉੱਤੇ ਖੜੋ ਕੇ ਮਸੂਲ ਲੈਣਾ ਅਰੰਭ ਦਿੱਤਾ ਅਤੇ ਸਾਬਤ ਕਰ ਦਿੱਤਾ ਕਿ ਸਿੰਘ ਮਰੇ ਨਹੀਂ, ਸਿੰਘ ਜੀਊਂਦੇ ਹਨ, ਸਿੰਘ ਡਰੇ ਨਹੀਂ ਸਿੰਘ ਜਿਉਂ ਦੇ ਤਿਉਂ ਹਨ।

ਇਸ ਵੇਲੇ ਤੀਕ ਖਾਨ ਬਹਾਦਰ ਕੇਵਲ ਨਾ-ਮਿਲਵਰਤਣੀਏ ਸਿੰਘਾਂ ਦੇ ਹੀ ਉਲਟ ਸੀ, ਹੁਣ ਮਿਲਵਰਤਣੀਏ ਸਿੰਘਾਂ ਦੇ ਵੀ ਮਗਰ ਪੈ ਗਿਆ ਅਤੇ ਭਾਈ ਤਾਰੂ ਸਿੰਘ ਜੀ ਪੂਲੇ ਵਾਲਿਆਂ ਨੂੰ ਫੜ ਲਿਆ। ਪਰ ਇਸ ਸਮੇਂ ਆਪ ਵੀ ਮਰ ਗਿਆ। ਇਹ ਗੱਲ ਸੰਮਤ 1801 ਬਿਕ੍ਰਮੀ ਦੀ ਹੈ।

ਹੁਣ ਖਾਨ ਬਹਾਦਰ ਦਾ ਛੋਟਾ ਪੁੱਤਰ ਸ਼ਾਹ ਨਿਵਾਜ ਖਾਂ ਸੂਬਾ ਬਣਿਆ। ਇਸ ਦਾ ਵਜ਼ੀਰ ਦੀਵਾਨ ਲਖਪਤਿ ਰਾਇ ਸੀ । ਇਹਨਾਂ ਨੇ ਇਹ ਪੱਕੀ ਧਾਰੀ ਕਿ ਸਿੰਘਾਂ ਦਾ ਖੁਰਾ-ਖੋਜ ਮਿਟਾ ਦਿੱਤਾ ਜਾਵੇ। ਨਾ-ਮਿਲਵਰਤਣੀਆ ਕੀ ਤੇ ਮਿਲਵਰਤਣੀਆ ਕੀ ਹੁਣ ਸਿੰਘ ਦੇ ਅਰਥ ਹੀ ਬਾਗੀ ਹੋ ਗਏ ਤੇ ਸਿੰਘ ਮਾਤਰ ਦੀ ਕਤਲਾਮ ਸ਼ੁਰੂ ਹੋ ਗਈ। ਭਾਈ ਸੁਬੇਗ ਸਿੰਘ ਜੀ ਜੰਬਰ ਪੱਕੇ ਮਿਲਵਰਤਣੀਏ ਸਨ। ਉਹਨਾਂ ਨੂੰ ਤੇ ਉਹਨਾਂ ਦੇ ਸਪੁੱਤਰ ਸ਼ਾਹਬਾਜ਼ ਸਿੰਘ ਨੂੰ ਚਰਖੜੀ ਉੱਤੇ ਚਾੜ੍ਹਿਆ ਗਿਆ। ਗਸ਼ਤੀ ਫੌਜ ਦੀ ਗਿਣਤੀ ਵਧਾਈ ਗਈ ਅਤੇ ਹਰ ਥਾਂ ਸਿੰਘਾਂ ਦੀ ਖੋਜ ਕੀਤੀ ਗਈ।

ਲਖਪਤਿ ਦੇ ਭਾਈ ਜਸਪਤਿ ਨੇ ਰਾਵੀ ਦੇ ਝੱਲ ਵਿਚ ਸਿੰਘਾਂ ਦਾ ਇਕ ਜਥਾ ਲੱਭਾ, ਜੋ ਗੁੱਜਰਾਂ ਵਾਲੇ ਵੱਲ ਹੋ ਤੁਰਿਆ। ਮਗਰ-ਮਗਰ ਜਸਪਤਿ ਸੀ ਅਤੇ ਅੱਗੋਂ ਸ਼ੇਰਾ ਚੌਧਰੀ ਜਿਸ ਦਾ ਕੋਟ ਸ਼ੇਰਾ ਹੈ। ਆਪਣੀ ਧਾੜ ਲੈ ਕੇ ਮਿਲ ਪਿਆ। ਸਿੰਘ ਕਈ ਦਿਨਾਂ ਦੇ ਭੁੱਖੇ-ਭਾਣੇ ਰੱਖੜ ਦੇ ਪਾਸ ਬਦੋਕੀ ਗੁਸਾਈਆਂ ਦੀ ਬਣੀ ਵਿਚ ਘੇਰੇ ਗਏ। ਲਾਚਾਰ ਹੋ ਉਹਨਾਂ ਹੱਲਾ ਕੀਤਾ ਅਤੇ ਜਸਪਤਿ ਨੂੰ ਮਾਰ ਲਿਆ। ਹੁਣ ਤਾਂ ਲਖਪਤਿ ਹੋਰ ਵੀ ਤੱਤਾ ਹੋ ਗਿਆ ਅਤੇ ਸਿੱਖ ਮਾਤਰ ਨੂੰ ਮਰਵਾਉਣ ਲੱਗ ਪਿਆ। ਹੁਕਮ ਦੇ ਦਿੱਤਾ ਕਿ ਕੋਈ ਗੁੜ ਨਾ ਆਖੇ, ਕਿਉਂਕਿ ਇਸ ਤੋਂ ਗੁਰ ਚੇਤੇ ਆਉਂਦਾ ਹੈ। ਲੋਕੀਂ ਰੋੜੀ ਆਖਦੇ ਸਨ। ਇਸ ਨੇ ਦਾਵਾ ਕੀਤਾ ਕਿ ਸਿੱਖ ਪੰਥ ਦਾ ਆਰੰਭ ਇਕ ਖੱਤਰੀ ਨੇ ਕੀਤਾ ਸੀ ਤੇ ਹੁਣ ਖੱਤਰੀ ਹੀ ਇਸ ਦਾ ਨਾਸ਼ ਕਰੇਗਾ।

ਸਿੱਖੀ ਲਈ ਇਹ ਬੜਾ ਨਾਜ਼ਕ ਸਮਾਂ ਸੀ। ਪਿਛਲੇ ਤੀਹਾਂ ਸਾਲਾਂ ਤੋਂ ਸਿੱਖਾਂ ਦੀ ਕਤਲਾਮ ਹੋ ਰਹੀ ਸੀ।ਪਹਿਲਾਂ ਕੇਵਲ ਨਾ-ਮਿਲਵਰਤਣੀਏ ਹੀ ਮਾਰੀਦੇ ਸਨ, ਫੇਰ ਮਿਲਵਰਤਣੀਏ ਵੀ ਮਾਰੇ ਜਾਣ ਲੱਗੇ ਅਤੇ ਅੰਤ ਨੂੰ ਹੁਣ ਸਿੱਖ ਵੀ ਬਾਗੀ ਸਮਝੇ ਜਾਣ ਲੱਗ ਪਏ। ਗੁਰੂ ਦਾ ਨਾਮ ਲੈਣਾ, ਬਾਣੀ ਪੜ੍ਹਨੀ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਾਂ ਕਿਸੇ ਪੋਥੀ ਦਾ ਪਾਠ ਕਰਨਾ ਜਾਂ ਆਪਣੇ ਪਾਸ ਰੱਖਣੀ, ਬਾਗੀ ਹੋਣ ਦੀ ਪੱਕੀ ਨਿਸ਼ਾਨੀ ਸੀ। ਜਦ ਸਖਤੀ ਐਥੋਂ ਤੀਕ ਵਧ ਜਾਏ ਤਾਂ ਕਿਸੇ ਕੌਮ ਦਾ ਜੀਉਂਦੇ ਰਹਿ ਸਕਣਾ ਕੋਈ ਸੌਖੀ ਜਿਹੀ ਗੱਲ ਨਹੀਂ ਹੁੰਦੀ।

ਲਖਪਤਿ ਨੇ ਐਸਾ ਦਾਅਵਾ ਕਿਉਂ ਕੀਤਾ ਕਿ ਸਿੱਖਾਂ ਦਾ ਖੁਰਾ-ਖੋਜ ਮੈਂ ਮਿਟਾਵਾਂਗਾ। ਇਹ ਇਕ ਗਰੀਬ ਖੱਤਰੀ ਦਾ ਪੁੱਤਰ ਸੀ, ਪਰ ਜਦ ਤੋਂ ਇਸ ਨੇ ਗੁਰੂ ਸਾਹਿਬਾਂ ਉੱਤੇ ਨਿਸ਼ਚਾ ਕੀਤਾ ਤਦ ਤੋਂ ਇਸ ਦੀ ਪ੍ਰਭਤਾ ਵਧਣ ਲੱਗੀ । ਗੁਰਦੁਆਰਾ ਮਾਣਕ ਦੀ ਪਹਿਲੀ ਇਮਾਰਤ ਇਸ ਨੇ ਬਣਾਈ ਸੀ, ਖਾਨ ਬਹਾਦਰ ਦੇ ਸਮੇਂ ਇਹ ਤਕੜਾ ਅਹਿਲਕਾਰ ਸੀ ਅਤੇ ਇਹ ਮਨ ਵਿਚ ਸਮਝੀ ਬੈਠਾ ਸੀ ਕਿ ਜੇ ਕਰ ਮੈਂ ਕੁਝ ਲਾ-ਪ੍ਰਵਾਹੀ ਨਾ ਕੀਤਾ ਕਰਦਾ ਤਾਂ ਅੱਜ ਤੀਕ ਸਿੱਖੀ ਦਾ ਨਾਮ ਨਹੀਂ ਰਹਿਣਾ ਸੀ। ਸਿੱਖੀ ਜੇ ਕਰ ਹੁਣ ਤੀਕ ਬਚ ਰਹੀ ਹੈ ਤਾਂ ਕੇਵਲ ਮੇਰੀ ਇਸ ਇੱਛਾ ਕਰ ਕੇ ਹੀ ਬਚ ਰਹੀ ਹੈ ਕਿ ਸਿੱਖ ਮੂਲੋਂ ਹੀ ਕੁਚਲੇ ਨਾ ਜਾਣ। ਪਰ ਹੁਣ ਜਦ ਕਿ ਸਿੱਖ ਮੇਰੇ ਹੀ ਸਿਰ ਹੋ ਗਏ ਹਨ, ਤਾਂ ਮੈਂ ਦੱਸਾਂਗਾ ਕਿ ਇਹ ਕਿਸ ਤਰ੍ਹਾਂ ਝਟ ਪਟ ਮੁਕਾਏ ਜਾ ਸਕਦੇ ਹਨ।

ਇਸ ਵਿਚਾਰੇ ਲਖਪਤਿ ਨੂੰ ਇਹ ਪਤਾ ਨਹੀਂ ਸੀ ਕਿ ਸਿੱਖਾਂ ਦਾ ਵਾਧਾ ਉਸ ਦੀ ਕੱਚੀ ਇੱਛਾ ਕਰ ਕੇ ਨਹੀਂ, ਸਗੋਂ ਉਹਨਾਂ ਕਰਤੱਵਾਂ ਦੇ ਕਾਰਨ ਹੋ ਰਿਹਾ ਸੀ ਜਿਹਨਾਂ ਦੀ ਜਾਗ ਸ੍ਰੀ ਦਸਮੇਸ਼ ਜੀ ਲਾ ਗਏ ਸਨ। ਕਈ ਕੱਚੇ ਸ਼ੁਭ ਚਿੰਤਕ ਇਹ ਸਮਝਦੇ ਹਨ ਕਿ ਕੌਮ ਨੂੰ ਫਲਾਣੀ-ਫਲਾਣੀ ਔਕੜ ਤੋਂ ਅਸਾਂ ਬਚਾਇਆ

ਹੈ, ਜੋ ਕਰ ਅਸੀਂ ਐਨਾ ਨਾ ਚਿਤਵਦੇ ਜਾਂ ਐਸਾ ਨਾ ਕਰਦੇ ਤਾਂ ਕੌਮ ਨੇ ਗਰਕ ਹੋ ਜਾਣਾ ਸੀ। ਉਹਨਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਲਖਪਤਿ ਵੀ ਇਹੋ ਕੁਝ ਸਮਝਦਾ ਸੀ। ਜਦ ਲਖਪਤਿ ਆਪਣਾ ਜ਼ੋਰ ਲਾ ਥੱਕਾ ਤਾਂ ਉਸ ਨੂੰ ਪਤਾ ਲੱਗ ਗਿਆ ਕਿ ਸਿੱਖਾਂ ਦੇ ਵਾਧੇ ਦਾ ਕਾਰਨ ਕੁਝ ਹੋਰ ਹੀ ਸੀ।

ਲਖਪਤਿ ਭਾਰੀ ਸੈਨਾ ਤੇ ਲੜਾਈ ਦਾ ਸਮਾਨ ਲੈ ਕੇ ਸਿੰਘਾਂ ਦੇ ਮਗਰ ਲੱਗਾ। ਭਾਵੇਂ ਤੀਹਾਂ ਬੱਤੀਆਂ ਸਾਲਾਂ ਤੋਂ ਸਿੰਘ ਤਲਵਾਰ ਦੀ ਧਾਰ ਹੇਠ ਸਨ, ਪਰ ਤਦ ਵੀ ਪੰਜਾਹ ਹਜ਼ਾਰ ਤੀਕ ਇਹਨਾਂ ਦੀ ਗਿਣਤੀ ਅੱਪੜ ਚੁੱਕੀ ਸੀ। ਜਦ ਕਿ ਸਰਕਾਰ ਵੱਲੋਂ ਐਨੀ ਸਖਤੀ ਹੋ ਰਹੀ ਹੋਵੇ ਕਿ ਸਿੰਘ ਦਾ ਮਰਨਾ ਕੀੜੀ ਮਰ ਜਾਣ ਦੇ ਤੁੱਲ ਸਮਝਿਆ ਜਾਂਦਾ ਹੋਵੇ ਅਤੇ ਜੋ ਸਿੰਘ ਫੜਿਆ ਜਾਵੇ ਉਸੇ ਵੇਲੇ ਮਾਰ ਦਿੱਤਾ ਹੋਵੇ, ਐਸ ਤਰ੍ਹਾਂ ਰੋਜ਼ ਘਟ ਘਟ ਕੇ ਵੀ ਅਤੇ ਤੀਹ ਬੱਤੀ ਸਾਲ ਐਸੀ ਕਤਲਾਮ ਸਹਾਰ ਕੇ ਵੀ ਪੰਜਾਹ ਹਜ਼ਾਰ ਸਿਰ ਵਾਰਨ ਵਾਲੇ ਸਿੰਘਾਂ ਦਾ ਨਿਕਲ ਆਉਣਾ ਕੋਈ ਨਿੱਕੀ ਜੇਹੀ ਗੱਲ ਨਹੀਂ ਸੀ।

ਸੁੱਖ ! ਲਖਪਤਿ ਨੇ ਚੜ੍ਹਾਈ ਕੀਤੀ ਅਤੇ ਰਾਵੀ ਦੇ ਝੱਲ ਵਿਚ ਵੜ ਕੇ ਸਿੰਘਾਂ ਨੂੰ ਪਹਾੜ ਤੀਕ ਧੱਕੀ ਗਿਆ। ਸਿੰਘ ਪਹਾੜੋਂ ਹੱਟ ਕੇ ਫੇਰ ਪਿੱਛੇ ਹਟੇ ਅਤੇ ਲੜਦੇ-ਭਿੜਦੇ ਮਾਲਵੇ ਨੂੰ ਚਲੇ ਗਏ। ਇਹ ਸਿੱਖ-ਇਤਿਹਾਸ ਦਾ ਛੋਟਾ ਘੱਲੂਘਾਰਾ ਹੈ, ਜਿਸ ਵਿਚ ਉਸ ਸਮੇਂ ਦੇ ਖਿਆਲ ਅਨੁਸਾਰ ਤੀਹ ਚਾਲੀ ਹਜ਼ਾਰ ਖਾਲਸਾ ਸ਼ਹੀਦ ਹੋਇਆ ਅਤੇ ਸਿੰਘਾਂ ਦੀ ਗਿਣਤੀ ਬਹੁਤ ਥੋੜ੍ਹੀ ਰਹਿ ਗਈ।

ਸਿੰਘਾਂ ਲਈ ਇਹ ਬੜੀ ਭਾਰੀ ਸੱਟ ਸੀ। ਸੱਚ ਤਾਂ ਇਹ ਹੈ ਕਿ ਜੇ ਕਰ ਸਿੰਘਾਂ ਦੀ ਥਾਂ ਕੋਈ ਹੋਰ ਕੌਮ ਹੁੰਦੀ ਤਾਂ ਐਸੀ ਕਰੜੀ ਸੱਟ ਨਾਲ ਜ਼ਰੂਰ ਮਰ ਹੀ ਜਾਂਦੀ, ਪਰ ਸਿੰਘਾਂ ਨੇ ਦਿਲ ਨਹੀਂ ਡੁਲਾਇਆ, ਸਗੋਂ ਇਸ ਸਮੇਂ ਵੀ ਚੜ੍ਹਦੀਆਂ ਕਲਾਂ ਵਿਚ ਹੀ ਰਹੇਃ ਜੇਕਰ ਇਤਿਹਾਸ ਨੂੰ ਵੇਖਿਆ ਜਾਵੇ ਤਾਂ ਇਹ ਸਿੱਧ ਹੁੰਦਾ ਹੈ ਕਿ ਛੋਟੇ ਘੱਲੂਘਾਰੇ ਤੋਂ ਮਗਰੋਂ ਸਿੰਘਾਂ ਦੀ ਤਾਕਤ ਦਿਨੋਂ ਦਿਨ ਵਧਣ ਲੱਗ ਪਈ, ਜਿਸ ਦਾ ਪ੍ਰਤੱਖ ਨਮੂਨਾ ਇਹ ਹੈ ਕਿ ਇਸ ਤੋਂ ਡੇਢ ਕੁ ਸਾਲ ਮਗਰੋਂ ਸਿੰਘਾਂ ਨੇ ਸ੍ਰੀ ਅੰਮ੍ਰਿਤਸਰ ਜੀ ਰਾਮਰੌਣੀ ਦੀ ਗੜ੍ਹੀ ਬਣਾ ਲਈ।

ਪਰ ਸਿੰਘਾਂ ਦੀਆਂ ਔਕੜਾਂ ਦਾ ਅਜੇ ਅੰਤ ਨਹੀਂ ਹੋਇਆ। ਇਹਨਾਂ ਦੇ ਦਿਲਾਂ ਦੀ ਪਰਖ ਲਈ ਅਜੇ ਹੋਰ ਇਮਤਿਹਾਨਾਂ ਦੀ ਲੋੜ ਸੀ। ਹੁਣ ਸਮਾਂ ਆਇਆ ਮੀਰ ਮੰਨੂੰ ਦਾ ਜਿਸ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਭਾਂਜ ਦੇ ਕੇ ਲਾਹੌਰ ਤੇ ਮੁਲਤਾਨ ਦੀ ਹਕੂਮਤ ਲਈ ਸੀ। ਇਸ ਨੇ ਆਉਂਦਿਆਂ ਹੀ ਰਾਮਰੌਣੀ ਨੂੰ ਘੇਰ ਲਿਆ ਪਰ ਫੇਰ ਨੀਤੀ ਦੇ ਖਿਆਲ 'ਤੇ ਸਿੰਘਾਂ ਨਾਲ ਸੁਲਾਹ-ਸਫਾਈ ਕਰ ਲਈ, ਕੁਝ ਪਿੰਡ ਰਾਮਰੌਣੀ ਦੀ ਜਗੀਰ ਵਜੋਂ ਲਾ ਦਿੱਤੇ ਅਤੇ ਸਿੰਘਾਂ ਨੂੰ ਆਪਣੀ ਸਹਾਇਤਾ ਉੱਤੇ ਲੈ ਕੇ ਮੁਲਤਾਨ ਦੇ ਸੂਬੇ ਸਾਹ ਨਿਵਾਜ਼ ਖਾਂ ਨੂੰ ਜਾ ਮਾਰਿਆ। ਫੇਰ ਜਦ ਅਹਿਮਦ ਸ਼ਾਹ ਲਾਹੌਰ ਉੱਤੇ ਚੜ੍ਹ ਆਇਆ ਤਾਂ ਸਿੰਘਾਂ ਨੇ ਉਸ ਸਮੇਂ ਵੀ ਮੀਰ ਮੰਨੂੰ ਵਲੋਂ ਹੋ ਕੇ ਅਹਿਮਦ ਸ਼ਾਹ ਦਾ ਟਾਕਰਾ ਕੀਤਾ। ਇਸ ਸਮੇਂ ਕੌੜਾ ਮੱਲ ਮਾਰਿਆ ਗਿਆ, ਜੋ ਸੂਬੇ ਤੇ ਸਿੰਘਾਂ ਵਿਚਕਾਰ ਇਕ ਸੰਗਲੀ ਸੀ। ਇਹ ਸੰਗਲੀ ਟੁੱਟ ਗਈ ਅਤੇ ਹਕੂਮਤ ਆਪਣੀ ਗੌਂ ਵੀ ਪੂਰੀ ਕਰ ਚੁੱਕੀ ਸੀ, ਸੋ ਝੱਟ ਆਪਣੇ ਅਸਲੀ ਰੰਗ ਵਿਚ ਆਈ ਅਤੇ ਸਿੰਘਾਂ ਦੀ ਕਤਲਾਮ ਸ਼ੁਰੂ ਕਰ ਦਿੱਤੀ। ਇਹ ਗੱਲ ਸੰਮਤ ੧੮੦੯ ਦੀ ਹੈ।

ਇਹ ਸਿੰਘਾਂ ਦੀ ਆਖਰੀ ਕਤਲਾਮ ਸੀ, ਪਰ ਪਹਿਲਿਆਂ ਕਤਲਾਮਾਂ ਨਾਲੋਂ ਬੜੀ ਕਰੜੀ ਸੀ। ਸਿੰਘਾਂ ਨੇ ਕੇਵਲ ਤਿੰਨ ਸਾਲ ਆਰਾਮ ਕੀਤਾ ਸੀ ਕਿ ਹਕੂਮਤ ਆਪਣੇ ਬਚਨ ਤੋਂ ਫਿਰ ਗਈ ਅਤੇ ਜਿਨ੍ਹਾਂ ਨੂੰ ਮਿੱਤਰ ਆਖਦੀ ਤੇ ਜਗੀਰਾਂ ਦੇਂਦੀ ਸੀ, ਉਨ੍ਹਾਂ ਨੂੰ ਹੀ ਬਾਗੀ ਕਹਿ ਕੇ ਮਾਰਨ ਲੱਗ ਪਈ।

ਛੋਟੇ ਘੱਲੂਘਾਰੇ ਤੀਕ ਜੋ ਦਲ ਵਿਚ ਰਹਿਣ ਵਾਲੇ ਸਿੰਘ ਸਨ, ਉਨ੍ਹਾਂ ਲਈ ਜ਼ਰੂਰੀ ਸੀ ਕਿ ਜਥੇ ਦੀ ਆਗਿਆ ਤੋਂ ਬਿਨਾਂ ਆਪਣੇ ਘਰ ਨਾ ਆਇਆ ਕਰਨ ਅਤੇ ਜੇ ਕਰ ਆਗਿਆ ਲੈ ਕੇ ਭੀ ਜਾਣ ਤਾਂ ਵਾਪਸ ਆ ਕੇ ਜਦ ਤੀਕ ਤਨਖਾਹ ਨਾ ਬਖਸ਼ਾ ਲੈਣ ਤਦ ਤੀਕ ਜਥੇ ਵਿਚ ਸ਼ਾਮਲ ਨਾ ਕੀਤੇ ਜਾਣ, ਪਰ ਮੀਰ-ਮੰਨੂੰ ਦੇ ਸਮੇਂ ਗ੍ਰਹਿਸਥੀ ਸਿੰਘ ਭੀ ਤਿਆਰ-ਬਰ-ਤਿਆਰ ਹੋ ਗਏ ਜੋ 'ਦਲ' ਨਾਲ ਤਾਂ ਨਹੀਂ ਰਹਿੰਦੇ ਸਨ, ਪਰ ਅਸੂਲ ਦੇ ਲਿਹਾਜ ਨਾਲ ਨਾ-ਮਿਲਵਰਤਨੀਏ ਹੀ ਸਨ।

ਹੁਣ ਜਦ ਮੀਰ-ਮੰਨੂੰ ਨੇ ਕਤਲਾਮ ਸ਼ੁਰੂ ਕੀਤੀ ਤਾਂ ਗ੍ਰਹਿਸਤੀ ਖਾਲਸੇ ਉੱਤੇ ਮੁਸੀਬਤ ਆਈ। ਦਿਨਾਂ ਵਿਚ ਹੀ ਪਿੰਡਾਂ ਦੇ ਸਿੰਘ-ਘਰਾਣੇ ਚੁਣ ਲਏ ਗਏ ਅਤੇ ਰਹਿੰਦੇ ਸਿੰਘ ਤੇ ਸਿੰਘਣੀਆਂ ਝੱਲਾਂ ਵਿਚ ਜਾ ਵੜੇ। ਮੀਰ ਮੰਨੂੰ ਨੇ ਸਿੰਘਣੀਆਂ ਨੂੰ ਫੜ-ਫੜ ਕੇ ਬੜੀ ਬੇ-ਤਰਸੀ ਨਾਲ ਕਤਲ ਕਰਵਾਇਆ। ਉਨ੍ਹਾਂ ਨੂੰ ਚੱਕੀ ਦੀ ਮੁਸ਼ੱਕਤ ਦਿੱਤੀ, ਉਨ੍ਹਾਂ ਦੇ ਸਾਹਮਣੇ ਉਨ੍ਹਾਂ ਦੇ ਬੱਚੇ ਕਤਲ ਕੀਤੇ ਅਤੇ ਅੰਤ ਉਨ੍ਹਾਂ ਨੂੰ ਵੀ ਮਾਰ ਦਿੱਤਾ, ਪਰ ਇਕ ਨੇ ਵੀ ਇਹ ਨਾ ਆਖਿਆ ਕਿ ਮੇਰਾ ਸੰਬੰਧ ਖਾਲਸਾ ਪੰਥ ਨਾਲ ਨਹੀਂ। ਸਿੰਘ ਫੜੇ ਆਉਂਦੇ ਅਤੇ ਮੰਡੀ ਵਿਚ ਜਮ੍ਹਾਂ ਕਰ ਕੇ ਮਾਰੇ ਜਾਂਦੇ। ਸਿਰ ਵੱਢੇ ਜਾਂਦੇ ਜਾਂ ਰੂੰ ਵਿਚ ਵਲੇਟ ਕੇ 'ਤੇ ਤੇਲ ਪਾ ਕੇ ਜੀਉਂਦੇ ਸਾੜੇ ਜਾਂਦੇ। ਇਨ੍ਹਾਂ ਸ਼ਹੀਦਾਂ ਦੇ ਸਿਰਾਂ ਨਾਲ ਕਈ ਖੂਹ ਭਰ ਗਏ, ਕਈ ਮੁਨਾਰੇ ਚਿਣੇ ਗਏ। ਇਨ੍ਹਾਂ ਨਾਲ ਇਤਨੀ ਸਖਤੀ ਹੋਈ ਕਿ ਇਨ੍ਹਾਂ ਤਿੰਨਾਂ ਸਾਲਾਂ ਵਿਚ ਕਈ ਹਜ਼ਾਰ ਸਿੰਘ ਸਿੰਘਣੀਆਂ ਦੇ ਸੀਸ ਲੱਗੇ। ਪਰ ਸਿੰਘ ਸਿਰੜੀ ਬਹੁਤ ਹੋ ਗਏ ਅਤੇ ਹਕੂਮਤ ਨਾਲ ਸ਼ਰੀਕਾ ਕਰਨ ਦੇ ਯੋਗ ਹੋ ਗਏ।

ਹੁਣ ਸਿੰਘ ਕੌੜੀ ਵੇਲ ਵਾਂਗ ਵਧਦੇ ਗਏ ਤੇ ਮੱਲਾਂ ਮੱਲਣ ਲੱਗ ਪਏ। ਆਉਂਦੇ ਛੇ ਸਾਲਾਂ ਵਿਚ ਸਿੰਘ ਇਤਨੇ ਤਕੜੇ ਹੋ ਗਏ ਕਿ ਅਹਿਮਦ ਸ਼ਾਹ ਅਬਦਾਲੀ ਜਿਸ ਨੇ ਸੰਮਤ 1817(1760ਈ:) ਵਿਚ ਤਿੰਨ ਲੱਖ ਮਰਹੱਟਾ ਸੈਨਾ ਨੂੰ ਮਿੱਟੀ ਨਾਲ ਮਿਲਾ ਕੇ ਮਰਹੱਟਿਆਂ ਦਾ ਲੱਕ ਤੋੜ ਦਿੱਤਾ ਸੀ, ਥੋੜ੍ਹੇ ਹੀ ਮਹੀਨਿਆਂ ਮਗਰੋ ਉਸ ਨੂੰ ਸਿੰਘਾਂ ਦੀ ਤਾਕਤ ਤੋੜਨ ਲਈ ਫਿਰ (1818) ਵਿਚ ਪੰਜਾਬ ਆਉਣਾ ਪਿਆ। ਅਬਦਾਲੀ ਏਕਾ-ਏਕ ਸਿੰਘਾਂ ਉਤੇ ਜਾ ਪਿਆ ਅਤੇ ਕੁੱਪ ਰਹੀੜੇ ਦੇ ਮੈਦਾਨ ਵਿਚ ਸਿੰਘਾਂ ਨੂੰ ਘੇਰ ਲਿਆ। ਸਾਹਮਣੇ ਅਹਿਮਦ ਸ਼ਾਹ ਸੀ ਤੋਂ ਪਿੱਛੇ ਜ਼ੈਨ ਖਾਂ ਹਾਕਮ ਸਰਹੰਦ ਅਤੇ ਭੀਖਣ ਖਾਂ ਨਵਾਬ ਮਲੇਰ ਕੋਟਲਾ ਅਤੇ ਸਿੰਘ ਦੋਹਾਂ ਫੌਜਾਂ ਦੇ ਵਿਚਾਲੇ ਸਨ। ਸਿੰਘ ਲੜਦੇ ਗਏ ਅਤੇ ਪਿੱਛੇ ਹੱਟਦੇ ਗਏ। ਜਦ ਦੁਪਹਿਰ ਹੋ ਗਈ ਤਾਂ ਤੁਰਕਾਨੀ ਸੈਨਾ ਪਿੱਛੇ ਹੱਟ ਗਈ। ਅਬਦਾਲੀ ਨੇ ਸਮਝਿਆ ਕਿ ਮੈਂ ਮਰਹੱਟਿਆਂ ਵਾਂਗ ਸਿੰਘਾਂ ਦਾ ਐਸਾ ਲੱਕ ਤੋੜ ਚਲਿਆ ਹਾਂ ਕਿ ਆਉਂਦੇ ਕਈ ਸਾਲਾਂ ਤੀਕ ਇਹ ਸਿਰ ਨਹੀਂ ਚੁੱਕ ਸਕਣਗੇ ਪਰ ਇਹ ਇਸ ਦੀ ਭੁੱਲ ਸੀ। ਖਾਲਸੇ ਨੂੰ ਨਿਰਸੰਦੇਹ ਬੜੀ ਭਾਰੀ ਸੱਟ ਵੱਜੀ ਸੀ (ਉਸ ਸਮੇਂ ਦੇ ਖਿਆਲ ਅਨੁਸਾਰ ਪੰਜਾਹ ਹਜ਼ਾਰ ਖਾਲਸਾ ਸ਼ਹੀਦ ਹੋ ਗਿਆ ਸੀ), ਪਰ ਖਾਲਸੇ ਦਾ ਦਿਲ ਨਹੀਂ ਡੋਲਿਆ ਸੀ। ਜਦ ਸੰਝ ਨੂੰ ਖਾਲਸਾ ਇਕੱਠਾ ਹੋਇਆ ਤਾਂ ਇਕ ਸਿੰਘ ਨੇ ਗੱਜ ਕੇ ਆਖਿਆ ਕਿ ਜੋ ਖੋਟ ਸੀ ਸੋ ਨਿਕਲ ਹੀ ਗਿਆ ਹੈ, ਹੁਣ ਤੱਤ ਖਾਲਸਾ ਹੀ ਰਹਿ ਗਿਆ ਹੈ। ਜਿਸ ਕੌਮ ਦਾ ਮੁਸੀਬਤ ਵੇਲੇ ਐਸਾ ਸਾਹਸ ਹੋਵੇ ਉਹ ਕੌਮ ਕਦੇ ਡੋਲ ਨਹੀਂ ਸਕਦੀ, ਕਿਸੇ ਮੈਦਾਨ ਹਾਰ ਨਹੀਂ ਸਕਦੀ।

ਸਿੰਘਾਂ ਦੀ ਇਹ ਆਖਰੀ ਅਜਮਾਇਸ਼ ਸੀ। ਇਹ ਮੁਸੀਬਤ ਦੀ ਕੁਠਾਲੀ ਦਾ ਆਖਰੀ ਚਰਖ਼ ਸੀ ਜਿਸ ਵਿਚੋਂ ਖਾਲਸਾ ਕੁੰਦਨ ਬਣ ਕੇ ਨਿਕਲਿਆ। ਹੁਣ ਕਰਤਾਰ ਦਾ ਆਸਰਾ ਸੀ ਜਾਂ ਖਾਲਸੇ ਦੀ ਤਲਵਾਰ। ਅਗਲੇ ਹੀ ਸਾਲ ਕਸੂਰ ਮਾਰ ਲਈ, ਫਿਰ ਸਰਹੰਦ ਨੂੰ ਜਾ ਮੱਲਿਆ ਅਤੇ ਇਸ ਤੋਂ ਮਗਰੋਂ ਖਾਲਸਾ ਅੱਟਕ ਤੋਂ ਲੈ ਕੇ ਅਵਧ ਦੀ ਸਰਹੱਦ ਤੀਕ ਖਿੱਲਰ ਗਿਆ।

ਪੁਰਾਣੇ ਸਭ ਜਥੇਦਾਰ ਸੁਰਗਵਾਸ ਹੋ ਚੁੱਕੇ ਸਨ। ਕੇਵਲ ਸਰਦਾਰ ਸ਼ਾਮ ਸਿੰਘ ਨਾਰਲੇ ਵਾਲਾ ਜੀਉਂਦਾ ਸੀ। ਇਸ ਨੇ ਬੰਦੇ ਬਹਾਦਰ ਦਾ ਸਮਾਂ ਵੇਖਿਆ ਸੀ ਅਤੇ ਇਸ ਤੋਂ ਮਗਰੋਂ ਜੋ ਔਕੜਾਂ ਪੰਥ 'ਤੇ ਆਈਆਂ ਸਨ ਉਹ ਸਭ ਇਸ ਦੇ ਸਰੀਰ ਉੱਤੋਂ ਦੀ ਲੰਘੀਆਂ ਸਨ। ਸਰਦਾਰ ਸ਼ਾਮ ਸਿੰਘ ਦਸ ਬਾਰਾਂ ਹਜ਼ਾਰ ਸਿੰਘਾਂ ਦੀ ਮਿਸਲ ਦਾ ਮਾਲਕ ਸੀ। ਜਿਸ ਨੇ ਸਿੰਘਾਂ ਦੀ ਚੜ੍ਹਦੀ ਕਲਾ ਵੀ ਵੇਖ ਲਈ ਅਤੇ ਆਪਣੀ ਅੱਖੀਂ ਮੁਗਲਾਂ ਦਾ ਰਾਜ ਨਸ਼ਟ ਹੁੰਦਾ ਵੀ ਵੇਖਿਆ। ਡੇਢ ਲੱਖ ਖਾਲਸੇ ਨੇ ਚੜ੍ਹਾਈ ਕੀਤੀ, ਜਿਨ੍ਹਾਂ ਦਾ ਜਥੇਦਾਰ ਇਸੇ ਦੀ ਮਿਸਲ ਦਾ ਸਰਦਾਰ ਬਘੇਲ ਸਿੰਘ ਚੁਭਾਲੀਆ ਸੀ। ਖਾਲਸੇ ਨੇ ਦਿੱਲੀ ਜਾ ਮਾਰੀ, ਕਾਸਗੰਜ ਤੀਕ ਸਭ ਇਲਾਕਾ ਉਗਰਾਹ

**ਬਾਕੀ ਸਫਾ 31 'ਤੇ**

# ਕੀ ਬਣੂੰ ਸਿੱਖ ਕੌਮ ਦਾ,
# ਸੱਚੇ ਪਾਤਿਸ਼ਾਹ ਵਾਹਿਗੁਰੂ ਜਾਣੇ

-ਕੁਲਵੰਤ ਕੌਰ (ਡਾ.) 98156-20515

ਸਿੱਖ ਕੌਮ, ਇਸ ਵੇਲੇ ਭੰਬਲਭੂਸਿਆਂ, ਆਪੋ ਧਾਪੀ, ਫੁੱਟ-ਵਿਗਾੜ ਅਤੇ ਬੇਚੈਨੀ ਦੇ ਆਲਮ 'ਚੋਂ ਗੁਜ਼ਰ ਰਹੀ ਹੈ ਕਿਉਂਕਿ ਜਿਨ੍ਹਾਂ 'ਤੇ ਭਰੋਸਾ ਕਰਕੇ, ਆਪਣੇ ਰਹਿਨੁਮਾ ਸਵੀਕਾਰਿਆਂ ਸੀ, ਉਹ ਦਗਾਬਾਜ਼, ਮੱਕਾਰ, ਸ਼ਾਤਰ ਤੇ ਬੇਈਮਾਨ ਨਿਕਲੇ। ਅਨੰਦਪੁਰੀ ਮਤੇ ਨੂੰ ਠੰਡੇ ਬਸਤੇ ਵਿਚ ਪੁਆ ਕੇ, ਜਿਨ੍ਹਾਂ ਸ਼ਰੀਕਾਂ ਨੇ ਗੁੰਮਰਾਹ ਕਰਕੇ ਸਿੱਖ ਨੇਤਾਵਾਂ ਨੇ ਪੰਥਕ ਸਫਾਂ ਤੋਂ ਲਾਂਭੇ-ਚਾਂਭੇ ਕਰਨ ਦੇ ਜਤਨ ਕੀਤੇ ਉਹ ਨਿਰਸੰਦੇਹ ਆਪਣੇ ਮਨੋਰਥ ਵਿਚ ਕਾਮਯਾਬ ਹੋਣ ਲੱਗੇ। ਬਾਹਰਲੀ ਹੱਲਾਸ਼ੇਰੀ, ਮੱਦਦ ਤੇ ਲੁਕਵੇਂ ਏਜੰਡੇ ਨਾਲ ਸਿੱਖੀ ਦੀਆਂ ਜੜ੍ਹਾਂ ਖੋਖਲੀਆਂ ਹੋਣੀਆਂ ਸੁਭਾਵਿਕ ਸਨ ਤੇ ਬਾਕਾਇਦਾ ਇਹ ਹੋਈਆਂ ਤੇ ਹੋਈ ਜਾ ਰਹੀਆਂ ਹਨ। ਸਿੱਖੀ ਦਾ ਅਜੋਕਾ ਨਿਘਾਰ, ਦੁਰਦਸ਼ਾ, ਪਤਿਤਪੁਣਾ, ਪਾਟੋਧਾੜ ਅਤੇ ਖਿੰਡਾਓ ਜੱਗ ਜ਼ਾਹਿਰ ਹੈ - ਸਦੀ ਤੋਂ ਵੀ ਵੱਧ ਪੁਰਾਣੀ, ਚਰਚਿਤ, ਵੱਕਾਰੀ, ਅਹਿਮ ਅਤੇ ਇਤਿਹਾਸਕ ਪ੍ਰਾਪਤੀਆਂ ਵਾਲੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਹਾਲਤ ਹੁਣ ਬਾਰਾਂ ਪੂਰਬੀਏ ਤੇਰਾਂ ਚੁੱਲ੍ਹੇ ਵਾਲੀ ਬਣ ਚੁੱਕੀ ਹੈ। ਮਾਂ ਵਰਗੀ ਹੈਸੀਅਤ ਰੱਖਣ ਵਾਲੀ ਇਹ ਕਮੇਟੀ ਆਪਣੇ ਹੀ ਜਾਏ (ਸ਼੍ਰੋਮਣੀ ਅਕਾਲੀ ਦਲ) ਹੱਥੋਂ ਜ਼ਲੀਲ ਹੋ ਰਹੀ ਹੈ। ਸਵਾਰਥੀ ਰੁਚੀਆਂ, ਕਬਜ਼ੇ ਵਾਲੀ ਬਿਰਤੀ ਅਤੇ ਕੁਰਸੀ ਮੋਹ ਨੇ ਸਭ ਸਿਧਾਂਤਾਂ, ਨਿਯਮਾਂ, ਮਰਿਯਾਦਾ ਅਤੇ ਰਹਿਤਾਂ ਨੂੰ ਦਰਕਿਨਾਰ ਕਰਦਿਆਂ 'ਮੈਂ ਨਾ ਮਾਨੂੰ' ਵਾਲੀ ਜ਼ਿਦ ਅਤੇ ਅੜੀ ਫੜ ਲਈ ਹੈ। ਨਤੀਜਾ, ਬਚੀ ਖੁਚੀ ਇੱਜ਼ਤ, ਸਾਖ ਅਤੇ ਮੁੱਲ-ਵਿਧਾਨ ਸਭ ਦਾਅ 'ਤੇ ਲਾ ਦਿੱਤਾ ਗਿਆ ਹੈ।



ਪਹਿਲੋ ਪਹਿਲ, ਸਭ ਕੁਝ ਅੰਦਰ ਖਾਤੇ ਦੱਬਿਆ ਹੋਇਆ ਇਸ ਕਦਰ ਜੱਗ ਜ਼ਾਹਿਰ ਨਹੀਂ ਸੀ ਹੋਇਆ ਪਰ ਬਾਗ਼ੀਆਂ ਨੇ ਦਾਗ਼ੀਆਂ ਬਾਰੇ ਸ਼ਿਕਾਇਤ ਕਰਕੇ ਮਾਮਲਾ ਸ਼ਰੇਆਮ ਸਾਹਮਣੇ ਲਿਆ ਖਲ੍ਹਾਰਿਆ। ਅਕਾਲ ਤਖ਼ਤ ਸਾਹਿਬ ਵਿਖੇ ਪੁੱਜਿਆ ਮਸਲਾ ਇਕ ਦਮ ਚਰਚਿਤ ਹੋ ਉੱਠਿਆ। ਅੰਦਰੋਂ ਅੰਦਰ ਰਿੜਦੇ-ਰਿੜਕਦੇ ਮਨ ਦੁਨੀਆ ਸਾਹਮਣੇ ਨੰਗੇ ਹੋ ਗਏ। ਧਰਮ, ਸਮਾਜ, ਸਭਿਆਚਾਰ ਅਤੇ ਆਤਮਿਕ ਜੀਵਨ ਵਿਚ ਆ ਚੁੱਕੀ ਗਿਰਾਵਟ ਕਾਰਨ ਜਨ ਜਨ ਕੁਰਲਾ ਉੱਠਿਆ। ਕੀ ਸੋਸ਼ਲ ਮੀਡੀਆ, ਕੀ ਪ੍ਰਿੰਟ ਮੀਡੀਆ, ਜਥੇਦਾਰਾਂ 'ਤੇ ਦਬਾਅ ਬਣਾਉਣ ਲੱਗਾ ਕਿ ਹੁਣ ਉਹ ਵਕਤ ਆਣ ਪਹੁੰਚਾ ਹੈ ਜਦੋਂ ਅਕਾਲੀ ਫੂਲਾ ਸਿੰਘ ਵਾਲਾ ਕਿਰਦਾਰ ਨਿਭਾਇਆ ਜਾਵੇ। ਜ਼ਿਕਰਯੋਗ ਹੈ ਕਿ ਬੀਤੇ ਦਹਾਕੇ ਦੌਰਾਨ, ਇਨ੍ਹਾਂ ਹੀ ਜਥੇਦਾਰਾਂ ਦੀ ਕਾਰਗੁਜ਼ਾਰੀ ਮਹਾਂ ਨਖਿੱਧ, ਨਿੰਦਣਯੋਗ ਅਤੇ ਨਾਕਸ ਰਹੀ ਸੀ ਜਿਨ੍ਹਾ ਨੇ ਆਪਣੇ ਆਕਾਵਾਂ ਦੀਆਂ ਮਨਮਰਜ਼ੀਆਂ, ਆਪਹੁਦਰੀਆਂ ਅਤੇ ਸਰਾਸਰ ਗ਼ਲਤ ਇੱਛਾਵਾਂ 'ਤੇ ਫੁੱਲ ਚੜ੍ਹਾਉਂਦਿਆਂ ਸਿੱਖ ਪਰੰਪਰਾਵਾਂ ਨੂੰ ਪੈਰਾਂ ਹੇਠ ਮਧੋਲਿਆ ਸੀ। ਪਾਪੀਆਂ, ਦੁਸ਼ਟਾਂ, ਕਾਮੀਆਂ, ਬਲਾਤਕਾਰੀਆਂ ਅਤੇ ਕਾਤਲਾਂ ਨੂੰ ਮੁਆਫ਼ੀਆਂ ਦੇ ਢਕਵੰਜ ਰਚ ਕੇ ਜਿਨ੍ਹਾਂ ਨੇ ਇਕ ਪਰਿਵਾਰ ਦੀ ਪੈਂਠ ਬਣਾਈ ਰੱਖਣ ਲਈ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਲਿਆ ਸੀ।

ਹੁਣ ਪਾਣੀ ਸਿਰੋਂ ਲੰਘ ਚੁੱਕਾ ਹੈ ਕਿਉਂਕਿ ਜਿਸ ਸ਼੍ਰੋਮਣੀ ਅਕਾਲੀ ਦਲ ਦੀ ਪਰਿਭਾਸ਼ਾ ਸੀ 'ਲੋਕਤਾਂਤਰਿਕ ਨਿਯਮਾਂ ਤੇ ਆਧਾਰਿਤ ਸਿਆਸੀ ਜਮਾਤ ਜਿਸ ਦਾ ਮਨੋਰਥ ਸ਼ਾਂਤਮਈ ਢੰਗ ਤਰੀਕਿਆਂ ਨਾਲ ਵਧੀਆ ਜੀਵਨ ਪੱਧਰ, ਸਮਾਨਤਾ, ਇਨਸਾਫ਼, ਸਮਾਜ ਦੇ ਹਰੇਕ ਤਬਕੇ ਖਾਸ ਕਰਕੇ ਕੌਮੀ ਘੱਟ ਗਿਣਤੀਆਂ ਦੇ ਹੱਕਾਂ ਦੀ ਰਖਵਾਲੀ ਆਦਿ- ਹੁਣ ਓਸ ਪਰਿਭਾਸ਼ਾ 'ਤੇ ਖਰਾ ਨਹੀਂ ਉੱਤਰ ਰਿਹਾ। ਇਸ ਤੋਂ ਪੰਜ ਸਾਲ ਬਾਅਦ, ਜਨਮੀ ਪਾਰਟੀ ਦਾ ਉਦੇਸ਼ 'ਭਾਰਤੀ ਸੰਸਕ੍ਰਿਤੀ ਅਤੇ ਨਾਗਰਿਕ ਸਮਾਜ ਦੇ ਮੁੱਲਾਂ ਨੂੰ ਬਣਾਏ ਰੱਖਣ ਦੇ ਆਦਰਸ਼ਾਂ ਨੂੰ ਬੜ੍ਹਾਵਾ ਦੇਣਾ ਅਤੇ ਬਹੁ ਸੰਖਿਅਕ ਹਿੰਦੂ ਸਮੁਦਾਏ ਨੂੰ ਮਜਬੂਤ ਕਰਨ ਲਈ ਹਿੰਦੂਤਵ ਦੀ ਵਿਚਾਰਧਾਰਾ ਦਾ ਪ੍ਰਚਾਰ ਕਰਨਾ' ਰੱਖਿਆ ਗਿਆ। ਜ਼ਾਹਿਰ ਹੈ ਕਿ ਜਿੱਥੇ ਪਹਿਲੀ ਹਰ ਛੋਟੇ-ਵੱਡੇ ਤੇ ਘੱਟ ਗਿਣਤੀਆਂ ਲਈ ਮਸੀਹਾ ਬਣ ਕੇ ਬਹੁੜੀ ਉੱਥੇ ਮਗਰਲੀ ਕੇਵਲ ਬਹੁ-ਗਿਣਤੀ ਹਿੰਦੂ ਸਮਾਜ ਦੀ ਰੱਖਿਅਕ ਬਣ ਕੇ ਵਿਚਰਦੀ ਰਹੀ ਹੈ। ਇੱਥੇ ਸੁਪ੍ਰਸਿੱਧ ਲੇਖਕ ਡਾ. ਹਰਜਿੰਦਰ ਸਿੰਘ ਦਿਲਗੀਰ ਦੀ ਕਿਤਾਬ ਦਾ ਇਕ ਕਥਨ ਦੇਣਾ ਚਾਹੁੰਦੀ ਹਾਂ ਕਿ ਸ੍ਰ. ਪ੍ਰਕਾਸ਼ ਸਿੰਘ ਬਾਦਲ ਆਰ.ਐਸ.ਐਸ. ਦੇ ਮੈਂਬਰ ਬਣ ਚੁੱਕੇ ਸਨ ਤੇ ਇਹ ਵੀ ਕਿ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਦੀ ਦਹਾਕਿਆਂ ਬੱਧੀ ਸਾਂਝ ਤੇ ਵੱਡੇ ਛੋਟੇ ਭਾਈ ਵਾਲੀ ਮੁਹੱਬਤ ਕਿਸੇ ਤੋਂ ਛੁਪੀ ਹੋਈ ਨਹੀਂ ਸੀ (ਭਾਵੇਂ ਅੱਜ ਪ੍ਰਸੰਗ ਬਦਲ ਗਏ ਹਨ)

ਦੋ ਦਸੰਬਰ ਨੂੰ ਇਤਿਹਾਸਕ ਸਥਲ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇੱਕ ਅਭੁੱਲ ਨਜ਼ਾਰਾ ਦੇਖਣ ਨੂੰ ਮਿਲਿਆ ਸੀ-ਆਸ ਸੀ ਕਿ ਸਾਹ ਵਰੋਲ ਰਹੀਆਂ ਸ਼੍ਰੋਮਣੀ ਸੰਸਥਾਵਾਂ ਨੂੰ ਹੁਣ ਸ਼ਾਇਦ ਕੋਈ ਆਕਸੀਜਨ ਮਿਲ ਜਾਵੇਗੀ ਪਰ ਅਜਿਹਾ ਹੋ ਨਹੀਂ ਸਕਿਆ। ਤੱਤੇ ਘਾ ਤਾਂ ਕੁਝ ਸਕੂਨ ਮਿਲਿਆ ਪਰ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਹਾਲਾਤ ਬਦ ਤੋਂ ਬਦਤਰ, ਭਿਆਨਕ ਤੋਂ ਭਿਆਨਕ ਹੁੰਦੇ ਚਲੇ ਗਏ- ਪੰਜ ਸਿੰਘ ਸਾਹਿਬਾਨ ਦੇ ਹੁਕਮਾਂ ਨੂੰ ਸਿਰੇ ਤੋਂ ਖਾਰਜ ਕਰਨ ਦੀ ਅਗਾਊ ਯੋਜਨਾ ਅਮਲਾਂ ਵਿਚ ਲਿਆਈ ਜਾਣ ਲੱਗੀ। ਸਿੱਖ ਕੌਮ ਨੂੰ ਹੋਰ ਮੂਰਖ ਬਣਾਉਣ ਹਿੱਤ ਦਿਖਾਵੇ ਵਜੋਂ ਧਾਰਮਿਕ ਸਜ਼ਾਵਾਂ ਤਾਂ ਪੂਰੀਆਂ ਕੀਤੀਆਂ (ਦਾਗ਼ੀਆਂ ਤੇ ਬਾਗ਼ੀਆਂ ਦੋਵਾਂ ਧਿਰਾਂ ਨੇ) ਪਰੰਤੂ ਦੂਸਰੇ ਸਾਰੇ ਮੁੱਦਿਆਂ'ਤੇ ਅਕਾਲੀ ਦਲ ਦੀ ਨਾਬਰੀ ਸਪੱਸ਼ਟ ਦਿਖੀ ਜੋ ਅੱਜ ਤੱਕ ਲਗਾਤਾਰ ਦਿਸ ਰਹੀ ਹੈ। ਬਾਕੀ ਧਿਰਾਂ ਨੂੰ ਨਾਲ ਨਾ ਲੈ ਕੇ ਤੁਰਨ ਦੀ ਅੜੀ ਪ੍ਰਤੱਖ ਹੈ ਭਾਵੇਂ ਓਸ ਦਿਨ ਹਰ ਗੁਨਾਹ, ਹਰ ਗਲਤੀ, ਹਰ ਵਧੀਕੀ ਤੇ ਜ਼ਿਆਦਤੀ ਆਪਣੇ ਪੱਲੇ ਪੁਆਈ ਸੀ, ਇਸ ਦੇ ਪ੍ਰਧਾਨ ਨੇ। ਜਾਪਦੈ ਕਿ ਚੌਧਰ, ਪ੍ਰਧਾਨਗੀ ਅਤੇ ਕੁਰਸੀ ਦਾ ਨਸ਼ਾ ਇਸ ਕਦਰ ਸਿਰ, ਚੜ੍ਹ ਕੇ ਬੋਲ ਰਿਹਾ ਹੈ ਕਿ ਤਖ਼ਤਾਂ ਦੀ ਮਾਣ ਮਰਿਯਾਦਾ ਤੇ ਸਿੱਖ ਸਿਧਾਂਤ, ਓਸ ਅੱਗੇ ਬਿਲਕੁਲ ਬੇਮਾਅਨੇ ਹੋ ਕੇ ਰਹਿ ਗਏ ਹਨ। ਅੱਜ, ਸਾਰੀ ਸਿੱਖ ਕੌਮ ਠੱਗੀ ਹੋਈ ਮਹਿਸੂਸ ਕਰ ਰਹੀ ਹੈ ਕਿਉਂਕਿ ਮੂੰਹ ਜੋਰ ਹੋ ਚੁੱਕਾ ਵਰਤਮਾਨ (ਸ਼੍ਰੋਮਣੀ) ਅਕਾਲੀ ਦਲ ਦੀ ਹੱਥ ਠੋਕੀ ਸ਼੍ਰੋਮਣੀ ਕਮੇਟੀ ਨੇ ਤਾਂ ਓਹ ਜਥੇਦਾਰ ਵੀ ਛਾਂਗ ਦਿੱਤੇ ਜਿਨ੍ਹਾਂ ਨੇ ਫ਼ਸੀਲ ਤੋਂ ਫੈਸਲੇ ਸੁਣਾਏ ਸਨ। ਸਾਰੇ ਸਿਆਪੇ ਦੀ ਜੜ੍ਹ ਤਾਂ ਸਿਰਸੇ ਵਾਲਾ ਦੰਭੀ ਸਾਧ ਸੀ ਜਿਥੋਂ ਇਹ ਬਵਾਲ ਵਧਿਆ ਸੀ ਤੇ 2007 ਤੋਂ ਸੁਲਗਦੀ ਆ ਰਹੀ ਚੰਗਿਆੜੀ 2015 ਤੱਕ ਭਾਂਬੜ ਬਣ ਕੇ ਸਾਹਮਣੇ ਆਈ। ਜੋ ਕਿਰਦਾਰ, ਓਸ ਵਕਤ ਦੇ ਜਥੇਦਾਰਾਂ ਨੇ ਦਿਖਾਇਆ, ਓਸ 'ਤੇ, ਦੋ ਦਸੰਬਰ ਦੇ ਹੁਕਮਾਂ ਉਪਰੰਤ

ਵੀ ਕੋਈ ਕਾਰਵਾਈ, ਨਹੀਂ ਕੀਤੀ ਗਈ ਅਤੇ ਕਾਇਮ ਦਾਇਮ ਜਥੇਦਾਰਾਂ ਦੀ ਛੁੱਟੀ ਕਰਕੇ ਸਗੋਂ ਆਪਣੀ ਹੋਰ ਧੌਂਸ ਦਿਖਾਈ ਗਈ।

ਕਾਂਗਰਸ ਤੋਂ ਬਾਅਦ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਵਜੋਂ ਸਥਾਪਿਤ ਸ਼੍ਰੋਮਣੀ ਅਕਾਲੀ ਦਲ, ਆਪਣੇ ਪੂਰਵਜਾਂ ਦੀਆਂ ਘਾਲਣਾਵਾਂ, ਮਿਹਨਤ, ਸਿਦਕਦਿਲੀ, ਜਾਂਬਾਜੀ ਅਤੇ ਵਫ਼ਾਦਾਰੀ ਕਰਕੇ ਹਰਦਿਲ ਅਜ਼ੀਜ਼ ਰਿਹਾ। ਸਮੁੱਚੀ ਕਾਂਗਰਸ ਲੀਡਰਸ਼ਿਪ (ਨਹਿਰੂ, ਗਾਂਧੀ ਤੇ ਪਟੇਲ) ਇਨ੍ਹਾਂ ਦਾ ਲੋਹਾ ਮੰਨਦੀ ਸੀ ਪਰ ਹੁਣ ਕੱਖੋਂ ਹੌਲੇ ਇਹਦੇ ਅਹੁਦੇਦਾਰ ਲਗਾਤਾਰ ਸੰਗਤੀ-ਵਿਰੋਧੀ ਤੇ ਸਮੂਹਿਕ ਹਾਰਾਂ ਦਾ ਸਾਹਮਣੇ ਕਰ ਰਹੇ ਹਨ। ਵਿਰੋਧੀ ਬਾਹਰੋਂ ਹੀ ਨਹੀਂ ਅੰਦਰੂਨੀ ਵੀ ਹੈ ਜਿਸ ਨਾਲ ਸਿੱਖ ਕੌਮ ਦੇ ਅੱਡਰੇਪਨ, ਨਿਵੇਕਲੇਪਨ ਤੇ ਵਿਲੱਖਣਤਾ ਨੂੰ ਖੋਰਾ ਲੱਗ ਰਿਹਾ ਹੈ।

ਪਹਿਲੇ ਦੌਰ ਵਿਚ, ਸਿੱਖ ਕੌਮ ਦੇ ਫ਼ੈਸਲੇ ਕਿਸੇ ਧੜੇ ਵਲੋਂ ਨਹੀਂ ਸਗੋਂ ਸਰਬੱਤ ਖਾਲਸਾ ਬੁਲਾ ਕੇ ਗੁਰਮਤੇ ਅਨੁਸਾਰ ਕਰਨ ਦੀ ਰਵਾਇਤ ਰਹੀ ਹੈ। ਪੰਜ ਪ੍ਰਧਾਨੀ ਪ੍ਰਥਾ ਦੀ ਪਾਲਣਾ ਲਾਜ਼ਮੀ ਹੁੰਦੀ ਸੀ ਤੇ ਆਪਸ ਵਿਚ ਵਿਚਾਰ-ਵਟਾਂਦਰੇ ਉਪਰੰਤ ਪ੍ਰਵਾਨਿਆ ਮਤਾ ਮੁੱਖ ਜਥੇਦਾਰ ਵਲੋਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਐਲਾਨਿਆ ਜਾਂਦਾ ਸੀ। ਇਸ ਦੀ ਸਰਵੋਤਮਤਾ ਤੇ ਸ੍ਰੇਸ਼ਟਤਾ ਨਿਰਵਿਵਾਦਤ ਸੀ ਜਿਸ ਦੀ ਉਦਾਹਰਨ ਹੈ ਅਕਾਲੀ ਫੂਲਾ ਸਿੰਘ ਜੀ ਵਲੋਂ, ਨਾਚੀ ਮੋਰਾਂ ਨਾਲ ਰਿਸ਼ਤਾ ਗੰਢਣ ਕਰਕੇ ਮਹਾਰਾਜੇ ਦੇ ਕੋਰੜੇ ਮਾਰਨ ਵਾਲੀ ਘਟਨਾ। ਅਜੋਕੇ ਜਥੇਦਾਰਾਂ ਦੇ ਨਿਜੀ ਜੀਵਨ ਦੇ ਕਈ ਘ੍ਰਿਣਤ ਵਰਤਾਰੇ ਜੱਗ ਜ਼ਾਹਿਰ ਹੋ ਜਾਣ ਪਿਛੋਂ ਵੀ ਉਨ੍ਹਾਂ ਦੀ ਤੈਨਾਤੀ ਬਣੀ ਰਹੀ ਹੈ ਤੇ ਕਈ ਵਾਰ ਕਿਰਦਾਰਕੁਸ਼ੀ ਕਰਕੇ ਐਵੇਂ ਵੀ ਬਰਖਾਸਤਗੀ ਕਰ ਦਿੱਤੀ ਜਾਂਦੀ ਹੈ।

ਪਿਛਲੇ ਮੁੱਦੇ ਤਾਂ ਅਜੇ ਸੁਲਗ ਹੀ ਰਹੇ ਹਨ ਪਰ ਇਕ ਹੋਰ ਨਵਾਂ ਸ਼ੋਸ਼ਾ ਸਿੰਘ ਸਾਹਿਬਾਨ ਦੀ ਨਿਯੁਕਤੀ, ਸੇਵਾ ਮੁਕਤੀ ਤੇ ਕਾਰਜਕਾਲ ਦਾ ਛੱਡਿਆ ਗਿਆਹੈ। ਪਹਿਲਾਂ ਵੀ ਇਹ ਕਾਬਜ ਧਿਰ ਦਾ ਹੀ ਏਕਾਧਿਕਾਰ ਰਿਹਾ ਹੈ ਤੇ ਅੱਗੋਂ ਵੀ ਇਹ ਇਸ ਤੋਂ ਖੁੱਸਣਾ ਸੰਭਵ ਨਹੀਂ। ਧਰਮ ਪ੍ਰਚਾਰ ਦੇ ਨਾਂ ਅਰਬਾਂ ਦਾ ਬਜਟ ਅਲਾਟ ਕਰਨ ਵਾਲੀ ਸ਼੍ਰੋਮਣੀ ਕਮੇਟੀ ਕਿਹੜਾ ਪ੍ਰਚਾਰ ਕਰ ਰਹੀ ਹੈ, ਸਭ ਦੇ ਸਾਹਮਣੇ ਹੈ-ਪਤਿਤਪੁਣਾ, ਧਰਮ ਪਰਿਵਰਤਨ ਤੇ ਸਿੱਖੀ ਦਾ ਤਿਆਗ ਅੱਜ ਧੜੱਲੇ ਨਾਲ ਜਾਰੀ ਹੈ। ਇਸ ਪ੍ਰਥਾਇ, ਗੁਰਦਾਸ ਮਾਨ ਦੀ ਤੁਕ, ਕੀ ਬਣੂੰ ਦੁਨੀਆਂ ਦਾ ਦੀ ਥਾਂ ਕੀ ਬਣੂੰ ਸਿੱਖ ਕੌਮ ਦਾ ਲਿਖ ਕੇ ਮਨ ਨੂੰ ਕੁਝ ਸਕੂਨ ਮਿਲਿਆ ਹੈ। -0-

# ਕਿਰਤ ਕਰਨੀ

**-ਮੰਗਤ ਸਿੰਘ ਰਾਹੀ # 98882-91607**

**ਤਣਾਅ-ਰਹਿਤ ਜੀਵਨ ਪ੍ਰਾਪਤ ਕਰਨ ਦਾ ਚੌਥਾ ਸੂਤਰ ਹੈ : ਕਿਰਤ ਕਰਨੀ।**

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਇਸ ਸਮਾਜ ਵਿਚ ਅਸੀਂ ਮਾਂ-ਬਾਪ, ਪੁੱਤਰ, ਧੀ, ਚਾਚੇ, ਮਾਮੇ, ਤਾਏ, ਭਰਾ, ਭੈਣ, ਪਤੀ-ਪਤਨੀ, ਮਿੱਤਰ ਤੇ ਸਾਕ ਸੰਬੰਧੀ ਬਣ ਕੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਂਦੇ ਹਾਂ। ਇਹ ਜ਼ਿੰਮੇਵਾਰੀਆਂ ਨਿਭਾਉਣ ਲਈ ਸਾਡਾ ਆਰਥਿਕ ਤੇ ਵਿਵਹਾਰਿਕ ਜੀਵਨ ਉੱਤਮ ਦਰਜੇ ਦਾ ਹੋਣਾ ਚਾਹੀਦਾ ਹੈ। ਜੇਕਰ ਅਸੀਂ ਵਿਹਲੜ ਤੇ ਮਖੱਟੂ ਜੀਵਨ ਵਾਲੇ ਹੋਵਾਂਗੇ ਤਾਂ ਇਹ ਜ਼ਿੰਮੇਵਾਰੀ ਕਿਸੇ ਤਰ੍ਹਾਂ ਵੀ ਨਿਭਾਅ ਨਹੀਂ ਸਕਾਂਗੇ, ਜਿਸ ਨਾਲ ਅਸੀਂ ਆਪ ਵੀ ਦੁਖੀ ਤੇ ਬਾਕੀ ਸਮਾਜ ਦੇ ਮੈਂਬਰ ਵੀ ਦੁਖੀ ਤੇ ਤਣਾਅ ਭਰੀ ਜ਼ਿੰਦਗੀ ਜੀਊਣ ਲਈ ਮਜਬੂਰ ਹੋਵਾਂਗੇ। ਪਰ ਜੇ ਅਸੀਂ ਕਿਰਤ ਕਰਨ ਦੇ ਆਦੀ ਹੋਵਾਂਗੇ ਤਾਂ ਕਿਰਤ ਕਰਕੇ, ਮੇਹਨਤ ਕਰਕੇ ਚੰਗੇ ਤੋਂ ਚੰਗਾ ਰੁਤਬਾ ਹਾਸਲ ਕਰਕੇ ਆਪਣਾ ਆਰਥਿਕ ਤੇ ਵਿਵਹਾਰਿਕ ਜੀਵਨ ਬੜੇ ਉੱਚੇ ਪੱਧਰ ਦਾ ਬਣਾ ਸਕਾਂਗੇ।



ਜੇਕਰ ਕੋਈ ਮਨੁੱਖ ਕਿਰਤ ਨਹੀਂ ਕਰੇਗਾ ਤਾਂ ਉਹ ਆਰਥਿਕ ਪੱਖੋਂ ਬੜਾ ਕਮਜ਼ੋਰ ਹੋਵੇਗਾ। ਆਪਣੀਆਂ ਤੇ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕੇਗਾ। ਜਿਸ ਕਰਕੇ ਉਸ ਦੇ ਪਰਿਵਾਰ ਵਿਚ ਸਦਾ ਕਲੇਸ਼ ਰਹੇਗਾ। ਇਸ ਕਲੇਸ਼ ਨੇ ਸਦਾ ਉਸ ਦੇ ਪਰਿਵਾਰ ਦੇ ਜੀਆਂ ਨੂੰ ਤਣਾਅ ਵਿਚ ਰੱਖਣਾ ਹੈ, ਜਿਸਦਾ ਅੰਤ ਕਈ ਵਾਰੀ ਆਤਮ-ਹੱਤਿਆ ਤੇ ਹੋਰ ਅਣਸੁਖਾਵੀਆਂ ਘਟਨਾਵਾਂ ਵਿਚ ਜਾ ਕੇ ਹੁੰਦਾ ਹੈ। ਜੇਕਰ ਮਨੁੱਖ ਕਿਰਤ ਨਹੀਂ ਕਰੇਗਾ ਤਾਂ ਉਸ ਦਾ ਪਰਿਵਾਰ ਤੇ ਉਹ ਆਪ ਆਪਣਾ ਪਾਲਣ-ਪੋਸ਼ਣ ਕਿਸ ਤਰ੍ਹਾਂ ਕਰੇਗਾ ? ਕਿਉਂਕਿ ਸਰੀਰ ਨੂੰ ਕਾਇਮ ਰੱਖਣ ਲਈ ਰੋਟੀ ਤਾਂ ਚਾਹੀਦੀ ਹੈ। ਸੋ ਇਸ ਲਈ ਉਹ ਠੱਗੀ-ਠੋਰੀ, ਭ੍ਰਿਸ਼ਟਾਚਾਰ ਆਦਿਕ ਅਨੈਤਿਕ ਢੰਗ-ਤਰੀਕੇ ਵਰਤੇਗਾ। ਇਸ ਪ੍ਰਵਿਰਤੀ ਵਿਚ ਪੈਂਦਿਆਂ ਹੀ ਉਸ ਨੂੰ ਹਰ ਵੇਲੇ ਪਕੜੇ ਜਾਣ, ਪੁਲਿਸ ਦੁਆਰਾ ਦੰਡਿਤ ਕੀਤੇ ਜਾਣ ਦੇ ਡਰ ਦਾ ਤਣਾਅ ਬਣਿਆ ਰਹੇਗਾ। ਕਿਰਤ ਨਾ ਕਰਨ ਵਾਲਾ ਵਿਅਕਤੀ ਹੀ ਆਪਣਾ ਤੇ ਪਰਿਵਾਰ ਦਾ ਪੇਟ ਭਰਨ ਲਈ ਵੱਡੇ ਤੋਂ ਵੱਡਾ ਜੁਰਮ ਕਰਨ ਲਈ ਤਿਆਰ ਹੋ ਜਾਂਦਾ ਹੈ। ਕਈ ਵਾਰੀ ਜੁਰਮ ਕਰਕੇ ਉਹ ਬਚ ਜਾਂਦਾ ਹੈ, ਪਰ ਬਹੁਤ ਕਰਕੇ ਮਨੁੱਖ ਪਕੜਿਆ ਜ਼ਰੂਰ ਜਾਂਦਾ ਹੈ ਤੇ ਫਿਰ ਪੁਲਿਸ ਦਾ ਤਸ਼ੱਦਦ ਤੇ ਉਸ ਤੋਂ ਬਾਅਦ ਕੈਦ ਆਦਿ ਦੀ ਸਜ਼ਾ। ਇਸ ਤਰ੍ਹਾਂ ਉਸ ਦਾ ਤੇ ਉਸਦੇ ਪਰਿਵਾਰ ਦਾ ਜੀਵਨ ਤਣਾਅ ਭਰਿਆ ਹੀ ਬੀਤਦਾ ਹੈ। ਕਿਰਤ ਨਾ ਕਰਨ ਵਾਲਾ ਮਨੁੱਖ ਕਈ ਤਰ੍ਹਾਂ ਦੀਆਂ ਹੇਰਾਫੇਰੀਆਂ ਕਰਦਾ ਹੈ, ਜਿਵੇਂ ਲੋਕਾਂ ਨੂੰ ਪੈਸੇ ਦੁਗਣੇ ਕਰਕੇ ਦੇਣ ਦਾ ਝਾਂਸਾ ਦੇ ਕੇ ਲੋਕਾਂ ਕੋਲੋਂ ਕਰੋੜਾਂ ਰੁਪਏ ਇਸ ਬਹਾਨੇ ਲੈ ਕੇ ਫਰਾਰ ਹੋ ਜਾਣਾ। ਹੁਣੇ-ਹੁਣੇ ਟੀ. ਵੀ. 'ਤੇ ਐਸੇ ਵਿਅਕਤੀ ਦੀ ਘਰਵਾਲੀ ਦੀ ਕੋਰਟ ਵਿਚ ਪੇਸ਼ੀ ਸਮੇਂ ਲੋਕਾਂ ਵਲੋਂ ਖੂਬ ਕੁਟਾਈ ਕਰਦੇ ਦਿਖਾਇਆ ਗਿਆ ਹੈ। ਕਿਰਤ ਨਾ ਕਰਨ ਵਾਲਾ ਮਨੁੱਖ ਹੀ ਆਪਣਾ ਪੇਟ ਭਰਨ ਲਈ ਮੰਗ ਕੇ ਖਾਣ ਲਈ ਮਜਬੂਰ ਹੋਵੇਗਾ ਤੇ ਇਸ ਮੰਗ ਕੇ ਖਾਣ ਵਾਲੀ ਬਿਰਤੀ ਨੇ ਹੀ ਭਾਰਤ ਵਿਚ ਲਗਭਗ ਇਕ ਕਰੋੜ ਮੰਗਤੇ ਪੈਦਾ ਕੀਤੇ ਹਨ ਜੋ ਆਪਣੇ ਆਪ ਅਤੇ ਸਾਰੇ ਸਮਾਜ 'ਤੇ ਬੋਝ ਬਣੇ ਹੋਏ ਹਨ।

ਸਿੱਖ ਧਰਮ ਸੰਸਾਰ ਤੋਂ ਵਿਰਕਤ ਹੋਣ ਅਤੇ ਇਸ ਤੋਂ ਭੱਜ ਜਾਣ ਦੀ ਸਿੱਖਿਆ ਨਹੀਂ ਦਿੰਦਾ। ਇਹ ਇਸ ਜਗਤ ਨੂੰ 'ਸੱਚੇ ਦੀ ਕੋਠੜੀ' ਮੰਨ ਕੇ ਇਸ ਵਿਚ ਕਰਮਸ਼ੀਲ ਹੋਣ, ਕਿਰਤ ਕਰਨ, ਹੱਸਣ, ਖੇਡਣ ਅਤੇ ਸਵੈਮਾਣ ਭਰਿਆ ਆਜ਼ਾਦ ਜੀਵਨ ਜੀਊਣ ਦਾ ਸੰਦੇਸ਼ ਦਿੰਦਾ ਹੈ ਤਾਂ ਕਿ ਤਣਾਅ ਰੂਪੀ ਦੈਂਤ ਮਨੁੱਖ ਦੇ ਲਾਗੇ ਤਾਗੇ ਵੀ ਨਾ ਫਟਕ ਸਕੇ :

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (੫੨੨)**

ਗੁਰੂ ਨਾਨਕ ਸਾਹਿਬ ਦੁਨੀਆਂ ਦੇ ਪਹਿਲੇ ਰਹਿਬਰ ਹੋਏ ਹਨ, ਜਿਨ੍ਹਾਂ ਨੇ ਸੰਸਾਰ ਨੂੰ ਇਕ ਨਵੀਂ ਜੀਵਨ ਜਾਚ ਦਿੱਤੀ ਕਿ ਜਿੱਥੇ ਦੂਜਿਆਂ ਦੀ ਕਮਾਈ 'ਤੇ ਪਲਣਾ ਉਨ੍ਹਾਂ ਦਾ ਲਹੂ ਪੀਣ ਦੇ ਬਰਾਬਰ ਹੈ, ਉੱਥੇ ਦਸਾਂ ਨਹੁੰਆਂ ਦੀ ਕਿਰਤ ਕਰਕੇ ਜੀਊਣਾ ਹੀ ਅਸਲੀ ਮਨੁੱਖਤਾ ਦਾ ਜੀਵਨ ਜੀਊਣਾ ਹੈ। ਗੁਰੂ ਸਾਹਿਬ ਨੇ ਇਹ ਦ੍ਰਿੜ੍ਹ ਕਰਾਇਆ ਕਿ ਕਿਰਤ ਦਾ ਕੋਈ ਵੀ ਕਿੱਤਾ ਮਾੜਾ ਨਹੀਂ ਹੈ। ਮਾੜਾਪਨ ਤਾਂ ਮਨੁੱਖੀ ਭਾਵਨਾ ਜਾਂ ਨੀਅਤ ਵਿਚ ਹੈ। ਹਰ ਪ੍ਰਕਾਰ ਦੀ ਕਿਰਤ ਚੰਗੀ ਹੈ ਜੋ ਨੇਕੀ ਤੇ ਈਮਾਨਦਾਰੀ ਨਾਲ ਕੀਤੀ ਜਾਵੇ।

ਬੇਈਮਾਨੀ ਦੀ ਕਿਰਤ ਕਰਨ ਨਾਲ ਮਨੁੱਖ ਦੇ ਆਪਣੇ ਮਨ ਵਿਚ ਸਦਾ ਹੀਣ-ਭਾਵਨਾ ਬਣੀ ਰਹਿੰਦੀ

ਹੈ। ਉਸਦੇ ਮਨ ਵਿਚ ਸਦਾ ਇਹ ਤੌਖਲਾ ਬਣਿਆ ਰਹਿੰਦਾ ਹੈ ਕਿ ਅੱਜ ਫਸੇ ਕਿ ਫਸੇ। ਉਹ ਸਦਾ ਹੀ ਆਪਣੀ ਬੇਈਮਾਨੀ ਨੂੰ ਦੂਜਿਆਂ ਅੱਗੇ ਜ਼ਾਹਿਰ ਹੋਣ ਦੇ ਡਰ ਕਾਰਨ ਅੰਦਰ ਹੀ ਅੰਦਰ ਤਣਾਅ ਵਿਚ ਹੀ ਰਹੇਗਾ। ਇਸਦੇ ਨਾਲ-ਨਾਲ ਉਸਦੇ ਅੰਦਰ ਹੋਰ ਵੀ ਕਈ ਤਰ੍ਹਾਂ ਦੇ ਤੌਖਲੇ ਬਣੇ ਰਹਿੰਦੇ ਹਨ ਜੋ ਕਿ ਆਪਣੇ ਆਪ ਵਿਚ ਤਣਾਅ ਦਾ ਰੂਪ ਹੀ ਹਨ। ਉਸ ਨੂੰ ਸਦਾ ਇਹ ਚਿੰਤਾ ਬਣੀ ਰਹਿੰਦੀ ਹੈ ਕਿ ਇਸ ਕਾਲੇ ਧਨ ਦੀ ਕਮਾਈ ਨੂੰ ਕਿਸ ਤਰ੍ਹਾਂ ਸਾਂਭ ਕੇ ਰੱਖਾਂ? ਕਈ ਵਾਰੀ ਇਸ ਕਮਾਈ ਨੂੰ ਉਹ ਆਪਣੇ ਰਿਸ਼ਤੇਦਾਰਾਂ ਜਾਂ ਸੰਬੰਧੀਆਂ ਦੇ ਨਾਂ ਲਵਾ ਦੇਂਦਾ ਹੈ ਤੇ ਜਦੋਂ ਪੁੱਛ ਪੜਤਾਲ ਹੁੰਦੀ ਹੈ ਤਦ ਉਹ ਆਪ ਤਾਂ ਫਸਦਾ ਹੀ ਫਸਦਾ ਹੈ, ਨਾਲ ਹੀ ਉਹ ਸਾਕ-ਸੰਬੰਧੀ ਵੀ ਰਗੜੇ ਵਿਚ ਆ ਜਾਂਦੇ ਹਨ। ਇਸ ਕਾਲੇ ਧਨ ਕਾਰਨ ਸਦਾ ਹੀ ਉਸ ਨੂੰ ਚੋਰਾਂ-ਡਾਕੂਆਂ ਦਾ ਭੈਅ ਬਣਿਆ ਰਹਿੰਦਾ ਹੈ ਜਿਸ ਕਾਰਨ ਨਾ ਉਸਨੂੰ ਰਾਤੀ ਨੀਂਦ ਹੀ ਆਉਂਦੀ ਹੈ ਤੇ ਨਾ ਹੀ ਉਹ ਦਿਨ ਨੂੰ ਚੈਨ ਨਾਲ ਵਿਚਰ ਸਕਦਾ ਹੈ। ਇਸ ਬੇਈਮਾਨੀ ਦੇ ਪੈਸੇ ਕਾਰਨ ਉਸ ਨੂੰ ਸਦਾ ਹੀ ਇਨਕਮ ਟੈਕਸ ਦੇ ਛਾਪਿਆਂ ਦਾ ਡਰ ਸਤਾਈ ਰੱਖਦਾ ਹੈ ਕਿ ਮਤਾਂ ਕੋਈ ਇਸ ਬਾਰੇ ਸ਼ਿਕਾਇਤ ਨਾ ਕਰ ਦੇਵੇ ਤੇ ਇਨਕਮ ਟੈਕਸ ਵਾਲੇ ਉਸ ਦੇ ਘਰ ਅਤੇ ਦਫ਼ਤਰ ਜਾਂ ਫੈਕਟਰੀ 'ਤੇ ਛਾਪਾ ਨਾ ਮਾਰ ਦੇਣ। ਇਸ ਛਾਪੇ ਕਾਰਨ ਉਸ ਦੀ ਬਦਨਾਮੀ ਤਾਂ ਹੋਏਗੀ ਹੀ ਨਾਲ ਹੀ ਉਹ ਕਾਲਾ ਧਨ ਵੀ ਜ਼ਬਤ ਕਰ ਲਿਆ ਜਾਏਗਾ। ਇਸ ਕਾਲੀ ਕਮਾਈ ਨੂੰ ਬਚਾਉਣ ਲਈ ਉਹ ਸਦਾ ਇਨ੍ਹਾਂ ਚੱਕਰਾਂ ਵਿਚ ਪਿਆ ਰਹਿੰਦਾ ਹੈ ਕਿ ਇਸ ਧਨ ਨੂੰ ਕਿਸ ਤਰ੍ਹਾਂ ਜ਼ਿਆਦਾ ਤੋਂ ਜ਼ਿਆਦਾ ਇਨਕਮ ਟੈਕਸ ਤੋਂ ਬਚਾਇਆ ਜਾਏ। ਜਿਸ ਕਾਰਣ ਚੈਨ ਨਾਲ ਜੀਵਨ ਬਸਰ ਨਹੀਂ ਕਰ ਸਕਦਾ। ਬਸ ਹਰ ਵੇਲੇ ਤਣਾਅ ਹੀ ਤਣਾਅ ਵਿਚ ਰਹਿੰਦਾ ਹੈ।

ਇਸ ਕਾਲੇ ਧਨ ਕਾਰਣ ਸਮਾਜਿਕ ਕੁਰੀਤੀਆਂ ਵੀ ਵਧਦੀਆਂ ਹਨ। ਕਿਉਂਕਿ ਇਹ ਪੈਸਾ ਮੇਹਨਤ ਨਾਲ ਤਾਂ ਕਮਾਇਆ ਨਹੀਂ ਗਿਆ, ਸੋ ਮਨੁੱਖ ਇਸ ਨੂੰ ਖੁੱਲ੍ਹ ਕੇ ਖਰਚਣ ਵਿਚ ਵੀ ਕੋਈ ਦੁੱਖ ਕਸ਼ਟ ਮਹਿਸੂਸ ਨਹੀਂ ਕਰਦਾ। ਕਲੱਬਾਂ, ਪਾਰਟੀਆਂ ਵਿਚ ਜਾਂਦਾ ਹੈ। ਖੂਬ ਨਸ਼ੇ ਕਰਦਾ ਹੈ ਤੇ ਨਸ਼ੇ ਵਿਚ ਆਪਣੀ ਸਿਹਤ ਦੀ ਤੇ ਪੈਸਿਆਂ ਦੀ ਬਰਬਾਦੀ ਕਰਨ ਵਿਚ ਕੋਈ ਸੰਕੋਚ ਨਹੀਂ ਕਰਦਾ। ਇਸ ਧਨ ਕਰਕੇ ਜੂਆ ਖੇਡਣ ਦੀ ਬੁਰੀ ਲਤ ਉਸ ਨੂੰ ਆਪਣੇ ਚੁੰਗਲ ਵਿਚ ਫਸਾ ਲੈਂਦੀ ਹੈ। ਇਹੀ ਕਾਰਣ ਹੈ ਕਿ ਐਸੇ ਧਨ ਨਾਲ ਅਮੀਰ ਬਣੇ ਲੋਕਾਂ ਦੇ ਧੀਆਂ ਪੁੱਤਰ ਨਸ਼ੇ ਤੇ ਜੂਏ ਦੀ ਭੈੜੀ ਇੱਲਤ ਵਿਚ ਫਸ ਜਾਂਦੇ ਹਨ। ਉਹ ਮਾਂ-ਬਾਪ ਦੇ ਕੰਟਰੋਲ ਤੋਂ ਬਾਹਰ ਹੋ ਜਾਂਦੇ ਹਨ। ਵਿਭਚਾਰ ਆਦਿਕ ਕਈ ਅਨੈਤਿਕ ਕੰਮਾਂ ਵਿਚ ਪੈ ਜਾਂਦੇ ਹਨ, ਜਿਸ ਕਾਰਨ ਮਾਂ-ਬਾਪ ਲਈ ਸਦਾ ਚਿੰਤਾ, ਡਰ ਤੇ ਤਣਾਅ ਪੈਦਾ ਹੁੰਦਾ ਹੈ। ਸਮਾਜ ਤੇ ਸਰਕਾਰ ਲਈ ਵੀ ਇਨ੍ਹਾਂ ਕਰਕੇ ਸਿਰਦਰਦੀ ਵਿਚ ਵਾਧਾ ਹੀ ਹੁੰਦਾ ਹੈ।

ਬੇਈਮਾਨੀ ਦੀ ਕਮਾਈ ਦੇ ਕਾਲੇ ਧਨ ਦੀ ਬਹੁਤਾਤ ਦਾਜ-ਦਹੇਜ ਦੀ ਕੁਰੀਤੀ ਵਧਾਉਣ ਵਿਚ ਵੀ ਬੜੀ ਸਹਾਇਕ ਹੁੰਦੀ ਹੈ। ਅਮੀਰ ਆਦਮੀ ਲਈ ਤਾਂ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਇਸ ਕੁਰੀਤੀ ਕਾਰਨ ਗ਼ਰੀਬ ਮਾਂ-ਬਾਪ ਲਈ ਚਿੰਤਾ ਫ਼ਿਕਰ ਤੇ ਤਣਾਅ ਬਣਿਆ ਰਹਿੰਦਾ ਹੈ ਕਿਉਂਕਿ ਉਹ ਇਸ ਦੇ ਸਮਰੱਥ ਨਹੀਂ ਹੁੰਦੇ। ਬੇਈਮਾਨੀ ਦੀ ਕਮਾਈ ਕਿਸੇ ਨਾ ਕਿਸੇ ਦਾ ਹੱਕ ਮਾਰ ਕੇ ਹੀ ਕੀਤੀ ਜਾ ਸਕਦੀ ਹੈ। ਬਿਨਾਂ ਕਿਸੇ ਦਾ ਹੱਕ ਮਾਰੇ ਇਹ ਕਮਾਈ ਹੋ ਹੀ ਨਹੀਂ ਸਕਦੀ। ਸੋ ਜਿਨ੍ਹਾਂ ਲੋਕਾਂ ਦਾ ਹੱਕ ਮਾਰਿਆ ਜਾਂਦਾ ਹੈ ਉਨ੍ਹਾਂ ਅੰਦਰ ਵੀ ਤਣਾਅ ਬਣਿਆ ਰਹਿੰਦਾ ਹੈ। ਇਸ ਬੇਈਮਾਨੀ ਦੀ ਕਮਾਈ ਨਾਲ ਜੋ ਵਿਅਕਤੀ ਵੱਡੇ ਵੱਡੇ ਧਨਾਢ ਤੇ ਅਮੀਰ ਬਣੇ ਹਨ, ਉਨ੍ਹਾਂ ਦੀ ਵਡਿਆਈ ਬੜੀ ਦੂਰ ਤੱਕ ਫੈਲ ਜਾਂਦੀ ਹੈ। ਪਰ ਜਦ ਉਨ੍ਹਾਂ ਦਾ ਪਾਜ ਉਘੜ ਜਾਂਦਾ ਹੈ, ਜੇਲ੍ਹ ਤੇ ਕੋਰਟਾਂ ਦੀ ਨੌਬਤ ਆ ਜਾਂਦੀ ਹੈ, ਸੰਗੀ ਸਾਥੀ ਵੀ ਸਾਥ ਛੱਡ ਜਾਂਦੇ ਹਨ ਤਾਂ ਇਸ ਬਦਨਾਮੀ ਕਾਰਨ ਉਨ੍ਹਾਂ ਦਾ ਜੀਊਣਾ ਹਰਾਮ ਹੋ ਜਾਂਦਾ ਹੈ। ਉਹ ਇਤਨੇ ਤਣਾਅ ਵਿਚ ਆ ਜਾਂਦੇ ਹਨ ਕਿ ਆਤਮ-ਹੱਤਿਆ ਤੱਕ ਕਰਨ ਲਈ ਮਜਬੂਰ ਹੋ ਜਾਂਦੇ ਹਨ। ਇਸ ਕਾਲੇ ਧਨ ਕਰਕੇ ਮਨੁੱਖ ਦੁਨੀਆਂ ਵਿਚ ਸੰਪਤੀ ਤੇ ਪ੍ਰਭੁਤਾ ਕਰਕੇ ਤਾਂ ਜ਼ਰੂਰ ਵੱਡੇ ਦਿਸਦੇ ਹਨ ਪਰ ਅੰਦਰ ਹੀ ਅੰਦਰ ਉਨ੍ਹਾਂ ਨੂੰ ਚਿੰਤਾ ਦਾ ਰੋਗ ਸਦਾ ਦਬਾਈ ਰੱਖਦਾ ਹੈ ਤੇ ਉਹ ਸਦਾ ਤਣਾਅ ਵਿਚ ਹੀ ਰਹਿੰਦੇ ਹਨ :

**ਵਡੇ ਵਡੇ ਜੋ ਦੀਸਹਿ ਲੋਗ ॥**
**ਤਿਨ ਕਉ ਬਿਆਪੈ ਚਿੰਤਾ ਰੋਗ ॥ (188)**

ਇਸ ਭ੍ਰਿਸ਼ਟਾਚਾਰ ਕਰਕੇ ਮੰਤਰੀਆਂ ਤੇ ਵੱਡੇ ਵੱਡੇ ਅਫ਼ਸਰਾਂ ਤੱਕ ਨੂੰ ਜ਼ਲਾਲਤ ਤੇ ਪਰੇਸ਼ਾਨੀ ਕਾਰਨ ਤਣਾਅ ਵਿਚੋਂ ਗੁਜ਼ਰਨਾ ਪੈਂਦਾ ਹੈ। ਗੱਲ ਕੀ ਹੇਰਾ ਫੇਰੀ, ਲੁੱਟ ਖਸੁੱਟ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਤੇ ਚੋਰੀ ਨਾਲ ਕਮਾਏ ਧਨ ਨਾਲ ਤਣਾਅ ਹੀ ਤਣਾਅ ਬਣਿਆ ਰਹਿੰਦਾ ਹੈ। ਗੁਰਮਤਿ ਦਾ ਇਹ ਸਿਧਾਂਤ ਮਨੁੱਖਤਾ ਲਈ ਚਾਨਣ ਮੁਨਾਰਾ ਹੈ :

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥ (522)**

ਗੁਰੂ ਸਾਹਿਬ ਨੇ ਸਾਨੂੰ ਸਾਵਧਾਨ ਕੀਤਾ ਹੈ ਕਿ ਦੂਜਿਆਂ ਕੋਲੋਂ ਮੰਗ ਕੇ ਖਾਣ ਜਾਂ ਚੜ੍ਹਾਵਿਆਂ 'ਤੇ ਪਲਣ ਵਾਲੇ ਪਖੰਡੀ ਸਾਧਾਂ-ਸੰਤਾਂ ਅਤੇ ਦੇਹਧਾਰੀ ਗੁਰੂਆਂ ਨੂੰ ਕਦੇ ਵੀ ਆਦਰਯੋਗ ਨਹੀਂ ਸਮਝਣਾ:

**ਗੁਰੁ ਪੀਰੁ ਸਦਾਏ ਮੰਗਣ ਜਾਇ॥**
**ਤਾ ਕੈ ਮੂਲਿ ਨ ਲਗੀਐ ਪਾਇ॥ (1245)**

ਵੰਡ ਛਕਣ ਬਾਰੇ ਕੇਵਲ ਇਹੀ ਕਹਿਣਾ ਕਾਫੀ ਹੈ ਕਿ ਜੋ ਕਮਾਏਗਾ ਨਹੀਂ ਉਹ ਵੰਡ ਕਿੱਥੋਂ ਸਕੇਗਾ? ਸੋ ਪਹਿਲਾਂ ਕਿਰਤ ਕਰਕੇ ਕਮਾਈ ਕੀਤੀ ਜਾਏ ਤਾਂ ਹੀ ਉਹ ਵੰਡਣਯੋਗ ਬਣ ਸਕੇਗਾ। ਗੁਰਬਾਣੀ ਸੇਧ ਦਿੰਦੀ ਹੈ :

**ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥ (1245)**

ਜੇਕਰ ਅੱਜ ਗੁਰਮਤਿ ਦੇ ਇਸ 'ਧਰਮ ਦੀ ਕਿਰਤ ਕਰਨ' ਵਾਲੇ ਸਿਧਾਂਤ ਦੇ ਧਾਰਨੀ ਬਣ ਜਾਈਏ ਤਾਂ ਚੋਰੀ, ਡਾਕਾ, ਕਤਲ, ਠੱਗੀ, ਬਲੈਕ ਮਾਰਕੀਟਿੰਗ, ਸਮਗਲਿੰਗ ਦੁਰਾਚਾਰ, ਵਿਭਚਾਰ, ਹੇਰਾਫੇਰੀ, ਜੇਬਕਟੀ ਆਦਿ ਸਮਾਜਿਕ ਬੁਰਾਈਆਂ ਸਦਾ ਲਈ ਮੁੱਕ ਜਾਣ। ਜੇ ਉਪਰੋਕਤ ਬੀਮਾਰੀਆਂ (ਬੁਰਾਈਆਂ) ਮੁੱਕ ਜਾਣ ਤਾਂ ਕਿਸੇ ਨੂੰ ਵੀ ਇਨ੍ਹਾਂ ਨਾਲ ਹੁੰਦੇ ਨੁਕਸਾਨ ਦੀ ਚਿੰਤਾ ਫ਼ਿਕਰ ਨਹੀਂ ਰਹੇਗੀ। ਇਸ ਤਰ੍ਹਾਂ ਕਿਸੇ ਦੇ ਵੀ ਤਣਾਅ ਗ੍ਰਸਤ ਹੋਣ ਦਾ ਕੋਈ ਡਰ ਨਹੀਂ ਰਹੇਗਾ।

ਸੋ ਤਣਾਅ ਰਹਿਤ ਜੀਵਨ ਪ੍ਰਾਪਤ ਕਰਨ ਦਾ ਚੌਥਾ ਸੂਤਰ ਯਾਦ ਰੱਖੀਏ :

**ਕਿਰਤ ਕਰਨੀ (ਧਰਮ ਦੀ)**

-0-

**ਸਫਾ 28 ਦਾ ਬਾਕੀ**

ਲਿਆ, ਚੰਦੱਸੀ ਤੀਕ ਚਲੇ ਗਏ ਪਰ ਕਿਸੇ ਹੁੱਤ ਨਹੀਂ ਕੀਤੀ, ਹਰ ਕੋਈ ਟਕੇ ਲੈ ਕੇ ਹਾਜ਼ਰ ਹੁੰਦਾ ਰਿਹਾ। ਇਹ ਸਭ ਕੁਝ ਸਰਦਾਰ ਸ਼ਾਮ ਸਿੰਘ ਨੇ ਆਪਣੀ ਅੱਖੀਂ ਵੇਖ ਲਿਆ ਅਤੇ ਅੰਤ ਨੂੰ ਸੰਮਤ ੧੯੩੫ ਬਿਕ੍ਰਮੀ ਵਿਚ ਆਪ ਬਿੰਝਲ ਪੁਰੇ ਸਵਰਗਵਾਸ ਹੋ ਗਏ।

ਇਸ ਪ੍ਰਸ਼ਨ ਦਾ ਉੱਤਰ ਕਿ ਮੁਸੀਬਤ ਵੇਲੇ ਖਾਲਸਈ ਕਰਤੱਬ ਕੀ ਹੁੰਦਾ ਹੈ, ਸਰਦਾਰ ਸ਼ਾਮ ਸਿੰਘ ਜੀ ਦਾ ਜੀਵਨ ਸਾਫ ਦੱਸ ਰਿਹਾ ਹੈ। ਖਾਲਸਾ ਮੁਸੀਬਤ ਤੋਂ ਕਦੇ ਡਰਿਆ ਨਹੀਂ, ਮੁਸੀਬਤ ਸਮੇਂ ਖਾਲਸੇ ਦਾ ਦਿਲ ਕਦੇ ਡੋਲਿਆ ਨਹੀਂ । ਹਜ਼ਾਰਾਂ ਸਿੰਘ ਸ਼ਹੀਦ ਕਰਵਾ ਕੇ ਵੀ ਖਾਲਸਾ ਚੜ੍ਹਦੀਆਂ ਕਲਾਂ ਵਿਚ ਰਿਹਾ ਹੈ । ਖਾਲਸੇ ਦਾ ਨਿਸ਼ਚਾ ਹੈ ਕਿ ਮੁਸੀਬਤ ਆਉਂਦੀ ਹੈ ਅਤੇ ਮੁਸੀਬਤ ਚਲੀ ਜਾਂਦੀ ਹੈ, ਪਰ ਜੋ ਸੱਚੇ ਅਸੂਲ ਦਾ ਆਸਰਾ ਲੈ ਕੇ ਇਸ ਮੁਸੀਬਤ ਨੂੰ ਝਾਗ (ਝੱਲ) ਲੈਂਦੇ ਹਨ ਉਹ ਆਪਣੇ ਮਨੋਰਥ ਵਿਚ ਜ਼ਰੂਰ ਕਾਮਯਾਬ ਹੁੰਦੇ ਹਨ। ਸਿੱਖ ਇਤਿਹਾਸ ਦੱਸਦਾ ਹੈ ਕਿ ਕਿਸੇ ਚੀਜ਼ ਦੀ ਪ੍ਰਾਪਤੀ ਕੁਰਬਾਨੀ ਤੋਂ ਬਿਨਾਂ ਨਹੀਂ ਹੁੰਦੀ ਅਤੇ ਕੁਰਬਾਨੀ ਜਿਤਨੀ ਵੱਡੀ ਹੋਵੇਗੀ ਉਸ ਤੋਂ ਮਗਰੋਂ ਕਾਮਯਾਬੀ ਵੀ ਉਤਨੀ ਹੀ ਵੱਡੀ ਹੋਵੇਗੀ। -0-

# ਕਾਵਿ ਕਿਆਰੀ

## ਸ਼ਬਦ ਗੁਰੂ ਨਾਨਕ

–ਇੰਜੀ: ਜਸਵੰਤ ਸਿੰਘ (75892-64221)

ਸ਼ਬਦ ਗੁਰੂ ਦੀ ਨੀਂਹ ਨਾਨਕ ਆਪ ਰੱਖੀ
ਸ਼ਬਦ ਗੁਰੂ ਹੀ ਸਾਰੇ ਸੰਸਾਰ ਵਸਦਾ।
ਸਾਰੇ ਧਰਮਾਂ ਦੇ ਸਾਂਝ ਦੀ ਕਰੇ ਰੱਖਿਆ
ਤਾਹੀਉਂ ਇਸ ਅੰਦਰ ਸਿਰਜਣਹਾਰ ਵਸਦਾ।
ਕਿਸੇ ਇੱਕ ਦੀ ਮਾਲਕੀ ਕੌਣ ਕਹਿੰਦਾ
ਇਹਦੇ ਵਿੱਚ ਤਾਂ ਸਾਰਾ ਸੰਸਾਰ ਵਸਦਾ।
ਭਗਤਾਂ-ਭੱਟਾਂ ਦੀ ਬਾਣੀ ਇਹ ਸਾਖ ਭਰਦੀ
ਇਸ ਵਿੱਚ ਖਲਕਤ ਦਾ ਖਾਲਕ ਕਰਤਾਰ ਵਸਦਾ
ਇੱਕ ਦੂਜੇ ਦਾ ਆਓ ਸਤਿਕਾਰ ਕਰੀਏ
ਵਿਸ਼ਵ ਭਾਈਚਾਰਾ ਲੋੜ ਸੰਸਾਰ ਦੀ ਏ
ਨਫਰਤ ਕਰਦਿਆਂ ਨਫਰਤ ਵਧੀ ਜਾਂਦੀ
ਨਫਰਤ ਛੱਡਣਾ ਹੀ ਗੱਲ ਪਿਆਰ ਦੀ ਏ।
ਸਾਰੀ ਖਲਕਤ ਦੇ ਨਾਲ ਪਿਆਰ ਕਰੀਏ
ਸਿੱਖਿਆ ਨਾਨਕ ਦੀ ਸੱਚੇ ਨਿਰੰਕਾਰ ਦੀ ਏ।
ਸਾਰੇ ਦੇਸ਼ਾਂ ਦਾ ਬਣੇ ਜੇ ਭਾਈਚਾਰਾ
ਖੁਸ਼ੀ ਸਾਰਿਆਂ ਦੇ ਸਿਰਜਣਹਾਰ ਦੀ ਏ।

---

## ਪਿੰਡਾਂ ਨੂੰ ਫਿਰ ਪਿੰਡ ਬਣਾ ਦਿਓ

–ਡਾ. ਦੀਦਾਰ ਸਿੰਘ
(ਫਤਹਿਗੜ੍ਹ ਸਾਹਿਬ)

ਪਿੰਡ ਨੂੰ ਪਿੰਡ ਫੇਰ ਬਣਾ ਦਿਓ
ਗੱਡ ਦਿਓ ਘੁਲਾੜੀਆ
ਕਮਾਦ ਲਾ ਦਿਓ

ਕਰ ਲੋ ਮੰਜੇ ਇਕੱਠੇ
ਪੈਲਸਾਂ ਦੇ ਖਰਚ ਮੁਕਾਅ ਦਿਓ
ਵਾਪਸ ਮੁੜ ਆਓ ਸਾਰੇ
ਪਿੰਡ ਨੂੰ ਪਿੰਡ ਫੇਰ ਬਣਾ ਦਿਓ
ਲਿਸ਼ਕਾ ਮਾਰਨ ਫੇਰ ਛੱਪੜਾਂ ਦੇ ਪਾਣੀ
ਘਰਾਂ ਚੋ ਬਜਾਰੀ ਕੈਮੀਕਲ ਹਟਾਅ ਦਿਓ
ਕੁਦਰਤ ਨਾਲ ਜੁੜੋ ਸਾਰੇ
ਪਿੰਡ ਨੂੰ ਪਿੰਡ ਫੇਰ ਬਣਾ ਦਿਓ

ਹਰ ਚੀਜ ਘਰਦੀ ਬੀਜੋ
ਬਜਾਰੀ ਸਮਾਨ ਦਾ ਜਬ ਹੀ ਮੁਕਾਅ ਦਿਓ
ਪਿੰਡ ਦੀ ਮਿੱਟੀ ਨਾਲ ਰੋਗ ਜੇ ਮਿਟਦੇ
ਦੇਸੀ ਚੀਜ ਘਰ ਘਰ ਉਗਾਅ ਦਿਓ
ਮਾਰੋ ਹੰਬਲਾ ਸਾਰੇ
ਪਿੰਡ ਨੂੰ ਪਿੰਡ ਫੇਰ ਬਣਾ ਦਿਓ।

ਚਾਕਲੇਟ ਦੀ ਥਾਂ ਗੁੜ
ਟੋਫੀ ਦੀ ਥਾਂ ਮਿਸ਼ਰੀ
ਜਵਾਕਾਂ ਦੀ ਜੀਭ ਦੇ ਸਵਾਦ
ਦੇਸੀ ਖਾਣੇ ਲਾ ਦਿਓ
ਬਜਾਰੀ ਸੋਚ ਬਦਲੋ ਸਾਰੇ
ਪਿੰਡ ਨੂੰ ਪਿੰਡ ਫੇਰ ਬਣਾ ਦਿਓ

ਲਾਓ ਬੈਠਕਾ ਕਰਾਵਾਓ ਪੇਂਡੂ ਖੇਡਾਂ
ਉਮਰਾਂ ਹੋਣ ਲੰਮੇਰੀਆਂ
ਮਾਤਮ ਘਰ ਘਰ ਚੋ ਮਿਟਾਅ ਦਿਓ
ਆਓ ਜੁੜੀਏ ਇਕ ਥਾਂ ਸਾਰੇ
ਪਿੰਡ ਨੂੰ ਪਿੰਡ ਫੇਰ ਬਣਾ ਦਿਓ।

-0-

---

<u>ਮਜ਼ਦੂਰ ਦਿਵਸ ਤੇ</u>

## ਸਾਨੂੰ ਸਾਡੀ ਮਜ਼ਦੂਰੀ ਦਾ, ਮਿਹਨਤਾਨਾ ਮੋੜ ਦੇ

–ਡਾ. ਅਮਨਪ੍ਰੀਤ ਸਿੰਘ

ਹੋਈ ਨਾ ਸਵੇਰ ਸਾਡੀ ਹੋਈ ਨਾ ਸਵੇਰ
ਚੜ੍ਹਿਆ ਨਾ ਸੂਰਜ ਸਾਡਾ ਇੱਕ ਵੇਰ।

ਉਠ ਖਾ ਰੁੱਖੀ ਮਿੱਸੀ ਕੰਮ ਲੱਭਣ ਜਾਈਦਾ
ਬਹੁਤ ਵਾਰ ਤੁਰ ਫਿਰ ਘਰ ਮੁੜ ਆਈਦਾ।

ਕੀ ਹੈ ਆਜ਼ਾਦੀ ਸਾਡੀ, ਝੂਠੇ ਲਾਰੇ ਸਰਕਾਰਾਂ ਦੇ
ਦੱਬਿਆਂ ਨੂੰ ਲਿਤਾੜਿਆ ਹੈ, ਸ਼ਾਹੂਕਾਰੀ ਮਾਰਾਂ ਨੇ।

ਕੱਚੇ ਘਰ ਸੁਆਰਦੇ, ਬਰਸਾਤਾਂ 'ਚ ਡਿੱਗ ਜਾਣਗੇ,
ਬੱਚਿਆਂ ਦਾ ਭਵਿੱਖ ਕੀ, ਕਿੱਥੋਂ ਜਾ ਕੇ ਉਹ ਖਾਣਗੇ।

ਮਾਲਕਾਂ ਦੀ ਆਕੜ, ਕੁਬੋਲ ਅਸੀਂ ਸਹਿੰਦੇ ਹਾਂ
ਦਿਲੋਂ ਕਿਤੋਂ ਫਿਰ ਵੀ, ਭਾਰਤ ਮਹਾਨ ਕਹਿੰਦੇ ਹਾਂ।

ਹੁੰਦਾ ਸਾਡੇ ਨਾਲ ਨਸਲੀ ਵਿਤਕਰਾ ਵੀ ਅਜ਼ੀਬ ਹੈ
ਨੀਵੇਂ ਕਿਹਾ ਸ਼ੂਦਰ ਕਿਹਾ, ਵੇ ਉਚਿਆ ਤੂੰ ਜੀਅ ਵੇ।

ਸਾਨੂੰ ਸਾਡੀ ਮਜ਼ਦੂਰੀ ਦਾ, ਮਿਹਨਤਾਨਾ ਮੋੜ ਦੇ
ਪਸੀਨੇ ਸਾਡੇ ਨਾ ਜਾਣ ਸੁੱਕ, ਖੁਸ਼ੀ ਘਰ ਤੋਰ ਵੇ।

ਇਹ ਮਜ਼ਦੂਰ ਯੂਨੀਅਨਾਂ, ਸਰਕਾਰਾਂ ਹੱਥ ਵਿਕੀਆਂ
ਗੱਲਾਂ ਸਾਡੇ ਪੱਖ ਦੀਆਂ, ਸਾਨੂੰ ਕਿਧਰੇ ਨਾ ਦਿਖੀਆਂ।

ਦੇਸ਼ ਦੀ ਤਰੱਕੀ ਵਿੱਚ, ਜ਼ੋਰ ਸਾਰਾ ਮਜ਼ਦੂਰਾਂ ਦਾ
ਜੀਵਨ ਤਰਸਯੋਗ ਰਹੂ, ਕਦੋਂ ਤੱਕ ਮਜਬੂਰਾਂ ਦਾ।

ਦੋ ਵਕਤ ਦੀ ਰੋਟੀ ਲਈ, ਖ਼ੂਨ ਆਪਾ ਵੇਚ ਕੇ
ਪਾਲ਼ਣਾ ਹੈ ਟੱਬਰ ਨੂੰ ਵੀ ਅੱਗਾ ਪਿੱਛਾ ਦੇਖ ਕੇ।

ਦਿਨ ਮਜ਼ਦੂਰ ਵਾਲਾ ਸਾਲ ਪਿੱਛੋਂ ਆਇਆ ਏ
ਫਿਰ ਕਾਰਕੁਨਾਂ ਇਕੱਠੇ ਹੋ ਮਤਾ ਪੁਗਾਇਆ ਏ।

ਜੱਦ ਤੱਕ ਸਾਨੂੰ ਸਾਡਾ ਹੱਕ ਇਨਸਾਫ਼ ਨਹੀਂ ਮਿਲਦਾ
ਮਜ਼ਦੂਰ ਦਿਵਸ ਪੜ੍ਹਿਆਂ ਲਿਖਿਆਂ ਵਾਂਗ ਹੈ ਰੁਲ਼ਦਾ।

ਕਰ ਕੇ ਉੱਚ ਡਿਗਰੀਆਂ ਮਜ਼ਬੂਰ ਹੋਏ ਹਾਂ ਮਜ਼ਦੂਰੀ ਨੂੰ
ਖੋਰੇ ਕਿਹੜਾ ਕਰੂ ਦੂਰ, ਦਿਨ ਰਾਤ ਦੀ ਇਸ ਦੂਰੀ ਨੂੰ। -0-

# भगत शेख फरीद जी (1173 -1266 ई:)

**अमृत पाल बंसल # 98154-85668**

"भगत बाबा शेख फरीद जी, उन 15 सिख भगत साहिबान में से एक हैं, जिनकी इलाही बाणी को सिखों के पवित्र ग्रंथ श्री गुरू ग्रंथ साहिब जी में, पंचम पातशाह श्री गुरू अरजन साहिब जी द्वारा सम्मान सहित स्थान दिया गया है।"


आकाश के तारों की गणना करना तथा समुद्र की गहराई नापना असंभव है। चलो मान लेते हैं कि ऐसा हो सकता है। परन्तु बाबा शेख फरीद जी के नम्रता तथा दीनता के गुणों का अंदाजा लगाने के बारे सोचना तक भी पूरी तरह से असंभव है, जब वह अपनी इलाही बाणी में स्वयं के बारे कहते हैं:

**फरीदा काले मैडे कपड़े काला मैडा वेसु।।**

**गुनही भरिआ मै फिरा लोकु कहे दरवेसु।। (1381)**

हे फरीद! मेरे कपड़े तो काले हैं, मेरे वस्त्र काले हैं, मैं गुनाहों (पापों) से भरा हुआ घूमता हूँ, तथा संसार के लोग मुझे फकीर कहते हैं।

बाबा फरीद जी भारतीय उपमहाद्वीप के पंजाब क्षेत्र के एक महान सूफी संत थे, जो बहुत ही मधुरभाषी थे। वह एक उच्चकोटि के पंजाबी कवि भी थे। उन्हें पंजाबी भाषा का पहला कवि कहना गलत नहीं होगा, क्योंकि उनकी इलाही बाणी श्री गुरू ग्रंथ साहिब जी में दर्ज है। श्री गुरू नानक साहिब जी, अपनी यात्राओं के दौरान शेख फरीद जी के दसवें उत्तराधिकारी शेख ब्रहम से मिले थे, जिनसे उन्होंने शेख फरीद जी की बाणी इकत्र की, जिसको बाद में पंचम पातशाह श्री गुरू अरजन साहिब जी ने श्री गुरू ग्रंथ साहिब जी में दर्ज किया, जो निम्नलिखित पन्नों पर सुशोभित है तथा इसे 'फरीद बाणी' के नाम से जाना जाता है:



शेख फरीद पः 488

शेख फरीद पः 794

गुरू अरजन साहिब, भगत कबीर, शेख फरीद,

रामकली की वार, पः 957 से 966

शेख फरीद गुरू अरजन साहिब, गुरू अमरदास

पः 1377 से 1385

शेख फरीद जी एक महान बौद्धिक, अद्वितीय त्याग, पूर्ण तपस्वी और परमात्मा के पूर्ण भक्त थे, जिन्होंने आम जनता को मीठी, मधुर पंजाबी भाषा के माध्यम से अपने दिव्य संदेश का संचार किया। आप चौवीस (24) घण्टे ही बंदगी करते रहते। उन्होंने भगवान से केवल एक ही वरदान मांगा– प्रार्थना और ध्यान (प्रभु भक्ति) का जीवन। उनके जीवन की सबसे बड़ी खूबी थी– उनका पूरी मानव जाति के लिए प्रेम और सहानुभूति। उन्होंने करूणा, प्रेम, सहानुभूति, आपसी समझ और सराहना के अद्वितीय मानवीय मुल्यों को अपनी बाणी में ऐसे भरा है, जैसे फूलों में सुगंध भरी होती है। अपने जीवनकाल के दौरान, वह जहां भी गए, जिस से भी बातचीत की, वह फरीद जी के उच्च पवित्र और दिव्य विचारों से प्रभावित हुए बिना नहीं रह सका।

बाबा फरीद जी का जन्म 1173 ई: में रमजान के महीने में गांव कोठेवाल ज़िला मुल्तान (पाकिस्तान) में हुआ, जिसे अब चौवाली मशाइख के नाम से जाना जाता है। आप के पिता जी का नाम जमाल–उद–सुलेमान और माता का नाम मरियम बीबी था, जिन्हें कुछ लोग कुर्सुम भी कहते थे। आप के पूर्वज हज़रत मुहम्द साहिब से संबंधित थे। फरीद जी की मां बहुत बुद्धिमान और नेक थी और अपने बेटे के लिए, सब से अच्छी शिक्षा प्राप्त करने की कामना करती थी, ताकि वह सच्चाई को समझ सके। उनकी मां ने उन्हें बहुत ही छोटी आयु में निमाज पढ़नी सिखाई, ऐसा कहा जाता है कि ज बवह उन्हें रोजाना निमाज अदा करने के लिए कहती, तो फरीद जी ने पूछा कि मुझे अल्लाह से क्या मिलेगा? मैं क्यों करूँ निमाज? आप को शक्कर बहुत पसंद थी, इस लिए उनकी मां ने उनसे कहा कि अल्लाह तुझे शक्कर देगा। उनकी मां ने निमाज अदा करने के लिए एक चटाई डाली और उन्हें लालच देकर प्रेरित करने के लिए, उनकी चटाई के नीचे शक्कर रख दिया करती थी। जब वह निमाज पढ़ कर उठते, तो शक्कर की पुड़िया उठाकर खा लेते। इसीलिए उसने अपने बेटे को 'शक्कर गंज' (चीनी का खजाना) के नाम से बुलाना शुरू कर दिया। माता जी ने कहा बेटा! हो सकता है, जो उसके (खुदा) के हो जाते हैं, वो उनका हो जाता है।

बाबा फरीद जी ने अपनी प्रारंभिक शिक्षा मुल्तान में प्राप्त की, जो मुस्लिम शिक्षा का केन्द्र बन चुका था। यहां वह अपने शिक्षक कुतुबुद्धीन बख्तियार कांकी से मिले, जो बगदाद से दिल्ली जाते समय मुल्तान से गुजर रहे थे। केवल 16 वर्ष की आयु में ही फरीद जी को हज पर भेजा गया, वहां पर वह अब्दुल रहीम अंसारी के घर पर ठहरे। अपनी शिक्षा समाप्त होने के बाद वह दिल्ली चले गए, जहां उन्होंने अपने गुरू कुतुबुदीन बख्तियार कांकी से इस्लामी सिद्धांत सीखा। बाद में वह हांसी, हरियाणा चले गए। फरीद जी हांसी में थे तो उन्हें मुर्शिद काकी जी के निधन की सूचना मिली और उसी समय दिल्ली के लिए रवाना हो गए। वहां उन्होंने अपने मुर्शिद को अमर रखने की प्रतिज्ञा ली। 1235 ई: में कांकी जी की मृत्यु के बाद,

फरीद जी उनके आध्यत्मिक उत्तराधिकारी बन गए और वह दिल्ली की बजाये, अजोधन (वर्तमान पाक पट्टन, पाकिस्तान) में रहने लगे। बाद में यह स्थान बाबा साहिब जी दा पाक पट्टन या फरीद जी के नाम से जाना जाने लगा।

बाबा फरीद जी ने पाक पट्टन को सूफी विचारों का एक महान केन्द्र बनाया। पूरे भारत और मध्य–पूर्व के लोग उनके दर्शन करने आते थे। वह किसी से रूपये–पैसे नहीं लेते थे परन्तु केवल सार्वजनिक लंगर के लिए ही भेंट स्वीकार करते थे। एक बार फरीद जी फिर से दिल्ली गए, जहां उनका बहुत स्वागत सत्कार किया गया। सम्राट नासिर–उद–दीन बलबन ने उन्हें अपने परिवार से मिलाया। बादशाह बलबन द्वारा कोई भी महंगा उपहार ना देने की शर्त पर ही, फरीद जी ने उस की बेटी हजबरा से शादी की। उन्होंने अपने सारे गहने इत्यादि गरीबों में बांट दिए। कहा जाता है कि जितने बड़े आलम, ब्रहमज्ञानी और नाम की कमाई वाले फकीर थे, उतना ही वह सादा जीवन व्यतीत करते थे। फरीद जी की शोभा सुनकर, उस समय के प्रसिद्ध फकीर शेख जलाल–उद–दीन तबरेज़ी आपको मिलने आए। फरीद जी फटे पुराने वस्त्रों में सफ पर बैठ कर बंदगी कर रहे थे। तबरेज़ी जी यह देखकर हैरान हुए। उन्होंने प्रश्न किया– फरीद जी आप ने ऐसा वेश क्यों धारण किया है? फरीद जी ने कहा, तबरेज़ी जी, शायद मेरा मालिक यानि कि खुदा को यही भेष पसंद है। वह जैसा देता है, डाल लेता हूँ। वस्त्र नयें हों या पुराने, मालिक से प्रेम बना रहना चाहिएः

**फरीद पाड़ि पटोला धज करी कंबलड़ी पहिरेउ।।**
**जिन्ही वेसी सहु मिलै सोई वेस करेउ।। (1383)**

अर्थः– जीवन का उदेश्य तो मालिक को मिलना है, चाहे काली कंबली क्यों न हो। जिस वेश में, जिन वस्त्रों में वह परमात्मा मिल जाए, मै वही वेश धारण कर लूँ।

फरीद जी जब दिल्ली गए, तब भी उन्होंने वस्त्रों पर कोई ध्यान नहीं दिया। बादशाह के दामाद होने के बाद भी, वह दुनियावी दिखावे में नहीं पड़ते थे। उन्होंने अपनी पत्नी यानि बादशाह की बेटी को भी सीधे सीधे वस्त्र पहनने के लिए प्रेरित किया और उसने भी उन्हीं में खुश रहना स्वीकार किया।

आप अरबी, फारसी और अन्य भाषाओं को जानने वाले ज्ञानी संत थे, लेकिन पंजाबी भाषा से उनको बहुत लगाव था। इस लिए उन्होंने अपनी बाणी पंजाबी भाषा में लिखी। वह अपने शलोकों के लिए दूर दूर तक जाने जाते थे। वर्तमान समय में पंजाब प्रांत में स्थित फरीदकोट शहर का नाम बाबा फरीद जी के नाम से ही रखा गया है। ऐसा कहा जाता है कि पहले इस शहर को मोखलपुर के नाम से जाना जाता था। फरीद जी राजा मोखल के किले के पास चालीस दिनों के लिए ऐकांत में प्रभु की बंदगी के लिए बैठे थे। राजा इस दिव्य व्यक्ति से बहुत प्रभावित हुआ और उस शहर का नाम फरीद जी के नाम पर रख दिया। वह स्थान जहां पर फरीद जी ने बैठकर बंदगी की थी, उसे टिल्ला बाबा फरीद के नाम पर जाना जाता है। प्रत्येक वर्ष शहर में बाबा जी की याद में तीन दिवसीय त्योहार जिसे (बाबा शेख फरीद आगमन पर्व) मेला कहा जाता है, 21 सितंबर से 23 सितंबर तक मनाया जाता है, जो शहर में उनके आगमन का स्मरण कराता है। जुलाई 1998 में पंजाब सरकार ने स्वास्थय विज्ञान बाबा फरीद युनिवर्सिटी की स्थापना भी फरीद जी की याद में की। फरीदीया इस्लामी विश्वविद्यालय, जो एक धार्मिक मदरसा है, साहीवाल, पंजाब (पाकिस्तान) में फरीद जी के नाम पर है।

1266 ई: में मोहर्रम के पांचवे दिन, न्युमोनिया बीमारी से पीड़ित होने के कारण बाबा फरीद जी का निधन हो गया। वह पाक पट्टन शहर के बाहर दफनाये गए थे। प्रत्येक वर्ष पाकिस्तान के पाक पट्टन में मोहर्रम के पहले इस्लामी महीने में फरीद जी की पुण्यतिथि या उर्स छह दिनों के लिए मनाया जाता है। देश और दुनिया भर से हज़ारों तीर्थयात्री श्रद्धांजलि देने के लिए आते हैं। बाबा फरीद जी की श्राइम दो दरवाजों के साथ सफेद संगमरमर से बनी है, जिसका एक दरवाजा पूर्व की ओर है जिसे 'नूरी दरवाजा' यां 'गेट आफ लाइट' कहा जाता है और दूसरा उत्तर की ओर है, जिसे 'बहिशती दरवाजा' यां 'स्वर्ग का द्वार' कहा जाता है। आने वाले सभी श्रद्धालूयों को लंगर पूरा दिन वितरीत किया जाता है। यहां के दैनिक जीवन की महत्वपूर्ण विशेषताओं में से एक है 'कव्वाली गायन'।

बाबा फरीद जी की परमात्मा के दर्शनों की लालसा सभी पर्वतों की ऊँचाईयों तथा समुद्र की गहरायिओं को पार कर जाती है, जब वह कहतेंः

कागा करंग ढंढोलिआ सगला खाइआ मासु।।
ए दुइ नैना छुहउ पिर देखन की आस।। (1382)

कावों ने पिंजर भी फोल डाला है और सारा मांस खा लिया है। फरीद जी कहते हैं कि ईश्वर करे कि मेरी दोनों आखों को ना छुहें क्योंकि इन में अभी भी परमात्मा को देखने की आशा बनी हुई है।

भाव अर्थः– कां रूपी चालाकियों ने मेरी बुद्धि को खा लिया है। विकारों से भरी दृष्टि (आखों) ने मेरी बुद्धि को पकड़ा हुआ है और मैने अभी भी परमात्मा को मिलने की उम्मीद रखी हुई है।

आएं, हम भी सभी बाबा शेख फरीद जी के जीवन, उनकी इलाही बाणी और शिक्षायों से प्रेरना लें और उन पर अमल करके तथा प्रमात्मा की बंदगी करके, तांकि हमारा भी प्रभु से मिलाप कर सकें।

–0–


## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 97819-90206,**
**Email:** gurmatvirsa@gmail.com


# Martyrdom of Guru Arjan Sahib Ji

**Diwan Chandu Lal, an employee of Akbar in the Finance Ministry, wanted his daughter to marry Sri Hargobind Sahib, son of Guru Arjan Sahib Ji. He sent a Purohit to finalize the alliance. After the match was fixed, he taunted the Purohit, saying he had arranged a marriage with a family of lower status. The Sangat did not like his arrogance and requested Guru Ji to cancel the alliance. Guru Ji agreed with the Sangat and canceled the match.**

The efforts and dedicated spiritual pursuit of the first four Sikh Gurus, with introductions like the Manji, Masand and Daswandh systems, took Sikhism to great heights.

Guru Arjan Sahib Ji completed the construction of the Golden Temple, compiled sublime Banis like Sukhmani Sahib, and edited and installed the Guru Granth Sahib at Darbar Sahib with the help of Bhai Gurdas Ji and Baba Buddha Ji.

He planned to establish the city of Tarn Taran for two reasons: first, it was on the Delhi-Lahore route; second, it was a great center of Sakhi Sarvariya. He wanted to convert as many Sakhi Sarvariya as possible to Sikhism. Sakhi Sarvariya followed tenets of both Hinduism and Islam and was considered a first step to conversion to Islam. Guru Ji's efforts converted many Sakhi Sarvariya, like Bhai Manjh Ji, to Sikhism.



Gurdwara Goindwal Sahib

Unfortunately, these developments were not well received by Islamic hardliners, who considered them a threat to the further expansion of Islam.

Akbar was very liberal and encouraged harmony among all faiths. He established a new system of Din-e-Ilahi. He had married Jodha Bai, sister of the Rajput General Man Singh, and had many Hindu courtiers like Birbal, Tansen, Todar Mal, and Man Singh.

Guru Amar Das Ji sent Jetha Ji to explain the principles of Sikhism to Akbar. Jetha Ji explained them so well that Akbar personally visited Goindwal Sahib and was highly impressed by the ambience of Sikhism.

He offered a large tract of land in the name of Bibi Bhani Ji, but Guru ji refused his offer.

Sheikh Ahmed Sirhindi, head of the Naqshbandi Sufi order of Sunni Islam, was not happy with Akbar's policy of Din-e-Ilahi. He saw it as a threat to the further expansion of Islam in India. He was an important leader of Islam because, through Abu-Bakar, he was related to Prophet Mohammed.


**Warrant officer Charanjit Singh (Retd.)**
**# 9464748116**




Akbar wanted his grandson Khusro to be the next Mughal king after him. Unfortunately, Akbar suddenly died in 1605 AD. Sheikh Ahmed Sirhindi then had the opportunity to align Islam with his vision. He promised Jehangir help in gaining the Mughal throne if Jehangir promised to work for the glory of Islam and address the rise of Sikhism.

Jehangir, Sheikh Ahmed Sirhindi, and Sheikh Farid Bukhari carried out their plan during the revolt of Prince Khusro. They spread the rumor that Guru Arjan Sahib Ji had provided shelter and applied a tilak to Prince Khusro as a blessing to gain the Mughal throne.

Jehangir ordered that Guru Arjan Sahib Ji be presented before him and ordered Sheikh Farid Bukhari to confiscate Guru Ji's family property. When Guru Ji appeared in Lahore, Jehangir gave him three demands:

1. He should immediately adopt Islam.

2. He should pay a penalty of 200,000 rupees.

3. He should add words of praise for Prophet Mohammed in the Guru Granth Sahib.

Guru Ji refused all these demands. The Sangat of Lahore attempted to raise the penalty amount of 200,000 rupees, and Sain Mian Mir Ji tried his best to prevent any harm to Guru Ji.

Jehangir ordered that Guru Ji be martyred by Yasa Nizam, an old Mongol rite for killing religious figures. In this method, no blood of the victim should spill on the ground to avoid any curse.

Guru Ji was made to sit on a hot plate, and hot sand was poured on his head. After that, he was boiled in a cauldron. Guru Ji bore this torture with great dignity and fortitude. The next day, he was drowned in the River Ravi, and he disappeared.

Thus, on May 30, 1606 AD, Guru Ji left for his heavenly abode. This is the primary reason for his martyrdom.

Unfortunately, we have only one eyewitness to this torture—a Jesuit, Padre Jerome Xavier (1549–1617 AD). He was on a Christian missionary mission sent by the main churches of Lisbon, Portugal, and Goa to Lahore. He wrote a letter with a detailed description of the torture and Guru Ji's courage and dignity in facing it.

There are three additional reasons for the martyrdom of Guru Ji.

Firstly, Guru Ji refused to include the Bani of Bhagat Kanha Ji, Bhagat Chajju Ji, Bhagat Pilo Ji, and Shah Hussain in the Guru Granth Sahib, as their writings did not align with the core philosophy of Sikhism. Some of them were offended and threatened revenge.

Secondly, Diwan Chandu Lal, an employee of Akbar in the Finance Ministry, wanted his daughter to



**Akbar was very liberal and encouraged harmony among all faiths. He established a new system of Din-e-Ilahi. He had married Jodha Bai, sister of the Rajput General Man Singh, and had many Hindu courtiers like Birbal, Tansen, Todar Mal and Man Singh.**

marry Sri Hargobind Sahib, son of Guru Arjan Sahib Ji. He sent a Purohit to finalize the alliance. After the match was fixed, he taunted the Purohit, saying he had arranged a marriage with a family of lower status. The Sangat did not like his arrogance and requested Guru Ji to cancel the alliance. Guru Ji agreed with the Sangat and canceled the match.

Diwan Chandu Lal was very upset with this decision and vowed to avenge the perceived insult.

Thirdly, Prithi Chand, the eldest son of Guru Ram Das Ji, did not accept that Gurgaddi was given to the youngest son, Guru Arjan Sahib Ji. Proud and vain, he constantly conspired against Guru-Ghar.

He left Amritsar and settled in a nearby village called Heerin. First, he approached Amanat Khan, son of Faujdar Noordin, to steal all bricks meant for the Sarovar at Tarn Taran. Second, after paying 10,000 rupees to Sulhi Khan, he coaxed him to attack Amritsar, but shortly afterward, Sulhi Khan died.

Finally, he turned to Lahore, where, with the help of his friends Chandu and Kanha Bhagat, he started making false complaints to the Punjab Nawab, Shehzada Khurram, who was the third son of Jehangir.

Jehangir, seeing Chandu's desire for revenge, appointed him to carry out the torture of Guru Arjan Sahib Ji.

Thus, we can conclude that the rise of Sikhism was seen as a threat to the further spread of Islam, which led to the martyrdom of Guru Arjan Sahib Ji. This was the first martyrdom in Sikh history.

The martyrdom was a great shock to Sikhism and forced it to adopt a militant stance.

Prof. Piara Singh Padam, in his book Sankhep Sikh Itihas, has divided the entire Sikh history into ten "Yugas" or eras. He has divided the history of the Guru period into two 'Yugas': from the first Guru to the fifth Guru, it is known as Gurbani Yug; from the sixth Guru to the tenth Guru, it is known as Qurbani Yug.

-0-

# ਗੰਨੇ ਦੀ ਮੂਢੀ ਫ਼ਸਲ ਤੋਂ ਵੱਧ ਪੈਦਾਵਾਰ ਦੇ ਨੁਕਤੇ

**-ਡਾ ਅਮਰੀਕ ਸਿੰਘ 94630-71919,** ਖੇਤੀਬਾੜੀ ਅਫਸਰ, ਐਮਐਸਸੀ (ਗੰਨਾ ਤਕਨੀਕ)

ਗੰਨਾ ਪੰਜਾਬ ਦੀ ਬਹੁਤ ਹੀ ਮਹੱਤਵਪੂਰਨ ਫ਼ਸਲ ਹੈ । ਸਾਲ 2021-22 ਦੌਰਾਨ ਤਕਰੀਬਨ 86.8 ਹਜ਼ਾਰ ਹੈਕਟੇਅਰ ਰਕਬੇ ਵਿਚ ਗੰਨੇ ਦੀ ਬਿਜਾਈ ਕੀਤੀ ਗਈ ਸੀ।ਗੰਨੇ ਦੀ ਪ੍ਰਤੀ ਹੈਕਟੇਅਰ ਔਸਤਨ ਪੈਦਾਵਾਰ 82.15 ਟਨ ਅਤੇ ਖੰਡ ਦੀ ਵਸੂਲੀ ਤਕਰੀਬਨ 10 ਫ਼ੀਸਦੀ ਸੀ। ਗੰਨੇ ਦੀ ਫ਼ਸਲ ਦੀ ਬਿਜਾਈ ਸਤੰਬਰ-ਅਕਤੂਬਰ ਅਤੇ ਫਰਵਰੀ ਮਾਰਚ ਦੌਰਾਨ ਕੀਤੀ ਜਾਂਦੀ ਹੈ। ਪੰਜਾਬ ਅੰਦਰ ਗੰਨੇ ਦੀ ਫ਼ਸਲ ਦਾ ਬਹੁਤਾ ਵਾਧਾ ਜੁਲਾਈ ਤੋਂ ਸਤੰਬਰ ਮਹੀਨਿਆਂ ਦੌਰਾਨ ਹੋਣ ਕਾਰਨ ਹੀ ਔਸਤਨ ਪੈਦਾਵਾਰ ਘੱਟ ਹੈ। ਗੰਨੇ ਦੀ ਫ਼ਸਲ ਦੇ ਵਾਧੇ ਲਈ 25-30 ਡਿਗਰੀ ਸੈਲਸੀਅਸ ਤਾਪਮਾਨ ਢੁੱਕਵਾਂ ਹੋਣ ਕਾਰਨ ਦੱਖਣੀ ਰਾਜਾਂ 'ਚ ਪ੍ਰਤੀ ਹੈਕਟੇਅਰ ਪੈਦਾਵਾਰ 120 ਤੋਂ 130 ਟਨ ਹੈ।

ਪੰਜਾਬ ਵਿਚ 16 ਖੰਡ ਮਿੱਲਾਂ ਸਹਿਕਾਰੀ ਖੇਤਰ ਅਤੇ 7 ਨਿੱਜੀ ਖੇਤਰ ਵਿਚ ਹਨ ਜਿਨਾ ਦੀ ਗੰਨਾ ਪੀੜਨ ਦੀ ਸਮਰੱਥਾ 78510 ਟੀਸੀਡੀ. ਹੈ।ਇਨ੍ਹਾਂ 23 ਮਿੱਲਾਂ ਨੂੰ 150 ਦਿਨ ਗੰਨੇ ਦੀ ਪਿੜਾਈ ਗੰਨਾ ਹੇਠ 2.30 ਲੱਖ ਹੈਕਟੇਅਰ ਰਕਬਾ ਲਿਆਉਣ ਦੀ ਜ਼ਰੂਰਤ ਹੈ। ਇੰਨੇ ਰਕਬੇ ਵਿਚ ਗੰਨੇ ਦੀ ਬਿਜਾਈ ਲਈ ਤਕਰੀਬਨ 20 ਲੱਖ ਟਨ ਬੀਜ ਜ਼ਰੂਰਤ ਹੈ। ਕਮਾਦ ਦੀ ਫ਼ਸਲ ਕਿਸਾਨਾਂ ਲਈ ਆਰਥਿਕ ਪੱਖੋਂ ਤਾਂ ਹੀ ਫ਼ਾਇਦੇਮੰਦ ਮੰਨੀ ਜਾ ਸਕਦੀ ਹੈ ਜੇਕਰ ਘੱਟੋ-ਘੱਟ 2 ਮੂਢੀਆਂ ਫ਼ਸਲਾਂ ਲਈਆਂ ਜਾਣ। ਜਦਕਿ ਪੰਜਾਬ ਵਿਚ ਗੰਨੇ ਦੀ ਮੂਢੀ ਫ਼ਸਲ ਲੈਣ ਦਾ ਰਿਵਾਜ ਖ਼ਤਮ ਹੁੰਦਾ ਜਾ ਰਿਹਾ ਹੈ। ਇਸ ਦਾ ਮੁੱਖ ਕਾਰਨ ਖੰਡ ਮਿੱਲਾਂ ਦਾ ਗੰਨੇ ਦੀ ਘਾਟ ਹੋਣ ਕਾਰਨ ਜਲਦੀ ਬੰਦ ਹੋਣਾ ਅਤੇ ਕਿਸਾਨਾਂ ਅੰਦਰ ਗੰਨੇ ਦੀ ਕਟਾਈ ਤੋਂ ਬਾਅਦ ਕਣਕ ਦੀ ਫ਼ਸਲ ਲੈਣ ਦੀ ਲਾਲਸਾ ਹੈ।ਕਿਸਾਨ ਆਮ ਕਰ ਕੇ ਨਵੰਬਰ-ਦਸੰਬਰ ਦੌਰਾਨ ਕਮਾਦ ਦੀ ਕਟਾਈ ਤੋਂ ਬਾਅਦ ਕਣਕ ਦੀ ਪਿਛੇਤੀ ਬਿਜਾਈ ਨੂੰ ਤਰਜੀਹ ਦਿੰਦੇ ਹਨ ਅਤੇ ਕਣਕ ਦੀ ਕਟਾਈ ਤੋਂ ਬਾਅਦ ਦੁਬਾਰਾ ਗੰਨੇ ਦੀ ਕਾਸ਼ਤ ਕਰਦੇ ਹਨ ਜਿਸ ਨਾਲ ਖੇਤੀ ਲਾਗਤ ਖ਼ਰਚੇ ਵਧਣ ਦੇ ਨਾਲ ਪੈਦਾਵਾਰ ਵੀ ਘੱਟ ਮਿਲਦੀ ਹੈ।

ਗੰਨੇ ਦੇ ਕੁੱਲ ਰਕਬੇ ਵਿੱਚੋਂ 50 ਫ਼ੀਸਦੀ ਰਕਬਾ ਮੂਢੀ ਫਸਲ ਹੇਠ ਹੋਣਾ ਚਾਹੀਦਾ ਹੈ ਤਾਂ ਜੋ ਮਿੱਲਾਂ ਨਵੰਬਰ ਦੇ ਪਹਿਲੇ ਹਫ਼ਤੇ ਚੱਲ ਕੇ ਫਰਵਰੀ ਮਾਰਚ ਵਿਚ ਬੰਦ ਹੋਣ ਤਾਂ ਜੋ 30 ਨਵੰਬਰ ਤੋਂ ਪਹਿਲਾਂ ਅਤੇ 15 ਜਨਵਰੀ ਤੋਂ ਕੱਟੀ ਜਾਣ ਵਾਲੀ ਗੰਨੇ ਦੀ ਫ਼ਸਲ ਮੂਢੀ ਰੱਖੀ ਜਾ ਸਕੇ। ਪਰ ਮੌਜੂਦਾ ਸਮੇਂ ਵਿਚ ਪੰਜਾਬ ਅੰਦਰ ਤਕਰੀਬਨ 30 ਫ਼ੀਸਦੀ ਹੀ ਰਕਬਾ ਮੂਢੀ ਫ਼ਸਲ ਹੇਠਾਂ ਹੈ। ਜੇਕਰ ਗੰਨੇ ਹੇਠ ਕੁੱਲ ਰਕਬੇ ਦਾ 50 ਫ਼ੀਸਦੀ ਰਕਬਾ ਮੂਢੀ ਫ਼ਸਲ ਹੇਠ ਲੈ ਆਂਦਾ ਜਾਵੇ ਤਾਂ ਤਕਰੀਬਨ 10 ਲੱਖ ਟਨ ਗੰਨੇ ਦੀ ਬੱਚਤ ਕੀਤੀ ਜਾ ਸਕਦੀ ਹੈ ਜਿਸ ਤੋਂ 1 ਲੱਖ ਟਨ ਖੰਡ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਨਾਲ ਜਿਥੇ ਕਿਸਾਨਾਂ ਦੇ ਖੇਤੀ ਖ਼ਰਚੇ ਘਟਣ ਨਾਲ ਵਧੇਰੇ ਆਮਦਨ ਹੋਵੇਗੀ ਉਥੇ ਖੰਡ ਮਿੱਲਾਂ ਨੂੰ ਵੀ ਵਧੇਰੇ ਫ਼ਾਇਦਾ ਹੋ ਸਕਦਾ ਹੈ ਅਤੇ ਵਧੇਰੇ ਸਮਾਂ ਚੱਲ ਸਕਦੀਆਂ ਹਨ। ਇਸ ਲਈ ਗੰਨੇ ਦੀ ਫ਼ਸਲ ਤੋਂ ਵਧੇਰੇ ਆਮਦਨ ਲੈਣ ਲਈ ਮੂਢੀ ਫ਼ਸਲ ਦੀ ਸੁਚੱਜੀ ਸਾਂਭ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ ਜੋ ਹੇਠਾਂ ਦਿੱਤੀਆਂ ਤਕਨੀਕਾਂ ਨੂੰ ਸਫਲਤਾ ਨਾਲ ਅਪਣਾ ਕੇ ਕੀਤੀ ਜਾ ਸਕਦੀ ਹੈ ।

**ਕਿਸਮਾਂ ਦੀ ਚੋਣ**

ਕਮਾਦ ਦੀ ਬਿਜਾਈ ਲਈ ਅਜਿਹੀਆਂ ਕਿਸਮਾਂ ਦੀ ਚੋਣ ਕਰਨੀ ਚਾਹੀਦੀ ਜੋ ਵਧੇਰੇ ਪੀੜਨਯੋਗ ਗੰਨੇ ਅਤੇ ਫੁਟਾਰਾ ਪੈਦਾ ਕਰਨ ਦੀ ਸਮਰੱਥਾ ਰੱਖਦੀਆਂ ਹੋਣ। ਸੀਓਪੀ ਬੀ 95, ਸੀਓਪੀਬੀ 96, ਸੀਓ 15023, ਸੀਓਪੀਬੀ 92, ਸੀਓਪੀਬੀ 98, ਸੀਓਜੇ 85, ਸੀਓਜੇ 88 ਅਤੇ ਸੀਓਜੇ 64, ਸੀਓ 89003, ਸੀਓ 238 ਅਤੇ ਸੀਓ 239 ਅਜਿਹੀਆਂ ਕਿਸਮਾਂ ਹਨ ਜੋ ਵਧੇਰੇ ਪੀੜ੍ਹਨਯੋਗ ਗੰਨੇ ਅਤੇ ਫੁਟਾਰ ਪੈਦਾ ਕਰਨ ਦੀ ਸਮਰੱਥਾ ਰੱਖਦੀਆਂ ਹਨ। ਇਸ ਤੋਂ ਇਲਾਵਾ ਉਹ ਕਿਸਮਾਂ ਜੋ ਜਲਦੀ ਉਗਣਯੋਗ ਅਤੇ ਔਸਤਣ ਮੋਟੇ ਗੰਨੇ ਪੈਦਾ ਕਰ ਸਕਣ,ਮੂਢੀ ਫ਼ਸਲ ਰੱਖਣ ਲਈ ਵਧੇਰੇ ਢੁੱਕਵੀਆਂ ਰਹਿੰਦੀਆਂ ਹਨ।

**ਵੱਢਾਂ ਨੂੰ ਕੁਤਰਨਾਂ**

ਕਈ ਵਾਰ ਮਜ਼ਦੂਰ ਗੰਨੇ ਦੀ ਕਟਾਈ ਜ਼ਮੀਨ ਤੋਂ ਉਪਰੋਂ ਕਰਦੇ ਹਨ ਜਿਸ ਨਾਲ ਇਕ ਤਾਂ ਪੈਦਾਵਾਰ ਘਟਦੀ ਹੈ ਅਤੇ ਦੂਜਾ ਫੁਟਾਰਾ ਵੀ ਘੱਟ ਹੁੰਦਾ ਹੈ। ਕਰੂੰਬਲਾਂ, ਕਟਾਈ ਅਤੇ ਸਫ਼ਾਈ ਸਮੇਂ ਖ਼ਰਾਬ ਹੋ ਜਾਂਦੀਆਂ ਹਨ।ਇਸ ਤੋਂ ਇਲਾਵਾ ਨਵੀਆਂ ਸੰਭਾਵਤ ਪੁੰਗਰਣਯੋਗ ਅੱਖਾਂ ਸੁੱਕ ਕੇ ਬਿਮਾਰੀ ਤੋਂ ਪ੍ਰਭਾਵਿਤ ਹੋ ਸਕਦੀਆਂ ਹਨ।ਇਸ ਲਈ ਗੰਨੇ ਦੀ ਕਟਾਈ ਤਿੱਖੇ ਦਾਤਰ ਨਾਲ ਜ਼ਮੀਨ ਤੋਂ 2-3 ਸੈਂਟੀਮੀਟਰ ਹੇਠਾਂ ਕਰਨੀ ਚਾਹੀਦੀ ਤਾਂ ਜੋ ਜ਼ਮੀਨ ਵਿਚਲੀਆਂ ਅੱਖਾਂ ਨੂੰ ਪੁੰਗਰਣ ਅਤੇ ਜੜ੍ਹਾਂ ਨੂੰ ਡੂੰਘਿਆਂ ਜਾਣ ਲਈ ਉਤਸ਼ਾਹਿਤ ਕੀਤਾ ਜਾ ਸਕੇ । ਜੇਕਰ ਜ਼ਮੀਨ ਜ਼ਿਆਦਾ ਸੁੱਕੀ ਹੋਵੇ ਤਾਂ ਪਾਣੀ ਲਾਉਣ ਤੋਂ ਬਾਅਦ ਵੱਤਰ ਆਉਣ 'ਤੇ ਜ਼ਮੀਨ ਤੋਂ ਬਾਹਰਲੇ ਮੁਢਾਂ ਨੂੰ ਕੱਟਿਆ ਜਾ ਸਕਦਾ ਹੈ।

**ਖੋਰੀ ਨੂੰ ਸਾਂਭਣਾ**

ਗੰਨੇ ਦੀ ਕਟਾਈ ਤੋਂ ਬਾਅਦ ਖੋਰੀ ਨੂੰ ਆਮ ਕਰਕੇ ਕਿਸਾਨ ਖੇਤ ਵਿੱਚ ਅੱਗ ਲਗਾ ਕੇ ਸਾੜ ਦਿੰਦੇ ਹਨ, ਜਿਸ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ। ਖੋਰੀ ਨੂੰ ਸਾੜਣ ਦੀ ਬਜਾਏ ਉਸ ਦੀਆਂ ਗੱਠਾਂ ਬੰਨ ਕੇ ਬਾਹਰ ਰੱਖ ਲਉ। ਮੁੱਢਾਂ ਦੀ ਕਟਾਈ ਅਤੇ ਮਿੱਟੀ ਨੂੰ ਪੋਲਿਆਂ ਕਰਨ ਉਪਰੰਤ ਪੂਰੇ ਖੇਤ ਵਿਚ ਇਕਸਾਰ ਪਤਲੀ ਪਤਲੀ ਖਿਲਾਰ ਦਿਉ। ਇਸ ਨਾਲ ਨਦੀਨਾਂ ਦੀ ਰੋਕਥਾਮ ਅਤੇ ਨਮੀ ਦੀ ਸੰਭਾਲ ਕਰਨ ਵਿਚ ਮਦਦ ਮਿਲੇਗੀ। ਇਕ ਅੰਦਾਜ਼ੇ ਮੁਤਾਬਿਕ ਇਕ ਹੈਕਟੇਅਰ ਵਿੱਚੋਂ 80-100 ਕੁਇੰਟਲ ਖੋਰੀ ਮਿਲ ਜਾਂਦੀ ਹੈ। ਖੋਰੀ ਵਿਚ 0.35%ਨਾਈਟ੍ਰੋਜਨ,0.10% ਫਾਸਫੋਰਸ ਅਤੇ 0.65% ਪੋਟਾਸ਼ ਹੁੰਦੀ ਹੈ। ਜੇਕਰ ਬੀਜੜ ਫ਼ਸਲ ਸਿਉਂਕ, ਚੂਹਿਆਂ ਜਾਂ ਬਿਮਾਰੀਆਂ ਨਾਲ ਪ੍ਰਭਾਵਿਤ ਹੈ ਜਾਂ ਖੇਤ ਵਿਚ ਨਮੀ ਜ਼ਿਆਦਾ ਹੋਵੇ, ਤਾਂ ਖੋਰੀ ਸਾੜਨਾ ਹੀ ਬਿਹਤਰ ਹੁੰਦਾ ਹੈ ਪਰ ਅੱਗ ਬੁਝਣ ਤੋਂ ਤੁਰੰਤ ਬਾਅਦ ਪਾਣੀ ਲਗਾ ਦੇਣਾ ਚਾਹੀਦਾ ਹੈ ਤਾਂ ਜੋ ਜ਼ਮੀਨ ਦਾ ਤਾਪਮਾਨ ਘੱਟ ਕੀਤਾ ਜਾ ਸਕੇ ਅਤੇ ਜ਼ਮੀਨ ਵਿਚਲੀਆਂ ਉਗਣਯੋਗ ਅੱਖਾਂ ਅਤੇ ਮੁੱਢਾਂ ਨੂੰ ਬਚਾਇਆ ਜਾ ਸਕੇ।

**ਰੋਗ ਰਹਿਤ ਅਤੇ ਤੰਦਰੁਸਤ ਬੀਜੜ ਫ਼ਸਲ**

ਚੰਗੀ ਮੂਢੀ ਫ਼ਸਲ ਹਮੇਸ਼ਾ ਤੰਦਰੁਸਤ ਬੀਜੜ ਫ਼ਸਲ ਤੋਂ ਹੀ ਲਈ ਜਾ ਸਕਦੀ ਹੈ। ਇਸ ਲਈ ਬੀਜੜ ਫ਼ਸਲ ਨੂੰ ਸਿਫ਼ਾਰਿਸ਼ਾਂ ਅਨੁਸਾਰ ਖਾਦਾਂ ਅਤੇ ਦੇਸੀ ਰੂੜੀ ਦੀ ਪਾਉਣੀ ਬਹੁਤ ਜ਼ਰੂਰੀ ਹੈ। ਪਾਣੀ ਦੀ ਘਾਟ ਨਾਲ ਪ੍ਰਭਾਵਿਤ,ਵਿਰਲੀ,ਬਿਮਾਰੀਆਂ ਅਤੇ ਕੀੜਿਆਂ ਨਾਲ ਪ੍ਰਭਾਵਿਤ ਬੀਜੜ ਫ਼ਸਲ ਨੂੰ ਮੂਢੀ ਫ਼ਸਲ ਲਈ ਨਹੀਂ ਰੱਖਣਾ ਚਾਹੀਦਾ।

**ਵਿੱਥਾਂ ਪੂਰਨੀਆਂ**

ਗੰਨੇ ਦੀ ਮੂਢੀ ਫ਼ਸਲ ਤੋਂ ਪੈਦਾਵਾਰ ਘੱਟ ਹੋਣ ਦਾ ਮੁੱਖ ਕਾਰਨ ਬੂਟਿਆਂ ਦੀ ਗਿਣਤੀ ਦਾ ਪੂਰਿਆਂ ਨਾ ਹੋਣਾ ਅਤੇ ਵਿੱਥਾਂ ਦਾ ਵਧਣਾ ਹੈ। ਜੇਕਰ ਦੋ ਫੁੱਟ ਦੀ ਕਤਾਰ ਵਿਚ ਕੋਈ ਬੂਟਾ ਨਾ ਹੋਵੇ ਤਾਂ ਉਸ ਨੂੰ ਵਿੱਥ ਕਿਹਾ ਜਾਂਦਾ ਹੈ।ਕਈ ਵਾਰ ਤਾਂ ਮਰਲੇ-ਮਰਲੇ ਦੀਆਂ ਵਿੱਥਾਂ ਵੀ ਖੇਤਾਂ ਵਿਚ ਦੇਖੀਆਂ ਗਈਆਂ ਹਨ ਕਿਉਂਕਿ ਕਿਸਾਨ ਆਮ ਕਰ ਕੇ ਮੂਢੀ ਫ਼ਸਲ ਨੂੰ ਵਾਧੂ ਦੀ ਫ਼ਸਲ ਸਮਝਦਾ ਹੈ ਅਤੇ ਸੰਭਾਲ ਵੀ ਭੀਜੜ ਫ਼ਸਲ ਦੇ ਮੁਕਾਬਲੇ ਘੱਟ ਕਰਦਾ ਹੈ। ਵਿੱਥਾਂ ਨੂੰ ਪੂਰਿਆਂ ਕਰਨ ਲਈ ਚਾਰ ਅੱਖਾਂ ਵਾਲੇ ਸੰਮੇ ਲਗਾਏ ਜਾ ਸਕਦੇ ਹਨ।ਇਸ ਤੋਂ ਇਲਾਵਾ ਪਲਾਸਟਿਕ ਦੇ ਲਿਫਾਫ਼ਿਆਂ ਅਤੇ ਟਰੇਆਂ ਵਿਚ ਫ਼ਸਲ ਦੀ ਕਟਾਈ ਤੋਂ ਇਕ ਮਹੀਨਾ ਪਹਿਲਾਂ ਗੰਨੇ ਦੀ ਪਨੀਰੀ ਤਿਆਰ ਕੀਤੀ ਜਾ ਸਕਦੀ ਹੈ। ਬਿਹਤਰ ਹੋਵੇਗਾ ਜੇ ਚੰਗੇ ਮੁੱਢਾਂ ਨੂੰ ਜੜ੍ਹਾਂ ਸਮੇਤ ਪੁੱਟ ਕੇ ਚਾਰ ਹਿੱਸਿਆਂ ਵਿਚ ਵੰਡ ਕੇ ਵਿੱਥਾਂ ਪੂਰੀਆਂ ਕੀਤੀਆਂ ਜਾਣ।ਪਨੀਰੀ ਜਾਂ ਮੁੱਢਾਂ ਨੂੰ ਪੁੱਟ ਕੇ

ਵਿੱਥਾਂ ਪੂਰਿਆਂ ਕਰਨ ਉਪਰੰਤ ਪਾਣੀ ਲਾ ਦੇਣਾ ਚਾਹੀਦਾ ਹੈ ।

**ਖਾਦਾਂ ਦੀ ਵਰਤੋਂ**

ਗੰਨੇ ਦੀ ਫ਼ਸਲ ਜ਼ਮੀਨ ਵਿੱਚੋਂ ਬਹੁਤ ਜ਼ਿਆਦਾ ਮਾਤਰਾ ਵਿਚ ਖ਼ੁਰਾਕੀ ਤੱਤ ਲੈਣ ਵਾਲੀ ਫ਼ਸਲ ਹੈ ਜਿਸ ਕਾਰਨ ਜ਼ਮੀਨ ਵਿੱਚੋਂ ਖ਼ੁਰਾਕੀ ਤੱਤ ਘਟਣ ਅਤੇ ਜੜ੍ਹਾਂ ਘੱਟ ਡੂੰਘੀਆਂ ਹੋਣ ਕਾਰਨ ਮੂਢੀ ਫ਼ਸਲ ਦੀ ਜ਼ਮੀਨ ਵਿਚਲੇ ਖ਼ੁਰਾਕੀ ਤੱਤ ਲੈਣ ਦੀ ਸਮਰੱਥਾ ਘੱਟ ਜਾਂਦੀ ਹੈ। ਦੂਸਰੀ ਸਮੱਸਿਆ ਇਹ ਹੈ ਕਿ ਬੀਜੜ ਫ਼ਸਲ ਦੀ ਕਟਾਈ ਤੋਂ ਬਾਅਦ ਨਾਈਟ੍ਰੋਜਨ ਤੱਤ ਦੀ ਗਤੀਸ਼ੀਲਤਾ ਵਿਚ ਠਹਿਰਾਅ ਆ ਜਾਂਦਾ ਹੈ ਕਿਉਂਕਿ ਸੂਖਸਮ ਜੀਵ ਪੁਰਾਣੀਆਂ ਜੜ੍ਹਾਂ ਨੂੰ ਗਲਣ ਸਾੜਨ ਵਿਚ ਰੁੱਝ ਜਾਂਦੇ ਹਨ। ਮੂਢੀ ਫ਼ਸਲ ਦਾ ਮੁੱਢਲਾ ਵਾਧਾ ਤੇਜ਼ੀ ਨਾਲ ਹੋਣਾ ਬਹੁਤ ਜ਼ਰੂਰੀ ਹੈ।

ਇਸ ਲਈ ਖਾਦ ਦੀ ਵਰਤੋਂ ਜਲਦੀ ਕਰਨੀ ਚਾਹੀਦੀ ਹੈ। 50 ਕਿਲੋ ਡਾਇਆ ਅਤੇ 65 ਕਿਲੋ ਯੂਰੀਆ ਵੱਢ ਕੁਤਰਨ ਅਤੇ ਤਿਰਫਾਲੀ ਚਲਾਉਣ ਤੋਂ ਤੁਰੰਤ ਬਾਅਦ ਪੌਦਿਆਂ ਦੇ ਨਾਲ ਨਾਲ ਪਾ ਕੇ ਮਿੱਟੀ ਨਾਲ ਢੱਕ ਦੇਣੀ ਚਾਹੀਦੀ ਹੈ ਇਸ ਤੋਂ 30 ਅਤੇ 60 ਦਿਨਾਂ ਬਾਅਦ ਬਕਾਇਆ ਯੂਰੀਆ ਨੂੰ ਦੋ ਬਰਾਬਰ ਕਿਸ਼ਤਾਂ ਵਿਚ ਪਾਉਣੀ ਚਾਹੀਦੀ ਹੈ। ਮੂਢੀ ਫ਼ਸਲ ਵਿਚ ਛੋਟੇ ਖ਼ੁਰਾਕੀ ਤੱਤਾਂ ਖ਼ਾਸ ਕਰ ਕੇ ਲੋਹੇ ਦੀ ਘਾਟ ਆ ਜਾਂਦੀ ਹੈ ਜਿਸ ਨਾਲ ਪੱਤੇ ਪੀਲੇ ਦਿਖਾਈ ਦਿੰਦੇ ਹਨ ਅਤੇ ਨਾੜੀਆਂ ਹਰੀਆਂ ਰਹਿੰਦੀਆਂ ਹਨ। ਲੋਹੇ ਤੱਤ ਦੀ ਪੂਰਤ ਲਈ 100 ਲਿਟਰ ਪਾਣੀ ਵਿਚ ਇਕ ਕਿਲੋ ਫੈਰਿਸ ਸਲਫੇਟ ਨੂੰ ਘੋਲ ਕੇ ਪ੍ਰਤੀ ਏਕੜ ਦਾ ਛਿੜਕਾਅ ਕਰਨਾ ਚਾਹੀਦਾ। ਮੂਢੀ ਫ਼ਸਲ ਵਿਚ ਮੌਸਮ ਅਨੁਸਾਰ ਫਲੀਦਾਰ ਅੰਤਰ ਫ਼ਸਲਾਂ ਬੀਜ ਕੇ ਜਿਥੇ ਵਾਧੂ ਫ਼ਸਲ ਲਈ ਜਾ ਸਕਦੀ ਹੈ ਉਥੇ ਜ਼ਮੀਨ ਦੀ ਸਿਹਤ ਵਿਚ ਵੀ ਸੁਧਾਰ ਕੀਤਾ ਜਾ ਸਕਦਾ ਹੈ।

**ਸਿੰਚਾਈ**

ਗੰਨੇ ਦੀ ਫ਼ਸਲ ,ਪੌਦੇ ਦੀਆਂ ਜੜ੍ਹਾਂ ਵਧੇਰੇ ਡੂੰਘੀਆਂ ਨਾ ਹੋਣ ਕਾਰਨ ਪਾਣੀ ਦੀ ਘਾਟ ਨਹੀਂ ਸਹਾਰ ਸਕਦੀ। ਇਸ ਲਈ ਢੁੱਕਵੇਂ ਵਕਫ਼ੇ ’ਤੇ ਸਿੰਚਾਈ ਕਰਨੀ ਜ਼ਰੂਰੀ ਹੈ। ਗਰਮੀਆਂ ਦੌਰਾਨ ਨਮੀ ਦੀ ਸੰਭਾਲ ਲਈ ਖੋਰੀ ਦੀ ਢੱਕਣੇ ਵੱਜੋਂ ਵਰਤੋਂ ਕੀਤੀ ਜਾ ਸਕਦੀ ਹੈ। ਜੇਕਰ ਉਪਰੋਕਤ ਤਕਨੀਕਾਂ ਅਪਨਾ ਕੇ ਮੂਢੀ ਫ਼ਸਲ ਦੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਕਿਸਾਨ ਖੇਤੀ ਲਾਗਤ ਖ਼ਰਚੇ ਘਟਾ ਕੇ ਵਧੇਰੇ ਪੈਦਾਵਾਰ ਲੈ ਕੇ ਆਪਣੀ ਆਮਦਨ ਵਿਚ ਚੋਖਾ ਵਾਧਾ ਕਰ ਸਕਦੇ ਹਨ।

**ਕਟਾਈ ਦਾ ਸਮਾਂ ਅਤੇ ਮਿਆਦ**

ਮੂਢੀ ਫ਼ਸਲ ਰੱਖਣ ਵਾਲੀ ਬੀਜੜ ਫ਼ਸਲ ਦੀ ਕਟਾਈ ਢੁੱਕਵੇਂ ਤਾਪਮਾਨ 25 ਤੋਂ 30 ਡਿਗਰੀ ਸੈਲਸੀਅਸ ’ਤੇ ਹੀ ਕਰਨੀ ਚਾਹੀਦੀ ਹੈ। ਜੇਕਰ ਬੀਜੜ ਫ਼ਸਲ ਦੀ ਕਟਾਈ ਜ਼ਿਆਦਾ ਸਰਦੀ ਵਿਚ ਕਰਾਂਗੇ ਤਾਂ ਫੁਟਾਰਾ ਘੱਟ ਹੋਵੇਗਾ ਅਤੇ ਜੇਕਰ ਜ਼ਿਆਦਾ ਗਰਮੀ ਵਿਚ ਕਰਾਂਗੇ ਤਾਂ ਜ਼ਿਆਦਾ ਗਰਮੀ ਕਾਰਨ ਨਵੀਂਆਂ, ਉੱਗੀਆਂ ਅਤੇ ਵੱਢ ਸੁੱਕ ਜਾਦੇ ਹਨ। ਇਸ ਲਈ 5 ਦਸੰਬਰ ਤੋਂ ਪਹਿਲਾਂ ਅਤੇ 15 ਜਨਵਰੀ ਤੋਂ ਬਾਅਦ ਕੱਟੀ ਹੋਈ ਬੀਜੜ ਫ਼ਸਲ ਚੰਗੀ ਮੂਢੀ ਫ਼ਸਲ ਦਿੰਦੀ ਹੈ। ਇਸ ਤੋਂ ਇਲਾਵਾ ਚੰਗੀ ਮੂਢੀ ਫ਼ਸਲ ਲੈਣ ਲਈ ਬੀਜੜ ਫ਼ਸਲ ਦੀ ਕਟਾਈ ਇਕ ਹਫ਼ਤੇ ਦੇ ਅੰਦਰ-ਅੰਦਰ ਕਰ ਲੈਣੀ ਚਾਹੀਦੀ ਹੈ। ਅੱਸੂ ਰੁੱਤੇ ਬੀਜੀ ਗੰਨੇ ਦੀ ਫ਼ਸਲ ਵੀ,ਫਰਵਰੀ-ਮਾਰਚ ਮਹੀਨੇ ਬੀਜੀ ਫ਼ਸਲ ਦੇ ਮੁਕਾਬਲੇ ਚੰਗੀ ਮੂਢੀ ਫ਼ਸਲ ਦੇ ਸਕਦੀ ਹੈ। ਕਟਾਈ ਉਪਰੰਤ ਮੁੱਢਾਂ ਉੱਪਰ ਕਾਰਬੈਂਡਾਜ਼ਿਮ ਇਕ ਗ੍ਰਾਮ ਪ੍ਰਤੀ ਲਿਟਰ ਪਾਣੀ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। -0-

**ਸਿਹਤ ਸੰਭਾਲ**

# ਮਾਨਸਿਕ ਸਿਹਤ ਸਬੰਧੀ ਸੁਚੇਤ ਹੋਣ ਦੀ ਲੋੜ

**ਡਾ. ਪ੍ਰਭਦੀਪ ਸਿੰਘ ਚਾਵਲਾ # 98146-56257**

**ਤੁਹਾਨੂੰ ਸਰੀਰਕ ਤੌਰ ’ਤੇ ਤੰਦਰੁਸਤ ਰੱਖਣ ਤੋਂ ਇਲਾਵਾ, ਚੰਗਾ ਪੋਸ਼ਣ ਤੁਹਾਡੀ ਮਾਨਸਿਕ ਸਥਿਤੀ ਨੂੰ ਬਿਹਤਰ ਸਥਿਤੀ ਵਿੱਚ ਰੱਖਣ ਵਿੱਚ ਵੀ ਸਹਾਇਤਾ ਕਰਦਾ ਹੈ। ਇੱਕ ਸੰਤੁਲਿਤ ਖੁਰਾਕ ਚਿੰਤਾ ਅਤੇ ਤਣਾਅ ਨੂੰ ਘਟਾ ਸਕਦੀ ਹੈ, ਇਸ ਤੋਂ ਇਲਾਵਾ ਕੁਝ ਖਾਸ ਪੋਸ਼ਟਿਕ ਤੱਤਾਂ ਦਾ ਸੇਵਨ ਕਰਨ ਨਾਲ ਕੁਝ ਮਾਨਸਿਕ ਵਿਗਾੜ ਤੋਂ ਦੂਰੀ ਬਣਾਈ ਜਾ ਸਕਦੀ ਹੈ। ਦਿਮਾਗ ਅਤੇ ਸਰੀਰ ਨੂੰ ਬਿਹਤਰ ਰੱਖਣ ਵਿੱਚ ਵੱਖ-ਵੱਖ ਯੋਗ ਆਸਨ ਸਹਾਈ ਹਨ। ਮਾਨਸਿਕ ਮਾਹਿਰ ਅਤੇ ਮੈਡੀਕਲ ਵਿਗਿਆਨੀ ਵੀ ਇਨ੍ਹਾਂ ਪ੍ਰਕਿਰਿਆਵਾਂ ਨੂੰ ਅਮਲ ’ਚ ਲਿਆਉਣ ਲਈ ਲੋਕਾਂ ਨੂੰ ਸਲਾਹ ਦਿੰਦੇ ਹਨ। ਸੰਤੁਸ਼ਟ ਰਹੋ, ਖੁਸ਼ ਰਹੋ ਅਤੇ ਦੂਜਿਆਂ ਨੂੰ ਦੇਖ ਈਰਖਾ ਦੀ ਭਾਵਨਾ ਤੋਂ ਬਚੋ।**

ਮਾਨਸਿਕ ਸਿਹਤ ’ਚ ਵਿਗਾੜ ਤੇ ਡਿਪਰੈਸ਼ਨ ਕਾਰਨ ਕਈ ਲੋਕ ਖੁਦਕੁਸ਼ੀ ਦਾ ਰਸਤਾ ਚੁਣ ਰਹੇ ਹਨ। ਸਾਡੇ ਦੇਸ਼ ਵਿੱਚ ਮਨੋਰੋਗੀਆਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ, ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਮਾਨਸਿਕ ਰੋਗ ਕਿਸੇ ਵੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਮਾਨਸਿਕ ਸਿਹਤ ਸਾਡੀ ਜ਼ਿੰਦਗੀ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰ ਸਕਦੀ ਹੈ, ਅਸੀਂ ਕਿਵੇਂ ਸੋਚਦੇ ਹਾਂ, ਕਿਵੇਂ ਮਹਿਸੂਸ ਕਰਦੇ ਹਾਂ, ਜੀਵਨ ਕਿਵੇਂ ਜਿਉਣਾ ਹੈ ਅਤੇ ਜੀਵਨ ਦੀਆਂ ਸਮੱਸਿਆਵਾਂ ਨੂੰ ਕਿਵੇਂ ਹੱਲ ਕਰਨਾ ਹੈ। ਇਹ ਸਭ ਸਾਡੀ ਮਾਨਸਿਕ ਸਿਹਤ ਦੇ ਪੱਧਰ ਨੂੰ ਨਿਰਧਾਰਤ ਕਰਦੀਆਂ ਹਨ। ਸਾਡਾ ਭਾਵਨਾਤਮਕ ਸੰਤੁਲਨ, ਮਨੋਵਿਗਿਆਨਕ ਪੱਧਰ ਦੇ ਨਾਲ-ਨਾਲ ਸਮਾਜਿਕ ਤੰਦਰੁਸਤੀ ਵੀ ਸ਼ਾਮਲ ਹੁੰਦੀ ਹੈ, ਸਾਡੀ ਮਾਨਸਿਕ ਸਿਹਤ ਇਹ ਨਿਰਧਾਰਤ ਕਰਨ ਵਿੱਚ ਵੀ ਸਹਾਇਤਾ ਕਰਦੀ ਹੈ ਕਿ ਅਸੀਂ ਦਿਮਾਗੀ ਦਬਾਅ-ਤਣਾਅ ਨਾਲ ਕਿਵੇਂ ਨਜਿੱਠਦੇ ਹਾਂ ਅਤੇ ਜੀਵਨ ਵਿੱਚ ਸੰਤੁਲਨ ਕਿਵੇਂ ਬਣਾਈ ਰੱਖਦੇ ਹਾਂ। ਬਚਪਨ ਤੋਂ ਲੈ ਕੇ ਜਵਾਨੀ, ਜਵਾਨੀ ਤੋਂ ਬੁਢਾਪੇ ਤੱਕ ਜੀਵਨ ਦੇ ਹਰ ਪੜਾਅ ਵਿੱਚ ਮਾਨਸਿਕ ਸਿਹਤ ਮਹੱਤਵਪੂਰਨ ਹੈ।

**ਮਾਨਸਿਕ ਰੋਗ ਦੇ ਲੱਛਣ:-**

* ਰੋਗੀ ਅਸਲੀਅਤ ਅਤੇ ਕਲਪਨਾ ਵਿੱਚ ਫਰਕ ਨਹੀਂ ਕਰ ਪਾਉਂਦਾ। ਉਸ ਦੇ ਵਿਵਹਾਰ ’ਚ ਬਦਲਾਅ ਜਿਵੇਂ ਇਕੱਲੇ ਗੱਲਾਂ ਕਰਨਾ, ਸ਼ੱਕ ਕਰਨਾ, ਆਪਣਾ ਖਿਆਲ ਨਾ ਰੱਖਣਾ ਆਦਿ।

* ਰੋਗੀ ਇੱਕ ਜਾਂ ਇੱਕ ਤੋਂ ਵੱਧ ਪ੍ਰਕਾਰ ਦੇ ਸ਼ੱਕ ਦੇ ਰੋਗ ਵਿੱਚ ਘਿਰ ਜਾਂਦਾ ਹੈ। ਇਸ ਦੌਰਾਨ ਉਹ ਕਈ ਵਾਰ ਲੋਕਾਂ ਤੋਂ ਡਰਦਾ ਹੈ ਅਤੇ ਕਦੇ ਆਪਣੇ ਆਪ ਨੂੰ ਬਹੁਤ ਵੱਡਾ ਸਮਝਦਾ ਹੈ।

* ਮਨ ਦੀ ਉਦਾਸੀ, ਇੱਛਾ ਦਾ ਘਟਣਾ, ਮਨੋਵਿਸ਼ਵਾਸ ਦਾ ਘਟਨਾ, ਜਲਦੀ ਥੱਕਣਾ ਅਤੇ ਭੁੱਖ ਵਿੱਚ ਬਦਲਾਵ, ਪਛਤਾਵੇ ਦੇ ਵਿਚਾਰ ਅਤੇ ਆਤਮ ਹੱਤਿਆ ਕਰਨ ਬਾਰੇ ਵਿਚਾਰ ਜਾਂ ਕੋਸ਼ਿਸ਼ ਕਰਨਾ ਆਦਿ।

* ਯਾਦਾਸ਼ਤ ਘਟਣਾ, ਸਰੀਰ ਦੇ ਕਿਸੇ ਅੰਗ ਦੇ ਸਹੀ ਤਰ੍ਹਾਂ ਕੰਮ ਨਾ ਕਰਨਾ ਅਤੇ ਘਬਰਾਹਟ ਤੋਂ ਉਤਪੰਨ ਦੌਰੇ ਆਦਿ ਸ਼ਾਮਿਲ ਹਨ।


ਉਪਰ ਦੱਸੇ ਅਜਿਹੇ ਲੱਛਣ ਦੋ ਹਫ਼ਤੇ ਤੋਂ ਰਹਿਣ ਤਾਂ ਉਸ ਨੂੰ ਉਦਾਸੀ ਦਾ ਵਿਕਾਰ ਕਿਹਾ ਜਾਂਦਾ ਹੈ। ਵਾਰ-ਵਾਰ ਦਿਲ ਦੀ ਧੜਕਣ ਵਧਣਾ, ਤ੍ਰੇਲੀਆਂ ਆਉਣਾ, ਸਾਹ ਘੁਟਣਾ,

ਚੱਕਰ ਆਉਣੇ ਆਦਿ ਘਬਰਾਹਟ ਦੇ ਵਿਕਾਰ ਦੇ ਲੱਛਣ ਹਨ। ਠੀਕ ਹੋਣ ਦੇ ਬਾਵਜੂਦ ਰੋਗੀ ਵਾਰ-ਵਾਰ ਲੰਮੇ ਸਮੇਂ ਤੋਂ ਸਰੀਰ ਦੇ ਵੱਖਰੇ-ਵੱਖਰੇ ਹਿੱਸੇ ਵਿਚ ਦਰਦਾਂ ਦੀ ਸ਼ਿਕਾਇਤ ਕਰਦਾ ਹੈ। ਅਚਾਨਕ ਦਿਮਾਗ ਵਿੱਚ ਕੁੱਝ ਗੜਬੜ ਹੋਣ ਨਾਲ ਦੌਰੇ ਪੈਣੇ, ਜਿਸ ਦੌਰਾਨ ਮਰੀਜ਼ ਦਾ ਸੰਤੁਲਨ ਪੂਰੀ ਤਰ੍ਹਾਂ ਵਿਗੜ ਜਾਂਦਾ ਹੈ ਅਤੇ ਪੂਰਨ ਬੇਹੋਸ਼ੀ, ਅਚਾਨਕ ਡਿੱਗ ਜਾਣਾ ਅਤੇ ਝਟਕੇ ਲੱਗਣਾ ਆਦਿ ਮਾਨਸਿਕ ਰੋਗ ਦੇ ਮੁੱਖ ਲੱਛਣ ਹਨ।

ਬੱਚਿਆਂ ਵਿੱਚ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ:-

* ਬੱਚਿਆਂ ਵਿੱਚ 18 ਸਾਲ ਤੋਂ ਪਹਿਲਾਂ ਤੱਕ ਬੁੱਧੀ ਦਾ ਵਿਕਾਸ ਆਮ ਬੱਚਿਆਂ ਨਾਲੋਂ ਘੱਟ ਹੁੰਦਾ ਹੈ ਪਰ ਇਸ ਨੂੰ ਮਾਨਸਿਕ ਵਿਕਾਰ ਨਹੀਂ ਕਿਹਾ ਜਾ ਸਕਦਾ। ਬੱਚੇ ਦੀ ਬੁੱਧੀ ਦਾ ਵਿਕਾਸ ਆਮ ਬੱਚੇ ਵਾਂਗ ਸਾਧਾਰਨ ਹੈ ਪਰ ਸਿਰਫ ਪੜ੍ਹਨ ਤੇ ਹਿਸਾਬ ਲਿਖਣ ਵਿੱਚ ਜੋ ਕਮਜ਼ੋਰ ਹੁੰਦੇ ਹਨ, ਮਾਨਸਿਕ ਵਿਕਾਰ ਵਿੱਚ ਆਉਂਦੇ ਹਨ।

* ਪੰਜ ਸਾਲ ਤੱਕ ਦੇ ਬੱਚੇ, ਜੋ ਇਕ ਥਾਂ ਟਿੱਕ ਕੇ ਨਾ ਬੈਠਣ, ਬਗੈਰ ਕਿਸੇ ਕਾਰਨ ਉਛਲਦੇ ਰਹਿਣ ਅਤੇ ਚੀਜ਼ਾਂ ਨਾਲ ਛੇੜਛਾੜ ਕਰਦੇ ਰਹਿਣ, ਇਸ ਵਿਕਾਰ ਵਿੱਚ ਆਉਂਦੇ ਹਨ।




**ਮਾਨਸਿਕ ਰੋਗ ਦੇ ਕਾਰਨ:**

ਕਈ ਬੱਚੇ ਗਰਭ ਸਮੇਂ ਕਿਸੇ ਤਰ੍ਹਾਂ ਦੀ ਇਨਫੈਕਸ਼ਨ-ਅਪਰੇਸ਼ਨ ਵਿੱਚ ਮੁਸ਼ਕਿਲ ਆਦਿ ਕਾਰਨ ਇਸ ਰੋਗ ਦਾ ਸ਼ਿਕਾਰ ਹੋ ਜਾਂਦੇ ਹਨ। ਬੱਚੇ ਨੂੰ ਜ਼ਰੂਰਤ ਤੋਂ ਜ਼ਿਆਦਾ ਝਿੜਕਣਾ ਜਾਂ ਮਾਰਨ ਕੁੱਟਣ ਜਾਂ ਸਖ਼ਤ ਸਜ਼ਾ ਦੇਣ ਨਾਲ ਕਈ ਵਾਰ ਬੱਚਾ ਸਹਿਮ ਜਾਂਦਾ ਹੈ ਤੇ ਦਿਮਾਗੀ ਸੰਤੁਲਨ ਖੋਹ ਬੈਠਦਾ ਹੈ। ਦੂਜਿਆਂ ਸਾਹਮਣੇ ਕਿਸੇ ਵੱਲੋਂ ਬੱਚੇ ਨੂੰ ਨੀਵਾਂ ਦਿਖਾਉਣਾ, ਜਿਸ ਨਾਲ ਬੱਚਾ ਅੰਦਰੋਂ-ਅੰਦਰੀ ਮਾਨਸਿਕ ਚਿੰਤਾ ਦਾ ਸ਼ਿਕਾਰ ਹੋ ਜਾਂਦਾ ਹੈ। ਬੱਚੇ ਨੂੰ ਛੋਟੀ ਉਮਰ ਵਿੱਚ ਕਿਸੇ ਦੁਰਘਟਨਾ ਜਾਂ ਪਰਿਵਾਰਕ ਮੈਂਬਰ ਦੀ ਮੌਤ ਆਦਿ ਸਬੰਧੀ ਕੋਈ ਸਦਮਾ ਲੱਗਣ ਨਾਲ ਵੀ ਮਾਨਸਿਕ ਵਿਗਾੜ ਹੋ ਸਕਦਾ ਹੈ। ਅੱਜ-ਕੱਲ੍ਹ ਤਾਂ ਬੱਚੇ ਗਲਤ ਇਲੈਕਟ੍ਰਾਨਿਕ ਖੇਡਾਂ ਖੇਡਣ ਅਤੇ ਵੀਡੀਓ ਵੇਖਣ ਨਾਲ ਹੀ ਦਿਮਾਗੀ ਸੰਤੁਲਨ ਗਵਾ ਬੈਠਦੇ ਹਨ।

**ਮਾਨਸਿਕ ਰੋਗਾਂ ਦਾ ਇਲਾਜ:**

ਇਲਾਜ ਮਰੀਜ਼ ਦੀ ਮਾਨਸਿਕ ਅਵਸਥਾ 'ਤੇ ਨਿਰਭਰ ਕਰਦਾ ਹੈ। ਇਸ ਵਿੱਚ ਦਵਾਈਆਂ ਰਾਹੀਂ ਜਾਂ ਸਲਾਹ ਮਸ਼ਵਰੇ ਤੇ ਵਿਸਥਾਰ ਵਿੱਚ ਗੱਲਬਾਤ ਕਰਨਾ ਵੀ ਸ਼ਾਮਲ ਹੈ। ਮਾਨਸਿਕ ਰੋਗਾਂ ਦੇ ਇਲਾਜ ਲਈ ਸਰਕਾਰੀ ਹਸਪਤਾਲਾਂ ਵਿੱਚ ਮਨੋਰੋਗ ਮਾਹਿਰ ਅਤੇ ਕੌਂਸਲਰ ਦੀ ਸੁਵਿਧਾ ਉਪਲੱਬਧ ਹੈ ਅਤੇ ਲੋੜ ਪੈਣ 'ਤੇ ਮਰੀਜ਼ਾਂ ਨੂੰ ਦਾਖਲ ਕਰਨ ਦਾ ਪ੍ਰਬੰਧ ਵੀ ਹੈ। ਮਰੀਜ਼ ਦੇ ਪਰਿਵਾਰਕ ਮੈਂਬਰਾਂ ਨੂੰ ਮਰੀਜ਼ ਦੀ ਸਹੀ ਸਥਿਤੀ ਦੱਸਦਿਆਂ ਉਸ ਦੀ ਮਾਨਸਿਕਤਾ ਨੂੰ ਸਮਝਣ ਤੇ ਉਸ ਅਨੁਸਾਰ ਸਹੀ ਵਿਵਹਾਰ ਕਰਨ ਦੇ ਤਰੀਕੇ ਵੀ ਸਿਖਾਏ ਜਾਂਦੇ ਹਨ।

ਬਹੁਤ ਸਾਰੇ ਨੁਕਤੇ ਹਨ, ਜੋ ਆਪਣੀ ਮਾਨਸਿਕ ਸਿਹਤ ਨੂੰ ਬਿਹਤਰ ਬਣਾ ਸਕਦੇ ਹਨ। ਸਾਕਾਰਾਤਮਕ ਰਵੱਈਆ ਅਪਣਾਉਣਾ ਮਹੱਤਵਪੂਰਨ ਹੈ। ਨਾਕਾਰਾਤਮਕ ਭਾਵਨਾਵਾਂ ਜਿਵੇਂ ਨਿਰਾਸ਼ਾ, ਬੇਇੱਜ਼ਤੀ ਜਾਂ ਗੁੱਸੇ ਨੂੰ ਮਹਿਸੂਸ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਸਥਿਤੀ ਮੁਤਾਬਕ ਮੁਸ਼ਕਲ ਦਾ ਹੱਲ ਵੀ ਕੀਤਾ ਜਾ ਸਕੇ। ਜ਼ਿੰਦਗੀ ਵਿੱਚ ਚੰਗੀਆਂ ਚੀਜ਼ਾਂ ਅਤੇ ਮਦਦਗਾਰਾਂ, ਸਹਿਯੋਗੀਆਂ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਇਸ ਨਾਲ ਚੰਗੇ ਵਿਚਾਰ ਅਤੇ ਦੂਸਰਿਆਂ ਨਾਲ ਰਿਸ਼ਤੇ ਮਜ਼ਬੂਤ ਬਣਦੇ ਹਨ। ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ ਅਤੇ ਦੂਜਿਆਂ ਨਾਲ ਤਾਲਮੇਲ, ਨਿਰਭਰਤਾ ਅਤੇ ਸਹਿਯੋਗ ਦੀ ਭਾਵਨਾ ਨਾਲ ਭਾਈਚਾਰਕ ਸਾਂਝ, ਦੋਸਤੀ ਅਤੇ ਚੰਗੇ ਸਬੰਧ ਬਣੇ ਰਹਿੰਦੇ ਹਨ, ਜਿਸ ਨਾਲ ਜ਼ਿੰਦਗੀ ਖੁਸ਼ਹਾਲ ਰਹਿੰਦੀ ਹੈ। ਮਨ ਵਿੱਚ ਗੁੱਸਾ-ਗਿਲਾ ਅਤੇ ਕਿਸੇ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਨਤੀਜੇ ਵਜੋਂ ਮਾਨਸਿਕ ਸਿਹਤ ਤੰਦਰੁਸਤ ਰਹਿੰਦੀ ਹੈ।

ਮਾਨਸਿਕ ਸਿਹਤ ਦਾ ਸਿੱਧਾ ਸਬੰਧ ਜੀਵਨ ਦੀ ਗੁਣਵੱਤਾ ਨਾਲ ਹੈ, ਇਸ ਲਈ ਮਾਨਸਿਕ ਸਿਹਤ ਵੱਲ ਧਿਆਨ ਦੇਣਾ ਸਮੇਂ ਦੀ ਲੋੜ ਹੈ। ਮਾਨਸਿਕ ਸਿਹਤ ਵੀ ਮਹਿਜ਼ ਸਰੀਰਕ ਸਿਹਤ ਦੀ ਤਰ੍ਹਾਂ ਹੀ ਹੁੰਦੀ ਹੈ, ਜਿਸ ਦਾ ਧਿਆਨ ਰੱਖਣਾ ਵੀ ਉਨਾ ਹੀ ਜ਼ਰੂਰੀ ਹੈ। ਸਰੀਰਕ ਅਤੇ ਮਾਨਸਿਕ ਸਿਹਤ ਆਪਸ ਵਿੱਚ ਜੁੜੀ ਹੋਈ ਹੈ ਅਤੇ ਦੋਵਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਸਰੀਰ ਦੀ ਕਸਰਤ ਕਰਨੀ ਮਾਨਸਿਕ ਪ੍ਰੇਸ਼ਾਨੀ, ਚਿੰਤਾ-ਤਣਾਅ ਅਤੇ ਉਦਾਸੀ ਦੀਆਂ ਭਾਵਨਾਵਾਂ ਨੂੰ ਕਾਫੀ ਹੱਦ ਤੱਕ ਘਟਾ ਸਕਦੀ ਹੈ ਅਤੇ ਤੁਹਾਡੇ ਸੁਭਾਅ 'ਚ ਸੁਧਾਰ ਹੋ ਸਕਦਾ ਹੈ। ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ, ਸਰੀਰ ਨੂੰ ਪਸੀਨਾ ਆਉਂਦਾ ਹੈ ਤੇ ਲਹੂ ਚੱਕਰ ਸਹੀ ਹੋ ਜਾਂਦਾ ਹੈ। ਵਾਧੂ ਕੈਲੋਰੀਆਂ ਸੜਦੀਆਂ ਹਨ, ਚਰਬੀ ਘਟਦੀ ਹੈ, ਜਿਸ ਨਾਲ ਕੋਲੈਸਟ੍ਰੋਲ ਦੀ ਕੋਈ ਸਮੱਸਿਆ ਨਹੀਂ ਹੁੰਦੀ, ਭਾਰ ਸੰਤੁਲਿਤ ਰਹਿੰਦਾ ਹੈ, ਸਰੀਰ ਅਤੇ ਦਿਮਾਗ ਨੂੰ ਤਰੋ-ਤਾਜ਼ਾ ਰੱਖਣ ਲਈ ਸਰੀਰਕ ਗਤੀਵਿਧੀਆਂ ਜ਼ਰੂਰੀ ਹਨ। ਦਿਲ ਅਤੇ ਦਿਮਾਗ ਤੰਦਰੁਸਤ ਰਹਿੰਦੇ ਹਨ, ਪਾਚਣ ਕਿਰਿਆ ਠੀਕ ਰਹਿੰਦੀ ਹੈ ਅਤੇ ਸਰੀਰਕ ਇਮਿਊਨਿਟੀ ਮਜ਼ਬੂਤ ਬਣੀ ਰਹਿੰਦੀ ਹੈ, ਸਰੀਰ ਅਰੋਗ ਰਹਿੰਦਾ ਹੈ।

ਨੀਂਦ ਤੁਹਾਡੇ ਸੁਭਾਅ ਨੂੰ ਪ੍ਰਭਾਵਿਤ ਕਰਦੀ ਹੈ, ਜੇ ਚੰਗੀ ਨੀਂਦ ਨਹੀਂ ਆਉਂਦੀ ਤਾਂ ਤੁਸੀਂ ਚਿੜਚਿੜੇ ਅਤੇ ਗੁੱਸੇ ਵਿੱਚ ਵਧੇਰੇ ਆਸਾਨੀ ਨਾਲ ਆ ਸਕਦੇ ਹੋ। ਜੇ ਕਾਫੀ ਲੰਮੇ ਸਮੇਂ ਤੱਕ ਅਨੀਂਦਰਾ ਰਹੇ ਤਾਂ ਮਾਨਸਿਕ ਸਿਹਤ ਖਰਾਬ ਹੋ ਸਕਦੀ ਹੈ। ਡਿਪਰੈਸ਼ਨ ਦਾ ਡਰ ਬਣ ਸਕਦਾ ਹੈ, ਇਸ ਲਈ ਇਹ ਕੋਸ਼ਿਸ਼ ਕਰੋ ਕਿ ਤੁਸੀਂ ਨਿਯਮਿਤ ਤੌਰ 'ਤੇ ਹਰ ਰੋਜ਼ ਰਾਤ ਨੂੰ 6 ਤੋਂ 8 ਘੰਟਿਆਂ ਦੀ ਨੀਂਦ ਲਓ।

ਤੁਹਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰੱਖਣ ਤੋਂ ਇਲਾਵਾ, ਚੰਗਾ ਪੋਸ਼ਣ ਤੁਹਾਡੀ ਮਾਨਸਿਕ ਸਥਿਤੀ ਨੂੰ ਬਿਹਤਰ ਸਥਿਤੀ ਵਿੱਚ ਰੱਖਣ ਵਿੱਚ ਵੀ ਸਹਾਇਤਾ ਕਰਦਾ ਹੈ। ਇੱਕ ਸੰਤੁਲਿਤ ਖੁਰਾਕ ਚਿੰਤਾ ਅਤੇ ਤਣਾਅ ਨੂੰ ਘਟਾ ਸਕਦੀ ਹੈ, ਇਸ ਤੋਂ ਇਲਾਵਾ ਕੁਝ ਖਾਸ ਪੋਸ਼ਟਿਕ ਤੱਤਾਂ ਦਾ ਸੇਵਨ ਕਰਨ ਨਾਲ ਕੁਝ ਮਾਨਸਿਕ ਵਿਗਾੜ ਤੋਂ ਦੂਰੀ ਬਣਾਈ ਜਾ ਸਕਦੀ ਹੈ। ਦਿਮਾਗ ਅਤੇ ਸਰੀਰ ਨੂੰ ਬਿਹਤਰ ਰੱਖਣ ਵਿੱਚ ਵੱਖ-ਵੱਖ ਯੋਗ ਆਸਨ ਸਹਾਈ ਹਨ। ਮਾਨਸਿਕ ਮਾਹਿਰ ਅਤੇ ਮੈਡੀਕਲ ਵਿਗਿਆਨੀ ਵੀ ਇਨ੍ਹਾਂ ਪ੍ਰਕਿਰਿਆਵਾਂ ਨੂੰ ਅਮਲ 'ਚ ਲਿਆਉਣ ਲਈ ਲੋਕਾਂ ਨੂੰ ਸਲਾਹ ਦਿੰਦੇ ਹਨ। ਸੰਤੁਸ਼ਟ ਰਹੋ, ਖੁਸ਼ ਰਹੋ ਅਤੇ ਦੂਜਿਆਂ ਨੂੰ ਦੇਖ ਈਰਖਾ ਦੀ ਭਾਵਨਾ ਤੋਂ ਬਚੋ।

-0-

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**
ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਉਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 371:** ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372:** ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

-0-

## ਲਾੜੇ ਦੀ ਲੋੜ

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 361:** ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ ਅਗਸਤ 1998, ਕੱਦ 5'-1" ਪੜ੍ਹਾਈ B.Sc. (FD), PGDCA ਸਾਬਤ ਸੂਰਤ, ਨਸ਼ੇ ਰਹਿਤ ਯੋਗ ਵਰ ਦੀ ਲੋੜ ਹੈ। ਸੰਪਰਕ 98552-76125

-0-

# ਮਾਰਚ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਹੋਏ ਸਮਾਗਮਾਂ ਵਿੱਚ ਭਾਈ ਨਿਰਮਲ ਸਿੰਘ ਵਲੋਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ।

**ਮਾਲਵਾ:-**

**2. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਦੀ ਦੇਖ ਰੇਖ ਵਿੱਚ ਸਵੇਰ ਦੀ ਸਭਾ ਸਮੇਂ ਬੱਚੇ ਜਪੁਜੀ ਸਾਹਿਬ ਦਾ ਪਾਠ ਕਰਦੇ ਹਨ। ਬੱਚਿਆਂ ਨੂੰ ਸਕੂਲ ਵਿੱਚ ਨੈਤਿਕ ਕਦਰਾਂ-ਕੀਮਤਾਂ ਸਿਖਾਈਆਂ ਜਾਂਦੀਆਂ ਹਨ ਅਤੇ ਬੱਚੇ ਸਕੂਲ ਵਿੱਚ ਸਹਿਜ ਪਾਠ ਕਰਦੇ ਹਨ। ਬੱਚਿਆਂ ਨੂੰ ਗੁਰਮਤਿ ਪੜ੍ਹਾਉਣ ਦੇ ਨਾਲ ਨਾਲ ਗੁਰਮਤਿ ਮੁਕਾਬਲਿਆਂ ਲਈ ਵੀ ਤਿਆਰ ਕੀਤਾ ਜਾਂਦਾ ਹੈ। ਇਸ ਮਹੀਨੇ ਗੁਰੂ ਹਰਿ ਰਾਇ ਸਾਹਿਬ ਜੀ ਤੇ ਗੁਰੂ ਅਮਰਦਾਸ ਜੀ ਦੇ ਗੁਰਗੱਦੀ ਦਿਵਸ, ਹੋਲਾ ਮਹੱਲਾ, ਸ਼ਹੀਦੀ ਅਕਾਲੀ ਫੂਲਾ ਸਿੰਘ ਸੰਬੰਧੀ ਅਸੈਂਬਲੀ ਵਿੱਚ ਲੈਕਚਰ ਕੀਤੇ ਗਏ। ਹੋਲਾ ਮਹੱਲਾ ਦੇ ਸੰਬੰਧ ਵਿੱਚ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ। 58 ਬੱਚੇ ਸਹਿਜ ਪਾਠ ਕਰ ਰਹੇ ਹਨ, 18 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 9 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**3. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਹਰ ਰੋਜ ਬੱਚਿਆਂ ਵਲੋਂ ਸ਼ਾਮ ਦੇ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸ ਸਾਹਿਬ ਦਾ ਪਾਠ, ਅਰਦਾਸ, ਹੁਕਮਨਾਮਾ ਸਾਹਿਬ ਤੇ ਸੁਖਆਸਨ ਦੀ ਸੇਵਾ ਹੁੰਦੀ ਹੈ। ਬੱਚਿਆਂ ਨੂੰ ਗੁਰਬਾਣੀ ਦੇ ਨਾਲ ਨਾਲ ਖੇਡਾਂ ਨਾਲ ਵੀ ਜੋੜਿਆ ਜਾਂਦਾ ਹੈ।

**4. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਬੱਲਰਾਂ ਜ਼ਿਲ੍ਹਾ ਸੰਗਰੂਰ ਵਿਖੇ ਹਰ ਰੋਜ਼ ਸਵੇਰੇ ਅਤੇ ਸ਼ਾਮ ਦੇ ਦੀਵਾਨਾਂ ਦੀ ਹਾਜਰੀ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਪ੍ਰਕਾਸ਼, ਨਿਤਨੇਮ, ਅਰਦਾਸ, ਹੁਕਮਨਾਮਾ ਸਾਹਿਬ, ਰਹਿਰਾਸ ਸਾਹਿਬ ਤੇ ਸੁਖਆਸਣ ਦੀ ਸੇਵਾ ਕੀਤੀ ਜਾਂਦੀ ਹੈ। ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਕੀਰਤਨ ਅਤੇ ਦਸਤਾਰ ਦੀ ਸਿਖਲਾਈ ਦਿੱਤੀ ਜਾਂਦੀ ਹੈ।


**5. ਕੁਲਾਰ (98151-07941)-** ਪ੍ਰਚਾਰਕ ਭਾਈ ਸਤਿਨਾਮ ਸਿੰਘ ਵਲੋਂ ਕੇਂਦਰ ਦੇ ਗੁਰਦੁਆਰਾ ਗੁਰਮਤਿ ਪ੍ਰਕਾਸ਼ (ਕੁਲਾਰ) ਵਿਖੇ ਸਵੇਰੇ ਸ਼ਾਮ ਗੁਰਬਾਣੀ ਨਿਤਨੇਮ ਅਤੇ ਅੰਮ੍ਰਿਤ ਵੇਲੇ ਰੋਜਾਨਾ ਕਥਾ ਦੀ ਸੇਵਾ ਨਿਭਾਈ ਜਾਂਦੀ ਹੈ। ਕੇਂਦਰ ਵਿਖੇ ਗੁਰਮਤਿ ਗਿਆਨ ਮਿਸ਼ਨਰੀ ਕਾਲਜ (ਲੁਧਿਆਣਾ) ਵਲੋਂ ਕੈਪਟਨ ਅਵਤਾਰ ਸਿੰਘ ਦੇ ਸਹਿਯੋਗ ਨਾਲ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਤੇ ਪਿੰਡਾਂ ਦੇ ਬੱਚਿਆਂ ਨੇ ਦਸਤਾਰ ਮੁਕਾਬਲੇ, ਗੁਰਬਾਣੀ ਕੰਠ, ਕਵਿਤਾ, ਕਵੀਸ਼ਰੀ ਅਤੇ ਵੱਖ ਵੱਖ ਖੇਡਾਂ ਦੇ ਮੁਕਾਬਲਿਆਂ ਵਿੱਚ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਭਾਈ ਹਰਕੀਰਤ ਸਿੰਘ (ਕੁਲਾਰ) ਕੈਨੇਡਾ ਵਾਲਿਆਂ ਨੇ ਭਰਪੂਰ ਸਹਿਯੋਗ ਦਿੰਦੇ ਹੋਏ ਬੱਚਿਆਂ ਨੂੰ ਨਗਦ ਰਾਸ਼ੀ ਇਨਾਮ ਵਜੋਂ ਦਿੱਤੀ ਗਈ। ਇਸ ਮੌਕੇ ਤੇ ਕੇਂਦਰ ਦੇ ਪ੍ਰਚਾਰਕ ਵੀਰਾਂ ਨੇ ਜੱਜਮੈਂਟ ਦੀ ਸੇਵਾ ਨਿਭਾਈ।

**6. ਰਤਨਗੜ੍ਹ ਸਿੰਧੜਾ (95177-54531)-** ਪ੍ਰਚਾਰਕ ਭਾਈ ਲਵਪ੍ਰੀਤ ਸਿੰਘ ਵਲੋਂ 3 ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੇਂਦਰ ਦੇ ਵਿਦਿਆਰਥੀਆਂ ਨੇ ਗੁਰਮਤਿ ਮੁਕਾਬਲੇ ਵਿੱਚ ਹਿੱਸਾ ਲਿਆ, ਜਿਸ ਵਿੱਚ ਵਿਦਿਆਰਥੀਆਂ ਨੇ ਪੁਜੀਸ਼ਨਾਂ ਹਾਸਲ ਕੀਤੀਆਂ। ਗੁਰਮਤਿ ਕਲਾਸ ਵਿੱਚ ਬੱਚਿਆਂ ਨੂੰ ਸੁਖਮਨੀ ਸਾਹਿਬ ਦੀ ਸੰਥਿਆ ਅਤੇ ਵੱਡੇ ਬੱਚਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਸ਼ੁਰੂ ਕੀਤੀ ਗਈ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰਤਨਗੜ੍ਹ ਸਿੰਧੜਾ ਦੇ 18 ਮੈਂਬਰਾਂ ਨੇ ਸਹਿਜ ਪਾਠ ਆਰੰਭ ਕੀਤੇ ਹਨ। 3 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**7. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਗੁੱਜਰਵਾਲ ਵਲੋਂ 12 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਵਿਦਿਆਰਥੀਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। 5 ਪਿੰਡਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। ਪਿੰਡ ਜਾਂਗਪੁਰ ਅਤੇ ਮੁੱਲਾਂਪੁਰ ਵਿਖੇ ਗੁਰਮਤਿ ਕੈਂਪ ਲਗਾਏ ਗਏ। 3 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, 10 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ ਅਤੇ ਇੱਕ ਬੱਚੇ ਨੇ ਐਲੀਮੈਂਟਰੀ ਕੋਰਸ ਸ਼ੁਰੂ ਕੀਤਾ ਹੈ।

**8. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 5 ਸਕੂਲਾਂ ਵਿੱਚ ਤੇ 4 ਪਿੰਡਾਂ ਵਿੱਚ ਗੁਰਮਤਿ ਤੇ ਨੈਤਿਕ ਸਿੱਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। 8 ਮਾਰਚ ਨੂੰ ਪਿੰਡ ਕੁਲਾਰ (ਜਗਰਾਉ) ਵਿਖੇ ਕਰਵਾਏ ਗਏ ਗੁਰਮਤਿ ਮੁਕਾਬਲੇ ਅਤੇ ਖੇਡਾਂ ਵਿਚੋਂ ਕੇਂਦਰ ਲਤਾਲਾ ਦੇ 19 ਵਿਦਿਆਰਥੀਆਂ ਨੇ ਪੁਜੀਸ਼ਨਾਂ ਹਾਸਲ ਕੀਤੀਆਂ। ਜੱਜਮੈਂਟ ਦੀ ਸੇਵਾ ਨਿਭਾਈ ਗਈ ਅਤੇ ਪ੍ਰਬੰਧਕਾਂ ਵਲੋਂ ਸਨਮਾਨਿਤ ਕੀਤਾ ਗਿਆ। ਕੇਂਦਰ ਲਤਾਲਾ ਦੇ ਵੱਖ-ਵੱਖ ਸਕੂਲਾਂ ਵਿੱਚ ਗੁਰਬਾਣੀ ਸਟੀਕ ਦੀਆਂ ਕਿਤਾਬਾਂ ਵੰਡੀਆਂ ਗਈਆਂ। 25 ਮਾਰਚ ਨੂੰ ਪਿੰਡ ਭੈਣੀ ਬੜਿੰਗਾਂ ਵਿਖੇ ਦਸਤਾਰ ਮੁਕਾਬਲੇ, ਗੁਰਬਾਣੀ ਕੰਠ ਅਤੇ ਕਵੀਸ਼ਰੀ ਮੁਕਾਬਲੇ ਕਰਵਾਏ ਗਏ, ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਜੱਜਮੈਂਟ ਦੀ ਸੇਵਾ ਨਿਭਾਈ ਗਈ। 29 ਮਾਰਚ ਨੂੰ ਗੁੱਜਰਵਾਲ ਗੁਰੂਸਰ ਜੋੜ ਮੇਲੇ ਦੌਰਾਨ ਕਿਤਾਬਾਂ ਦੀ ਸਟਾਲ ਲਗਾਈ ਗਈ, ਫ੍ਰੀ ਲਿਟਰੇਚਰ ਵੰਡਿਆ ਗਿਆ। ਪਬਲਿਕ ਲਾਇਬ੍ਰੇਰੀ ਕਾਲਖ ਵਿਖੇ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਸਵਾਲ-ਜਵਾਬ ਮੁਕਾਬਲੇ ਕਰਵਾਏ ਗਏ। 4 ਬੱਚੇ ਸਹਿਜ ਪਾਠ ਕਰ ਰਹੇ ਹਨ।

**9. ਬੁਗਰਾ (70097-82466)-** ਪ੍ਰਚਾਰਕ ਭਾਈ ਅੰਮ੍ਰਿਤਪਾਲ ਸਿੰਘ ਵਲੋਂ 14 ਮਾਰਚ ਨੂੰ ਅੰਮ੍ਰਿਤ ਵੇਲੇ ਦੇ ਦੀਵਾਨਾਂ ਵਿੱਚ ਗੁਰਮਤਿ ਵਿਚਾਰਾਂ ਕੀਤੀਆਂ ਗਈਆਂ। ਹੋਲੇ ਮਹੱਲੇ ਦੇ ਇਤਿਹਾਸ ਤੇ ਸੰਗਤ ਨਾਲ ਵਿਚਾਰਾਂ ਦੀ ਸਾਂਝ ਪਾਈ ਗਈ। 25 ਤਾਰੀਕ ਨੂੰ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਹੋਏ ਸਮਾਗਮ ਵਿੱਚ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਈ ਗਈ। 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।



**ਦੁਆਬਾ**

**10. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ 5 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਬਾਬਾ ਵਜੀਰ ਸਿੰਘ ਪਬਲਿਕ ਸਕੂਲ, ਜੈ ਭਾਰਤ ਮਾਡਲ ਸਕੂਲ ਸਮੁੰਦੜਾ ਅਤੇ ਖਾਲਸਾ ਪਬਲਿਕ ਸਕੂਲ ਔੜ ਵਿਖੇ ਹਫਤਾਵਾਰੀ ਕਲਾਸ ਲਗਾਈ ਜਾਂਦੀ ਹੈ। ਹਰ ਰੋਜ ਬੱਚਿਆਂ ਦੀ ਫ੍ਰੀ ਟਿਊਸ਼ਨ ਅਤੇ ਕੰਪਿਊਟਰ ਕਲਾਸ ਵੀ ਲਗਾਈ ਜਾਂਦੀ ਹੈ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ, ਇੱਕ ਬੱਚੇ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**11. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਸਵੇਰੇ ਨਿਤਨੇਮ ਤੇ ਲੜੀਵਾਰ ਕਥਾ ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ ਸਵੇਰੇ 11 ਤੋਂ 12.30 ਵਜੇ ਤੱਕ ਬੀਬੀਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਨੂੰ 7.30 ਵਜੇ ਤੋਂ 8.30 ਵਜੇ ਤੱਕ ਵੀਰਾਂ ਦੀ ਗੁਰਮਤਿ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 35 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**12. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ (ਸ਼ੰਕਰ) ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿਖਿਆ ਦੇ ਰਹੇ ਹਨ। ਕੇਂਦਰ ਵਿਖੇ ਗੁਰਮਤਿ ਦੀਆਂ ਕਲਾਸਾਂ ਦੇ ਨਾਲ ਨਾਲ ਬੱਚਿਆਂ ਦੀਆਂ ਕੀਰਤਨ ਕਲਾਸ ਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਕੇਂਦਰ ਵਿਖੇ ਹਰ ਰੋਜ ਗੁਰਬਾਣੀ ਵਿਚਾਰ ਵੀ ਕੀਤੀ ਜਾਂਦੀ ਹੈ। ਕੇਂਦਰ ਵਿਖੇ ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜਰੀ ਭਰਦੇ ਹਨ। 8 ਮਾਰਚ ਨੂੰ ਪਿੰਡ ਕੁਲਾਰ (ਜਗਰਾਉ) ਵਿਖੇ ਹੋਏ ਗੁਰਮਤਿ ਮੁਕਾਬਲੇ ਵਿੱਚ ਬੇਟੀ ਹਰਲੀਨ ਕੌਰ ਨੇ ਗੁਰਬਾਣੀ ਕੰਠ ਮੁਕਾਬਲੇ ਵਿਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। 25 ਮਾਰਚ ਨੂੰ ਪਿੰਡ ਪੁਆਂਦੜਾ ਵਿਖੇ ਮਿਸਲ ਸਤਲੁਜ ਸੰਸਥਾ ਵਲੋਂ ਕਰਵਾਏ ਗੁਰਮਤਿ ਸਮਾਗਮ ਵਿੱਚ ਭਾਈ ਸੁਬੇਗ ਸਿੰਘ ਜੀ ਤੇ ਭਾਈ ਸ਼ਾਹਬਾਜ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। 55 ਬੱਚੇ ਸਹਿਜ ਪਾਠ ਕਰ ਰਹੇ ਹਨ।

**13. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਸ਼ਾਮ ਨਿਤਨੇਮ ਅਤੇ ਕਥਾ-ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਰੋਜ ਬੱਚਿਆਂ



ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਹਰ ਵੀਰਵਾਰ ਨੂੰ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। ਭਗਤ ਰਵੀਦਾਸ ਜੀ ਅਤੇ ਹੋਲੇ ਮਹੱਲੇ ਨੂੰ ਸਮਰਪਿਤ ਵੱਖ-ਵੱਖ ਪਿੰਡਾਂ ਵਿੱਚ ਕਥਾ-ਵੀਚਾਰਾਂ ਕੀਤੀਆਂ ਗਈਆਂ।

**14. ਕਾਲੇਵਾਲ (79731-15345)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ਼ਹੀਦਾਂ ਸਿੰਘਾਂ ਵਿਖੇ ਰੋਜਾਨਾ ਸਵੇਰੇ ਸ਼ਾਮ ਨਿਤਨੇਮ ਕੀਤਾ ਜਾਂਦਾ ਹੈ ਅਤੇ ਸਵੇਰੇ ਕਥਾ ਕੀਤੀ ਜਾਂਦੀ ਹੈ। 2 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤਾ ਹੈ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**15. ਜਰਮਨ (00491631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**16. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 11 ਵਜੇ ਤੋਂ 12.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 2.30 ਵਜੇ ਤੋਂ 4.00 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਗੁਰਮਤਿ ਦੀ ਸਭਾ ਲਗਾਈ ਗਈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**17. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**18. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਦੀ ਸਿਖਲਾਈ ਅਤੇ ਗਤਕੇ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ।

**19. ਇੰਫਾਲ (ਮਨੀਪੁਰ)-** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ। -0-

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ ਅਦਾਰਾ 'ਗੁਰਮਤਿ ਵਿਰਸਾ'

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਬੁਗਰਾ ਵਿਖੇ ਬੱਚੇ ਸੋ ਦਰੁ ਰਹਿਰਾਸ ਸਾਹਿਬ ਦਾ ਪਾਠ ਕਰਦੇ ਹੋਏ।



ਕੇਂਦਰ ਬੁਗਰਾ ਵਿਖੇ ਖਾਲਸਾ ਸਾਜਨਾ ਦਿਵਸ ਮੌਕੇ ਸੰਗਤ ਵਲੋਂ 31 ਸਹਿਜ ਪਾਠਾਂ ਦੇ ਭੋਗ ਪਾਏ ਗਏ।



ਕੇਂਦਰ ਖਨਾਲ ਕਲਾਂ ਵਿਖੇ ਬੀਬੀਆਂ ਦੀ ਲੱਗ ਰਹੀ ਗੁਰਬਾਣੀ ਸੰਥਿਆ ਦੀ ਕਲਾਸ



ਪਿੰਡ ਬਦੇਸ਼ਾ ਕਲਾਂ ਵਿਖੇ ਬੱਚਿਆਂ ਦੀ ਲੱਗ ਰਹੀ ਗੁਰਮਤਿ ਕਲਾਸ



ਕੇਂਦਰ ਦੁਰਗ (ਛੱਤੀਸਗੜ੍ਹ) ਵਿਖੇ ਹੋਲੇ ਮਹੱਲੇ ਦੇ ਸੰਬੰਧ ਦੇ ਵਿੱਚ ਗੁਰਦੁਆਰਾ ਨਾਨਕ ਸਾਹਿਬ ਗੜ੍ਹ ਫੁੱਲਜਰ ਵਿਖੇ ਹੋਲਾ ਮਹੱਲਾ ਮਨਾਇਆ ਗਿਆ, ਜਿਸ ਵਿੱਚ ਗੱਤਕਾ ਅਖਾੜਾ ਦੇ ਬੱਚਿਆਂ ਵੱਲੋਂ ਸ਼ਸਤਰ ਵਿਦਿਆ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਕੁਸ਼ਤੀ, ਰੱਸਾ ਕੱਸੀ ਆਦਿ ਮੁਕਾਬਲੇ ਕਰਵਾਏ ਗਏ।



ਕੇਂਦਰ ਰਤਨਗੜ੍ਹ ਸਿੰਧੜਾ ਵਿਖੇ ਗੁਰਬਾਣੀ ਕਲਾਸ ਲਗਾਉਣ ਵਾਲੇ ਬੱਚੇ




ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਮੁਨਸ਼ੀਵਾਲਾ ਵਿਖੇ ਗੁਰਬਾਣੀ ਕਲਾਸ ਲਗਾਉਣ ਵਾਲੇ ਬੱਚੇ



ਕੇਂਦਰ ਰਤਨਗੜ੍ਹ ਸਿੰਧੜਾ ਦੇ ਪਿੰਡ ਜਨਾਲ ਵਿਖੇ ਗੁਰਬਾਣੀ ਕਲਾਸ ਲਗਾਉਣ ਵਾਲੇ ਬੱਚੇ

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਮਿਤੀ 30 ਮਾਰਚ 2025 ਨੂੰ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਵਿਖੇ ਲਗਾਏ ਗਏ ਫ੍ਰੀ ਮੈਡੀਕਲ ਕੈਂਪ ਦੀਆਂ ਝਲਕੀਆਂ







